ਜੱਟ ਵੱਢਿਆ ਬੋਹੜ ਦੀ ਛਾਵੇਂ

(ਨਾਵਲ)

ਸ਼ਿਵਚਰਨ ਜੱਗੀ 'ਕੁੱਸਾ'

jaggikussa@hotmail.com

ISBN-81-88738-33-6

ਤੀਜਾ ਐਡੀਸ਼ਨ : 2004

ਪ੍ਰਕਾਸ਼ਕ : ਸੰਜੀਵ

ਉਡਾਨ ਪਬਲੀਕੇਸ਼ਨਜ਼,

ਵਾਟਰ ਵਰਕਸ ਰੋਡ, ਮਾਨਸਾ-151505 ਪੰਜਾਬ

(ਫੋਨ : 01652-233087)

ਮੋਬਾਈਲ : 98148-09219

E-mail: udaan@ sancharnet.in

ਸਮਰਪਨ

ਪੰਜਾਬੀ ਦੇ ਮਸ਼ਹੂਰ ਗਾਇਕ

ਹਾਕਮ ਬਖਤੜੀ ਵਾਲੇ

ਨੂੰ

ਇਸ ਨਾਵਲ ਵਿਚ ਪ੍ਰਕਾਸ਼ਿਤ ਹੋਣ ਵਾਲੀਆਂ ਸਭ ਘਟਨਾਵਾਂ, ਨਾਂ ਅਤੇ ਥਾਵਾਂ ਖਿਆਲੀ ਹਨ। ਅਗਰ ਕੋਈ ਘਟਨਾ, ਨਾਂ ਜਾਂ ਥਾਂ ਕਿਤੇ ਮੇਲ ਖਾ ਜਾਵੇ ਤਾਂ ਲੇਖਕ ਅਤੇ ਪ੍ਰਕਾਸ਼ਕ ਜ਼ਿੰਮੇਵਾਰ ਨਹੀਂ! ਸ਼ਿਵਚਰਨ ਜੱਗੀ 'ਕੁੱਸਾ'

ਚਿਹਰਾ-ਮੁਹਰਾ

''ਜੱਟ ਵੱਢਿਆਂ ਬੋਹੜ ਦੀ ਛਾਵੇਂ'' ਨਾਂ ਪੜ੍ਹ ਕੇ ਹੀ ਪੰਜਾਬ ਦੇ ਪੇਂਡੂ ਸੱਭਿਆਚਾਰ ਦੀ ਤਸਵੀਰ ਅੱਖਾਂ ਅੱਗੋਂ ਲੰਘ ਜਾਂਦੀ ਹੈ। ਜਦੋਂ ਇਸ ਨਾਵਲ ਦੇ ਵਰਕੇ ਉਲੱਦਦੇ ਹਾਂ ਤਾਂ ਤਕਰੀਬਨ ਹਰ ਸਫੇ'ਚੋਂ ਪੰਜਾਬ ਦਾ ਅੱਖੜ ਖਾਵਕੂ ਜੀਵਨ ਝਲਕਦਾ ਹੈ।

ਇਸ ਪੁਸਤਕ ਦਾ ਲੇਖਕ ਵਿਦੇਸ਼ੀਂ ਬੈਠਾ ਹੈ, ਪਰ ਉਸ ਦੀ ਰੂਹ ਇੱਥੋਂ ਦੇ ਬੋਹੜਾਂ, ਖੂਹਾਂ ਅਤੇ ਖੇਤਾਂ ਵਿਚ ਭਟਕਦੀ ਫਿਰ ਰਹੀ ਮਹਿਸੂਸ ਹੁੰਦੀ ਹੈ। ਉਸਦਾ ਹਰ ਸਾਹ ਇੱਥੇ ਵਸਦੇ ਲੋਕਾਂ ਦੇ ਸਾਹ ਨਾਲ ਇੱਕ-ਮਿੱਕ ਹੋਇਆ ਜਾਪਦਾ ਹੈ।

ਇਸ ਨਾਵਲ ਦਾ ਨਾਇਕ ਬਿੱਲੂ ਸਿੱਧਾ ਸਾਧਾ, ਪੰਜਾਬੀ ਕਿਸਾਨ ਹੈ। ਉਸ ਦੀ ਪ੍ਰੇਮਿਕਾ 'ਮੀਤੀ' ਸਾਹਿਬਾਂ ਵਾਂਗ ਮਿਰਜ਼ੇ ਦਾ ਵੱਢਾਂਗਾ ਨਹੀਂ ਕਰਾਉਂਦੀ, ਸਗੋਂ ਖੁਦ ਪਿਆਰ ਦੇ ਰਸਤੇ ਵਿਚ ਆਈਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਹੱਥ ਵਿਚ ਤਲਵਾਰ ਫੜ ਕੇ ਨਿੱਤਰਦੀ ਹੈ। ਨਾ ਸਿਰਫ ਆਪਣੇ ਪ੍ਰੇਮ ਨੂੰ ਸੱਟਾਂ ਫੇਟਾਂ ਲਾਉਣ ਵਾਲੇ ਆਪਣੇ ਹੀ ਕਰੀਬੀਆਂ ਦਾ ਖ਼ਾਤਮਾ ਕਰਦੀ ਹੈ,

ਬਲਕਿ ਆਪਣੇ ਅਖੌਤੀ ਚਾਚੇ ਅਤੇ ਆਪਣੀ ਮਾਂ ਵਿਚਕਾਰ ਨਾਜਾਇਜ਼ ਸਬੰਧਾਂ ਨੂੰ ਬਰਦਾਸ਼ਤ ਨਾ ਕਰਦੀ ਹੋਈ, ਉਨ੍ਹਾਂ ਦਾ ਵੀ ਖਾਤਮਾ ਕਰ ਦਿੰਦੀ ਹੈ।

ਇਸ ਨਾਵਲ ਵਿਚ ਅੱਜ ਦੇ ਭਰਿਸ਼ਟ ਹੋ ਰਹੇ ਜਨ-ਜੀਵਨ ਦਾ ਵੀ ਉਲੇਖ ਬੜੀ ਖ਼ੂਬੀ ਨਾਲ ਕੀਤਾ ਗਿਆ ਹੈ। ਪੁਲੀਸ ਦੀਆਂ ਜ਼ਿਆਦਤੀਆਂ, ਰਿਸ਼ਵਤਖੋਰੀ ਨੂੰ ਦਰਸਾ ਕੇ ਲੇਖਕ ਨੇ ਇਸ ਪਾਸੇ ਵੀ ਸੁਚੇਤ ਹੋਣ ਦਾ ਬੜਾ ਤਕੜਾ ਸਬੂਤ ਦਿੱਤਾ ਹੈ।

ਨਾਵਲ ਦੀ ਬੋਲੀ ਖਰ੍ਹਵੀਂ ਪੇਂਡੂ ਬੋਲੀ ਹੈ ਅਤੇ ਕਈ ਥਾਵਾਂ ਤੇ ਪਾਤਰਾਂ ਮੂੰਹੋਂ ਨਿਕਲੇ ਸ਼ਬਦ ਹਸਾ-ਹਸਾ ਕੇ ਵੱਖੀਆਂ ਤੁੜਾ ਦਿੰਦੇ ਹਨ। ''ਜ਼ਰ, ਜ਼ੋਰੂ, ਜ਼ਮੀਨ ਹੀ ਸਾਰੇ ਪੁਆੜੇ ਦੀ ਜੜ੍ਹ ਹਨ।'' ਇਸ ਕਥਨ ਦੇ ਦੁਆਲੇ ਘੁੰਮਦੀ ਹੋਈ ਇਹ ਰਚਨਾ ਨਿਰਸੰਦੇਹ ਇਕ ਸਫ਼ਲ ਰਚਨਾ ਹੈ।

ਅਸੀਂ ਆਸ ਕਰਦੇ ਹਾਂ ਕਿ ਪਾਠਕ ਇਸ ਰਚਨਾ ਨੂੰ ਉਤਸ਼ਾਹਿਤ ਕਰ ਕੇ ਭਰਵਾਂ ਹੁੰਗਾਰਾ ਦੇਣਗੇ ਅਤੇ ਨਾਲ ਹੀ ਇਹ ਆਸ ਵੀ ਕਰਦੇ ਹਾਂ ਕਿ ਸ਼ਿਵਚਰਨ ਜੱਗੀ 'ਕੁੱਸਾ' ਦੀ ਅਗਲੀ ਲਿਖਤ ਇਸ ਤੋਂ ਵਧ ਕੇ, ਨਿੱਖਰਵੀਂ, ਦਿਲਚਸਪ ਅਤੇ ਪਾਠਕਾਂ ਦੇ ਦਿਲ ਵਿਚ ਘਰ ਕਰ ਜਾਣ ਵਾਲੀ ਹੋਵੇਗੀ।

ਸੁਰਪਤ ਸਿੰਘ 'ਸੇਵਕ'

ਜਲੰਧਰ

ਜੱਟ ਵੱਢਿਆ ਬੋਹੜ ਦੀ ਛਾਵੇਂ

(ਨਾਵਲ)

ਸ਼ਿਵਚਰਨ ਜੱਗੀ ਕੁੱਸਾ

jaggikussa@hotmail.com

ਜੱਟ ਵੱਢਿਆ ਬੋਹੜ ਦੀ ਛਾਵੇਂ
ਕਿਸ਼ਤ ਪਹਿਲੀ

''ਜੱਟ ਵੱਢਿਆ ਬੋਹੜ ਦੀ ਛਾਵੇਂ.
ਨੌਂ ਮਣ ਰੇਤ ਭਿੱਜ ਗਈ ।''

ਬਿੱਲੂ ਨੇ ਅੱਠਵੀਂ ਕਲਾਸ ਤੋਂ ਬਾਅਦ ਅੱਗੇ ਪੜ੍ਹਨ ਦੀ ਜ਼ਿੱਦ ਕੀਤੀ। ਪਿੰਡ ਦੇ ਨੇੜੇ ਤੇੜੇ ਕੋਈ ਹਾਈ ਸਕੂਲ ਨਹੀਂ ਸੀ। ਹਾਈ ਸਕੂਲ ਸ਼ਹਿਰ ਵਿਚ ਸੀ, ਜੋ ਪਿੰਡ ਤੋਂ ਬਾਈ ਕਿਲੋਮੀਟਰ ਦੂਰ ਸੀ। ਇਸ ਲਈ ਸੁਬਾਹ-ਸ਼ਾਮ ਆਉਣਾ ਜਾਣਾ ਬਹੁਤ ਮੁਸ਼ਕਿਲ ਸੀ। ਮਾਂ-ਬਾਪ ਨੇ ਬਥੇਰਾ ਸਮਝਾਇਆ ਪਰ ਬਿੱਲੂ ਨੇ ਲੱਤ ਨਾ ਲਾਈ। ਉਸ ਦੀ ਹਿੰਡ ਭੈੜ੍ਹੀ ਸੀ। ਉਹ ਤਾਂ ਬੱਸ ਇਕੋ ਹੀ ਰਟ ਲਾਈ ਜਾ ਰਿਹਾ ਸੀ, ''ਮੈਨੀਂਗਾ, ਮੈਂ ਤਾਂ ਅੱਗੇ ਪੜ੍ਹਨੈ-ਮੈਨੂੰ ਨਹੀਂ ਪਤਾ...!'' ਉਸ ਨੂੰ ਪੜ੍ਹਨ ਦਾ ਸ਼ੌਕ ਸੀ।

ਅਖੀਰ ਬਿੱਲੂ ਦੀ ਹਿੰਡ ਦੇਖ ਕੇ ਮਾਂ-ਬਾਪ ਨੇ ਉਸ ਦੇ ਮਾਮੇ ਨਾਹਰ ਸਿੰਘ ਨੂੰ ਇਕ ਚਿੱਠੀ ਲਿਖੀ। ਚਿੱਠੀ ਪੜ੍ਹਨਸਾਰ ਹੀ ਨਾਹਰ ਸਿੰਘ ਬਿੱਲੂ ਕੇ ਪਿੰਡ ਆ ਗਿਆ।

''ਬਾਈ, ਤੇਰਾ ਭਾਣਜਾ ਤਾਂ ਕਹਿੰਦਾ ਐ, ਮੈਂ ਅੱਗੇ ਪੜ੍ਹਨੈ।'' ਮਾਂ ਨੇ ਚਾਹ ਪੀਣ ਤੋਂ ਬਾਅਦ ਗੱਲ ਤੋਰੀ।

''ਇਹਦੀ ਮਰਜੀ ਐ, ਭਾਈ।'' ਮਾਮੇ ਨਾਹਰ ਸਿੰਘ ਨੇ ਸੰਖੇਪ ਜਿਹਾ ਉੱਤਰ ਦਿੱਤਾ।

''ਅਸੀਂ ਤਾਂ ਬਥੇਰਾ ਕਿਹਾ-ਪਰ ਸਹੁਰੇ ਦੀ ਬਾਂਦਰ ਆਲੀ ਹਿੰਡ ਐ।''

''ਬਈ ਭਲਿਆ ਮਾਣਸਾ, ਪੜ੍ਹ ਕੇ ਕਿਹੜਾ ਤੂੰ ਐਲਸਪੈਲਟਰ ਲੱਗ ਜਾਵੇਂਗਾ? ਬਲਦਾਂ ਦੀਆਂ ਪੂਛਾਂ ਈ ਮਰੋੜਨੀਐਂ, ਜਦੋਂ ਮਰਜੀ ਐ ਮਰੋੜ ਲਈਂ, ਅੱਗੋਂ ਕੀ ਪਿੱਛੋਂ ਕੀ...?'' ਬਾਪੂ ਨੇ ਹੱਸ ਕੇ ਕਿਹਾ।

''ਆਖਰ ਪੁੱਤ ਬਸੰਤਿਆਂ, ਤੂੰ ਹੱਟੀ ਬਹਿਣਾਂ।'' ਬਲਦਾਂ ਨੂੰ ਪੱਠੇ ਪਾਉਂਦਾ ਸੀਰੀ ਵਿਚ ਦੀ ਬੋਲਿਆ।

''ਲੈ ਮਰੋੜਨੀਐਂ ਪੂਛਾਂ ਨਾਲੇ ਹੋਰ ਕੁਛ...! ਮੈਂ ਤਾਂ ਪੜ੍ਹਕੇ ਕਿਸੇ ਚੰਗੀ ਨੌਕਰੀ ਤੇ ਲੱਗੂੰਗਾ।'' ਬਿੱਲੂ ਜਿੰਨ ਵਾਂਗ ਟੱਪਿਆ। ਉਹ ਵਾਰ-ਵਾਰ ਮੋਢੇ ਮਾਰਦਾ ਸੀ।

''ਆਹ, ਲੱਗੂਗਾ ਇਹ ਨੌਕਰੀ ਤੇ! ਨੌਕਰੀਆਂ ਸਹੁਰੀਆਂ ਕਿਤੇ ਧਰੀਆਂ ਪਈਐਂ?'' ਬਾਪੂ ਭੇਤੀ ਲੱਗਦਾ ਸੀ।

''ਨੌਕਰੀ ਤੇ ਕੀ ਕੰਜਰਾਂ ਤੈਨੂੰ ਠਾਣੇਦਾਰ ਬਣਾ ਦੇਣਗੇ...?'' ਮਾਮਾ ਬੋਲਿਆ।

''ਆਹ ਪੰਡਤਾਂ ਦਾ ਦੇਵ ਸਾਰੇ ਪਿੰਡ ਜਿੰਨਾਂ 'ਕੱਲਾਂ ਈ ਪੜ੍ਹ ਗਿਆ-ਔਹ ਫਿਰਦੈ ਡੱਕ-ਡੱਕ ਵੱਜਦਾ।'' ਮਾਂ ਨੇ ਤੜ੍ਹ ਪਾਈ। ਉਹ ਕਦੋਂ ਦੀ ਕੁਝ ਕਹਿਣ ਲਈ ਕਮਰਕੱਸਾ ਕਸੀ ਬੈਠੀ ਸੀ।

''ਉਹ ਤਾਂ 'ਮਰੀਕਾ ਜਾ ਰਿਹੈ...!'' ਬਿੱਲੂ ਫਿਰ ਬੁੱਕਿਆ।

''ਆਹ, ਜਾ ਰਿਹੈ 'ਮਰੀਕਾ ਨਾਲੇ ਹੋਰ ਕੁਝ...? ਜਗਰਾਮਾਂ ਸਹੁਰੇ ਨੇ ਕਦੇ ਦੇਖੀ ਨ੍ਹੀਂ...।''

''ਮੈਨੂੰ ਨਹੀਂ ਪਤਾ, ਮੈਂ ਤਾਂ ਪੜ੍ਹਨੈ।'' ਬਿੱਲੂ ਨੇ ਆਖਰੀ ਫੈਸਲਾ ਸੁਣਾ ਦਿੱਤਾ।

''ਤੂੰ ਮੈਥੋਂ ਲਿਵਤਰੇ ਨਾ ਖਾ ਲਈ ਉਏ...!'' ਬਾਪੂ ਪੁਰਾਣੇ ਇੰਜਣ ਵਾਂਗ ਭਖ਼ ਉੱਠਿਆ ਪਰ ਨਾਹਰ ਸਿੰਘ ਨੇ ਫੜ ਲਿਆ। ਲਾਹੀ ਧੌੜੀ ਦੀ ਜੁੱਤੀ ਫੜ ਕੇ ਪਰ੍ਹਾਂ ਸੁੱਟ ਦਿੱਤੀ।

ਸਾਰਿਆਂ ਨੇ ਕਾਫੀ ਮਗਜ਼ ਖਪਾਈ ਕੀਤੀ। ਪਰ ਬਿੱਲੂ ਆਪਣੇ ਸਿਦਕ ਤੇ ਪੱਕਾ ਸੀ। ਅਖੀਰ ਉਨ੍ਹਾਂ ਸਲਾਹ ਕਰਕੇ ਬਿੱਲੂ ਨੂੰ ਉਸ ਦੇ ਮਾਮੇ ਨਾਹਰ ਸਿੰਘ ਨਾਲ ਤੋਰ ਦਿੱਤਾ। ਬਿੱਲੂ ਦੇ ਨਾਨਕਿਆਂ ਦੇ ਨੇੜਲੇ ਪਿੰਡ ਵਿਚ ਇਕ ਹਾਈ ਸਕੂਲ ਸੀ, ਜਿੱਥੇ ਆਉਣਾ ਜਾਣਾ ਕੋਈ ਔਖਾ ਨਹੀਂ ਸੀ। ਸਾਈਕਲ ਤੇ ਸਿਰਫ ਦਸਾਂ ਮਿੰਟਾਂ ਦੀ ਵਾਟ ਸੀ।

ਬਿੱਲੂ ਨੂੰ ਉੱਥੇ ਦਾਖਲ ਕਰਵਾ ਦਿੱਤਾ। ਰਾਤ ਨੂੰ ਬਿੱਲੂ ਅੱਧੀ-ਅੱਧੀ ਰਾਤ ਤੱਕ ਪੜ੍ਹਦਾ ਅਤੇ ਦਿਨੇ ਸਕੂਲ ਚਲਾ ਜਾਂਦਾ। ਸ਼ਾਮ ਨੂੰ ਸਕੂਲੋਂ ਆ ਕੇ ਮਾਮੀ ਨਾਲ ਘਰ ਦਾ ਕੰਮ, ਚੱਕਣ-ਧਰਨ ਕਰਵਾ ਛੱਡਦਾ। ਫਿਰ ਰੋਟੀ ਖਾ ਕੇ ਉਹ ਮੁੰਡੇ-ਕੁੜੀਆਂ ਨਾਲ ਲੁਕਣਮੀਚੀ ਖੇਡਣ ਚਲਾ ਜਾਂਦਾ ਸੀ। ਸਾਰੇ ਬੱਚੇ ਹੀ ਬਿੱਲੂ ਦੀ 'ਆਉ ਭਗਤ' ਕਰਦੇ ਸਨ। ਸੱਥ ਵਿਚ ਬੈਠੇ ਬੁੱਢੇ ਉਸ ਨੂੰ ''ਸੁਣਾ ਬਈ ਭਾਣਜੇ...!'' ਕਹਿ ਕੇ ਬੁਲਾਉਂਦੇ ਸਨ। ਬੁੜ੍ਹੀਆਂ ਉਸ ਨੂੰ 'ਦੋਹਤਮਾਨ' ਆਖਦੀਆਂ। ਕਈ ਖੁੰਢਾਂ ਤੇ ਬੈਠੇ ਮਨਚਲੇ 'ਛੜੇ' ਉਸ ਨੂੰ ਠਰਕ ਭੋਰਨ ਲਈ ਪੁੱਛ ਲੈਂਦੇ, ''ਭਾਣਜੇ, ਤੇਰੀ ਮੋਟੀਆਂ ਅੱਖਾਂ ਆਲੀ ਭੂਆ ਕਿੱਥੇ ਵਿਆਹੀ ਐ?'' ਤਾਂ ਬਿੱਲੂ ਹੱਸਦਾ, ਸੰਗਦਾ ਜਿਹਾ ਜਵਾਬ ਦਿੰਦਾ, ''ਖੋਸਾ ਪਾਂਡੋ।''

''ਮਿਲ ਕੇ ਆਵਾਂਗੇ ਕਿਤੇ ਨਾਗ ਦੀ ਬੱਚੀ ਨੂੰ...ਹੁਣ ਤਾਂ ਪਤਾ ਨੀਂ, ਕੁਆਰੀ ਹੁੰਦੀ ਤਾਂ ਸਹੁਰੀ ਚਹੁੰਆਂ ਪਿੰਡਾਂ 'ਚ ਚਾਨਣ ਕਰਦੀ ਸੀ।'' ਕੋਈ 'ਖ਼ਿਰ-ਖ਼ਿਰ' ਕਰਕੇ ਹੱਸਦਾ ਤਾਂ ਬਿੱਲੂ ਦਾ ਮੂੰਹ ਲਾਲ ਹੋ ਜਾਂਦਾ।

''ਨਖ਼ਰਾ ਕਿਹੜਾ ਸਹੁਰੀ ਦਾ ਝੱਲਿਆ ਜਾਂਦਾ ਸੀ? ਮੋਢਿਆਂ 'ਤੋਂ ਦੀ ਥੁੱਕਦੀ ਫਿਰਦੀ ਹੁੰਦੀ ਸੀ!''

''ਮਾਰ ਫੜ੍ਹਕੇ, ਤੋਰ? ਰੱਬ ਤੇਰਾ ਭਲਾ ਕਰੇ! ਸਿੰਧ ਦੀ ਘੋੜੀ ਅਰਗੀ ਸੀ ਪੱਟ ਹੋਣੀ ਦੀ।''

''ਪੈਰਾਂ ਹੇਠੋਂ ਮਿੱਟੀ ਕੱਢਦੀ ਸੀ।'' ਬੋਘਾ ਨਸਵਾਰ ਦਾ ਚੂੰਢਾ ਚੜ੍ਹਾਉਂਦਾ ਆਖਦਾ।

''ਅਮਲੀਆ, ਸਹੁਰੀ ਨੂੰ ਰੱਬ ਨੇ ਰੰਗ-ਰੂਪ ਦੇਣ ਲੱਗੇ ਨੇ ਭੋਰਾ ਕਿਰਸ ਨਹੀਂ ਕੀਤੀ। ਸਾਡੇ ਵਾਰੀ ਪਤਾ ਨਹੀਂ ਸਾਲੇ ਨੂੰ ਕੀ ਮਰੋੜੇ ਲੱਗੇ ਵੇ ਸੀ...?'' ਭੁੱਜੜਾ ਚੰਗਿਆੜੇ ਵਾਂਗ ਮੱਚਦਾ। ਇਕ ਤਾਂ ਵਿਚਾਰਾ ਪਹਿਲਾਂ ਹੀ ਘਸਮੈਲਾ ਜਿਹਾ ਸੀ, ਦੂਜਾ ਕੱਸੀ ਦੇ ਪਾਣੀ ਦੀ ਲਿਸ਼ਕੋਰ ਪੈ ਕੇ ਉਸ ਦਾ ਮੂੰਹ ਵਿੰਗਾ ਹੋ ਗਿਆ ਸੀ। ਜਿਸ ਲਈ ਉਸ ਨੂੰ ਰੱਬ ਨਾਲ ਕਾਫੀ 'ਰੰਜ' ਸੀ।

''ਭਾਣਜੇ, ਕੋਈ ਨਿੱਕਾ ਨਿਆਣਾਂ ਵੀ ਹੈ ਕਰਮਾਂ ਆਲੀ ਕੋਲੇ ਕਿ ਨਹੀਂ?'' ਕੜਬਚੱਬ ਪੁੱਛਦਾ।

''ਕਿਉਂ ਤੂੰ ਸਾਲਿਆ, ਸੰਧਾਰਾ ਲੈ ਕੇ ਜਾਣੈ?'' ਤੁੱਕੇ ਤੋੜ ਉਹਦੀ ਗੱਲ ਕੱਟਦਾ।

''ਲਹੁਡੀ ਦੇਣਿਆਂ, ਪੁੱਛਣ 'ਚ ਕੋਈ ਹਰਜ਼ ਐ?''

''ਉਏ ਕੋਹੜ੍ਹੀਓ, ਕਿਉਂ ਮੁੰਡੇ ਨਾਲ ਅਵਲ਼ੀਆਂ ਸਵਲ਼ੀਆਂ ਗੱਲਾਂ ਕਰਦੇ ਹੁੰਨੇ ਐਂ-ਜੁਆਕ ਵਿਗਾੜ ਦਿਓਂਗੇ।'' ਨਾਹਰ ਸਿੰਘ ਲੰਘਦਾ-ਟੱਪਦਾ ਉਨ੍ਹਾਂ ਨੂੰ ਲਾਹਨਤ ਜਿਹੀ ਪਾ ਜਾਂਦਾ। ਫਿਰ ਚੁੱਪ ਵਰਤ ਜਾਂਦੀ।

ਅਸਲ ਵਿਚ ਬਿੱਲੂ ਕੇ ਪਿੰਡ ਹਰ ਸਾਲ ਪਸ਼ੂਆਂ ਦੀ ਮੰਡੀ ਲੱਗਦੀ ਸੀ। ਬਿੱਲੂ ਦੀ ਬੇਬੇ ਦੀ ਹਦਾਇਤ ਸੀ ਕਿ ਮੇਰੇ ਪੇਕਿਆਂ ਦੇ ਪਿੰਡੋਂ ਕੋਈ ਸਾਡੇ ਪਿੰਡ ਮੰਡੀ ਤੇ ਪਸ਼ੂ ਲੈ ਕੇ ਆਵੇ ਤਾਂ ਰੋਟੀ ਮੇਰੇ ਘਰੇ ਖਾਵੇ, ਨਾਲ ਬੰਨ੍ਹ ਕੇ ਨਾ ਲਿਆਵੇ, ਜਾਂ ਹੋਟਲ਼ ਤੋਂ ਨਾ ਖਾਵੇ। ਇਸ ਲਈ ਬਿੱਲੂ ਦੇ ਨਾਨਕਿਆਂ ਦਾ ਤਕਰੀਬਨ ਸਾਰਾ ਪਿੰਡ ਬਿੱਲੂ ਦੇ ਘਰ ਤੋਂ ਵਾਕਿਫ਼ ਸੀ।

ਇਕ ਵੇਰ ਉਤਾਂ ਦਾ ਕਾਕੂ ਬਿੱਲੂ ਕੇ ਪਿੰਡ ਮੰਡੀ ਤੇ ਮੱਝ ਲੈ ਕੇ ਗਿਆ। ਪਰ ਦੋ ਦਿਨ

ਰੋਟੀ ਢਾਬੇ ਤੋਂ ਹੀ ਖਾਂਦਾ ਰਿਹਾ। ਜਦੋਂ ਬਿੱਲੂ ਦੀ ਬੇਬੇ ਨੂੰ ਪਤਾ ਲੱਗਿਆ, ਤਾਂ ਉਹ ਪਟੱਕ ਪੇਕੀਂ ਪਹੁੰਚੀ। ਪਹਿਲਾਂ ਤਾਂ ਕਾਕੂ ਨਾਲ ਲੜੀ। ਕਾਕੂ ਦੀ ਬਹੂ ਪੈਰੀ ਹੱਥ ਲਾਉਣ ਲੱਗੀ ਤਾਂ ਬੇਬੇ ਨੇ ਪੈਰੀਂ ਹੱਥ ਨਾ ਲੁਆਏ, ''ਖ਼ਬਰਦਾਰ! ਜੇ ਮੇਰੇ ਪੈਰੀਂ ਹੱਥ ਲਾਏ ਤਾਂ!'' ਆਖ ਕੇ ਵਰਜ ਦਿੱਤੀ।

''ਐਨੇ ਬਹਾਨੇ ਨਾਲ ਬੰਦਾ ਮਿਲ ਈ ਜਾਂਦੈ? ਤੁਸੀਂ ਊਤਾਂ ਦੇ ਊਤ ਈ ਰਹੇ ਨਾ...?'' ਬੇਬੇ ਸਾਹਣ ਵਾਂਗ ਭੂਸਰੀ ਪਈ ਸੀ।

''ਚੰਗਾ ਬੀਬੋ ਗਲਤੀ ਹੋਗੀ-ਏ ਆਹ ਲੈ...! ਤੇਰੇ ਚਰਨੀਂ ਹੱਥ ਲਾਏ, ਮੈਨੂੰ ਮਾਫ਼ ਕਰਦੇ...।'' ਕਾਕੂ ਨੇ ਕਿਹਾ।

''ਬੀਬੋ ਤੇਰੇ ਆਲ਼ਾ ਭਰਾ ਤਾਂ ਇਹ ਕਹਿੰਦਾ ਸੀ ਬਈ ਇਹਨੂੰ ਮੰਡੀ ਤੇ ਹੋਰ ਵਾਗਫ ਬੰਦੇ ਮਿਲਗੇ ਸੀ।'' ਕਾਕੂ ਦੇ ਘਰਵਾਲੀ ਮਹਿੰਦਰ ਕੌਰ ਨੇ ਆਖਿਆ।

''ਤੇ ਉਹਨਾਂ ਨੂੰ ਰੋਟੀ ਨਾ ਮਿਲਦੀ, ਊਤਾ? ਵੇ ਮੇਰੇ ਘਰੇ ਪ੍ਰਮਾਤਮਾ ਦਾ ਦਿੱਤਾ ਬਥੇਰਾ ਕੁਛ ਐ! ਚਾਹੇ ਤੀਹ ਬੰਦੇ ਲੈ ਆਉਂਦਾ ਤੇ ਚਾਹੇ ਲੈ ਆਉਂਦਾ ਪੈਂਤੀ।''

''ਮੈਖਿਆ ਬਾਬਾ ਗੁਰੂ, ਗਲਤੀ ਹੋਗੀ...।''

''ਹੁਣ ਤਾਂ ਬੀਬੋ ਠੰਡੀ ਹੋ ਜਾਹ-ਹੁਣ ਤਾਂ ਤੇਰੇ ਆਲੇ ਭਰਾ ਨੇ ਦੋ ਆਰੀ ਮਾਫੀ ਵੀ ਮੰਗ ਲਈ।'' ਮਹਿੰਦਰ ਕੌਰ ਨੇ ਹੱਸ ਕੇ ਕਿਹਾ।

''ਚੱਲ ਲਾ ਨੀ ਤੂੰ ਵੀ ਪੈਰੀ ਹੱਥ ਬੀਬੋ ਦੇ! ਮਾਰੀ ਜਾਂਦੀ ਐ ਜਾਬ੍ਹਾਂ ਨੂੰ, ਸਾਲ਼ੀ ਚਗਲ਼!'' ਕਾਕੂ ਬੋਲਿਆ।

''ਲੈ, ਚਾਹੇ ਪੰਜਾਹ ਆਰੀ ਲੁਆ ਲੇ - ਏ ਆਹ ਲੈ...!'' ਮਹਿੰਦਰ ਕੌਰ ਨੇ ਆਪਣੀ ਚੁੰਨੀ ਫੜ੍ਹ ਕੇ ਪੈਰੀ ਹੱਥ ਲਾ ਦਿੱਤੇ।

''ਕਿੰਨੀ ਕੁਤੜੀ ਐ...।'' ਬੇਬੇ ਹੱਸ ਪਈ।

ਚਾਹ ਪਾਣੀ ਪੀਣ ਤੋਂ ਬਾਅਦ ਘਰੇਲੂ ਗੱਲਾਂ ਚਲਦੀਆਂ ਰਹੀਆਂ।

(ਚਲਦਾ)

(ਕਿਸ਼ਤ ਦੂਜੀ)

ਗੁਆਂਢੀਆਂ ਦੀ ਕੁੜੀ ਮੀਤੀ ਨਾਲ ਬਿੱਲੂ ਦੀ ਕਾਫੀ ਮੱਤ ਮਿਲਦੀ ਸੀ। ਮੱਤ ਮਿਲਦੀ-ਮਿਲਦੀ ਆਖਰ ਖਿਆਲ ਵੀ ਮਿਲਣ ਲੱਗ ਪਏ। ਪਰ ਕਦੀ-ਕਦੀ ਖਿਆਲ ਸੁਪਨਿਆਂ ਦਾ ਰੂਪ ਧਾਰਨ ਕਰ ਲੈਂਦੇ ਸਨ। ਖ਼ੈਰ! ਆਯਾਸ਼ ਉਮਰ ਹੋਣ ਕਾਰਨ ਖਿਆਲ ਜਾਂ ਸੁਪਨੇ ਦਿਲ ਦੀ ਡੂੰਘਾਈ ਤੱਕ ਨਹੀਂ ਉਤਰਦੇ ਸਨ।

ਮੀਤੀ ਅੱਖਾਂ ਦੀ ਬਿੱਲੀ, ਰੰਗ ਦੀ ਗੋਰੀ ਸੀ। ਹੱਸਮੁਖ, ਖੰਡ ਦੇ ਖਿਡਾਉਣੇ ਵਰਗੀ। ਉਸ ਦੀਆਂ ਦੋ ਗੁੱਤਾਂ ਧਰਤੀ ਛੂਹਦੀਆਂ ਸਨ। ਜਦ ਕਦੇ ਉਹ ਆਪਣੀਆ ਦੋ ਗੁੱਤਾਂ ਛਾਤੀ ਤੇ ਲਟਕਾਉਂਦੀ ਤਾਂ ਬਿੱਲੂ ਨੂੰ ਉਹ ਗੰਗਾ-ਜਮਨਾ ਦੀ ਧਰਤੀ ਲੱਗਦੀ। ਉਸ ਦੀ ਟੂਣੇਹਾਰ ਨਜ਼ਰ ਬਿੱਲੂ ਦਾ ਕਾਲਜਾ ਕੱਢ ਕੇ ਲੈ ਜਾਂਦੀ। ਜੇ ਮੀਤੀ ਦੀ ਮਾਂ ਕਦੇ ਖਾਣ ਨੂੰ ਵਿਸ਼ੇਸ਼ ਤੌਰ 'ਤੇ ਕੁਝ ਬਣਾਉਂਦੀ, ਤਾਂ ਮੀਤੀ ਸਭ ਤੋਂ ਪਹਿਲਾਂ ਬਿੱਲੂ ਨੂੰ ਦੇ ਕੇ ਜਾਂਦੀ। ਬਿੱਲੂ ਬਿਨਾਂ ਉਸ ਦਾ ਜੱਗ ਨਹੀਂ ਸੰਪੂਰਨ ਹੁੰਦਾ ਸੀ। ਗੱਲ ਕੀ? ਮੀਤੀ ਹਰ ਰੋਜ ਹੀ ਬਿੱਲੂ ਨੂੰ ਕੁਝ ਨਾ ਕੁਝ ਖਾਣ ਨੂੰ ਜ਼ਰੂਰ ਦੇ ਕੇ ਜਾਂਦੀ।

ਜੇ ਉਸ ਨੂੰ ਬਿੱਲੂ ਕਦੇ ਨਜ਼ਰ ਨਾ ਆਉਂਦਾ ਤਾਂ ਉਸ ਨੂੰ ਪਿੰਡ ਸੁੰਨਾ-ਸੁੰਨਾ, ਉਜੜਿਆ ਹੋਇਆ ਅਤੇ ਚਿੱਟਾ ਦਿਨ ਕਾਲੀ ਬੋਲੀ ਰਾਤ ਵਰਗਾ ਭਾਉਂਦਾ। ਜਿਵੇਂ ਬਿੱਲੂ ਬਿਨਾਂ ਇਕਲਾਪਾ ਸੱਪ ਵਾਂਗ ਡੰਗ ਮਾਰਨ ਆਉਂਦਾ ਸੀ। ਉਸਦੀ ਮਸਤੀ ਧੁੰਦ ਦੇ ਬੱਦਲ ਵਾਂਗ ਉੱਡ ਜਾਂਦੀ। ਕਿਸੇ ਡਰੇ ਪੰਛੀ ਵਾਂਗ ਖੁਸ਼ੀ ਅਲੋਪ ਹੋ ਜਾਂਦੀ।

ਗਰਮੀਆਂ ਦੀਆਂ ਛੁੱਟੀਆਂ ਹੋਈਆਂ। ਬਿੱਲੂ ਦਾ ਬਾਪੂ ਬਲਵੰਤ ਸਿੰਘ ਬਿੱਲੂ ਨੂੰ ਲੈਣ ਲਈ ਆ ਗਿਆ। ਭਾਵੇਂ ਬਿੱਲੂ ਹੁਣ ਸੋਲ੍ਹਾਂ ਸਾਲਾਂ ਦਾ ਹੋ ਗਿਆ ਸੀ, ਨੌਵੀਂ ਕਲਾਸ ਵਿਚ ਪੜ੍ਹਦਾ ਸੀ। ਪਰ ਮਾਂ ਦੀ ਬੁੱਕਲ ਦਾ ਚਾਅ ਅਜੇ ਵੀ ਠੰਡਾ ਨਹੀਂ ਪਿਆ ਸੀ। ਮਾਂ ਦੀ ਬੁੱਕਲ ਨੂੰ ਉਹ ਹਾਬੜ

ਜਿਹਾ ਗਿਆ ਸੀ। ਉਸ ਨੂੰ ਮਹਿਸੂਸ ਹੋਇਆ ਕਿ ਜਿਵੇਂ ਮਾਂ ਦੇ ਪਿਆਰ ਬਿਨਾਂ ਜ਼ਿੰਦਗੀ ਅਧੂਰੀ ਸੀ। ਜਿਵੇਂ ਉਹ ਮਾਂ ਦੇ ਲਾਡ ਬਿਨਾਂ ਅੱਧਾ ਰਹਿ ਗਿਆ ਸੀ।

ਮਾਂ ਅਕਸਰ ਮਾਂ ਹੀ ਹੁੰਦੀ ਹੈ। ਮਾਂ ਦੀ ਝਿੜਕ ਵਿਚ ਅੱਧਾ ਲਾਡ ਹੁੰਦਾ ਹੈ, ਅਪਣੱਤ ਹੁੰਦੀ ਹੈ। ਗੀਤਾਂ ਜਾਂ ਗਵੱਈਆਂ ਦੀਆਂ ਵਾਰਾਂ ਦੀ ਇਤਨੀ ਛਾਣ ਬੀਣ ਕਰਨ ਦੀ ਜ਼ਰੂਰਤ ਨਹੀਂ, ਇਨਸਾਨ ਸਿਰਫ ਆਪਣੇ ਅੰਦਰ ਝਾਤੀ ਮਾਰੇ, ਤਾਂ ਮਾਂ ਦੀ ਜਗਾਹ ਅਲੱਗ ਹੀ ਹੁੰਦੀ ਹੈ। ਸਿਆਣੇ ਕਹਿੰਦੇ ਨੇ, ''ਜੋ ਬੱਚਾ ਮਾਂ ਤੋਂ ਬਿਨਾਂ ਪਲ ਕੇ ਵੱਡਾ ਹੁੰਦਾ ਹੈ, ਉਸ ਨੂੰ ਅੱਧੀ ਦੁਨੀਆਂ ਦੀ ਹੋਂਦ ਦਾ ਪਤਾ ਨਹੀਂ ਚਲਦਾ।''

''ਮੈਂ ਕੱਲ੍ਹ ਨੂੰ ਪਿੰਡ ਚੱਲਿਐਂ।'' ਦਿਲੋਂ ਖੁੱਸੇ-ਖੁੱਸੇ ਬਿੱਲੂ ਨੇ ਸ਼ਾਮ ਨੂੰ ਮੀਤੀ ਨੂੰ ਦੱਸਿਆ, ''ਬਾਪੂ ਲੈਣ ਆਇਆ ਬੈਠੈ।''

''ਕਿੰਨੇ ਦਿਨਾਂ ਆਸਤੇ...?'' ਮੀਤੀ ਦੇ ਕਪਾਲ ਵਿਚ ਜਿਵੇਂ ਇੱਟ ਵੱਜੀ ਸੀ। ਉਹ ਇਕ ਦਮ ਤ੍ਰਬਕੀ।

''ਬੱਸ, ਦੋ ਚਹੁੰ ਦਿਨਾਂ ਆਸਤੇ...।''

''ਮੈਂ ਕੀ ਕਰੂੰ...? ਮੇਰਾ ਜੀਅ ਨਹੀਂ ਲੱਗਣਾਂ...?'' ਮੀਤੀ ਕਹਿੰਦੀ-ਕਹਿੰਦੀ ਸਿਸਕ ਪਈ। ਉਸ ਦਾ ਮਾਸੂਮ ਚਿਹਰਾ ਤਰਸਯੋਗ ਬਣਿਆ ਪਿਆ ਸੀ।

''ਕਾਹਨੂੰ ਰੋਨੀ ਐਂ ਐਮੇਂ...?'' ਬਿੱਲੂ ਨੇ ਉਸ ਦਾ ਸਿਰ ਕਲਾਵੇ ਵਿਚ ਲੈ ਲਿਆ। ਉਹ ਬਾਹਰਲੇ ਘਰ ਦੀ ਕੰਧ ਦੇ ਅੜਤਲੇ ਨਾਲ ਖੜ੍ਹੇ, ਬੜੀ ਜਲਦੀ-ਜਲਦੀ ਗੱਲਾਂ ਕਰ ਰਹੇ ਸਨ।

''ਤੇਰੇ ਕਰਕੇ ਤਾਂ ਮੈਂ ਨਾਨਕੀਂ ਨਹੀਂ ਗਈ...।'' ਮੀਤੀ ਦੀਆਂ ਅੱਖਾਂ ਵਿਚੋਂ ਦੋ ਮੋਤੀ ਕਿਰ ਪਏ।

''ਉਏ ਬਿੱਲੂ...! ਮੱਲਾ ਕਿੱਥੇ ਐਂ ਤੂੰ...? ਫੁੱਫੜ ਸੱਦਦੈ...!'' ਬਾਹਰਲੇ ਘਰੋਂ ਸੀਰੀ ਦੀ ਅਵਾਜ਼ ਦੋਨਾਂ ਦੇ ਸੀਨੇ ਵਿਚ ਡਾਂਗ ਦੀ ਹੁੱਜ ਵਾਂਗ ਵੱਜੀ।

ਭਰੇ ਦਿਲਾਂ ਨਾਲ, ਬੜੀ ਮੁਸ਼ਕਿਲ ਉਹ ਇਕ ਦੂਜੇ ਤੋਂ ਜੁਦਾ ਹੋਏ ਸਨ।

ਅਗਲੇ ਦਿਨ ਬਿੱਲੂ, ਬਾਪੂ ਨਾਲ ਬੱਸ ਚੜ੍ਹ ਕੇ ਪਿੰਡ ਆ ਗਿਆ। ਮਾਂ ਨੇ ਪਿਆਰ ਦਿੱਤਾ, ਲਾਡ ਕੀਤਾ। ਮਾਂ ਦੀਆਂ ਅੱਖਾਂ ਹੰਝੂਆਂ ਨਾਲ ਨੱਕੋ-ਨੱਕ ਭਰੀਆਂ ਪਈਆਂ ਸਨ। ਉਸਨੇ ਕਾਫੀ ਦੇਰ ਪੁੱਤ ਨੂੰ ਘੁੱਟੀ ਰੱਖਿਆ, ਪੀਣ ਲਈ ਦੁੱਧ ਦਿੱਤਾ, ਉਸਦੀ ਪੜ੍ਹਾਈ ਬਾਰੇ ਪੁੱਛਿਆ।

ਕਈ ਦਿਨ ਗੁਜ਼ਰੇ।

ਚਾਹੇ ਮਾਂ-ਬਾਪ ਉਸਨੂੰ ਦੇਖ-ਦੇਖ ਕੇ ਜਿਉਂਦੇ ਸਨ, ਭੈਣ ਹਮੇਸ਼ਾਂ ਲਾਡ ਪਿਆਰ ਕਰਦੀ ਸੀ। ਪਰ ਬਿੱਲੂ ਨੂੰ ਆਪਣੇ ਆਪ ਵਿਚ ਕੋਈ 'ਘਾਟ' ਕੋਈ 'ਕਮੀ' ਜਿਹੀ ਮਹਿਸੂਸ ਹੁੰਦੀ। ਇਕਲਾਪਾ ਜਿਹਾ ਮਹਿਸੂਸ ਹੁੰਦਾ। ਜਿਵੇਂ ਦਿਨੇ ਮੀਂਹ ਪੈਂਦਾ ਹੋਵੇ ਅਤੇ ਉਪਰੋਂ ਧੁੱਪ ਨਿੱਕਲੀ ਹੋਵੇ, ਵਾਂਗ ਉਸਨੂੰ ਆਪਣੀ ਜ਼ਿੰਦਗੀ ਓਪਰੀ ਜਿਹੀ ਲੱਗਣ ਲੱਗ ਜਾਂਦੀ ਸੀ। ਉਹ ਦਿਮਾਗ਼ ਤੇ ਜੋਰ ਪਾ ਕੇ ਸੋਚਦਾ ਕਿ ਉਸ ਨੂੰ ਕਿਸ ਚੀਜ਼ ਦੀ ਖਿੱਚ ਸੀ? ਕਿਸ ਚੀਜ਼ ਦੀ ਤਾਂਘ ਸੀ? ਤਾਂ ਮੀਤੀ ਖਿਆਲ ਬਣ ਕੇ ਉਸਦੀ ਕਲਪਨਾ ਵਿਚ ਮੁਸਕਰਾਉਂਦੀ। ਉਸ ਦੇ ਦਿਲ ਨੂੰ ਕੁਝ ਧਰਵਾਸ ਜਿਹਾ ਹੋ ਜਾਂਦਾ। ਕੋਈ ਆਸ ਸਹਾਰਾ ਬਣ ਕੇ ਸਾਹਮਣੇ ਖੜ੍ਹੀ ਹੋ ਜਾਂਦੀ। ਸਰੀਰ ਵਿਚ ਕੁਝ ਨਿੱਘ ਜਿਹਾ ਭਰਦਾ ਤਾਂ ਆਤਮਾ ਸ਼ਾਂਤ ਹੋ ਜਾਂਦੀ ਸੀ। ਹਰਫਲਿਆ ਦਿਲ ਟਿਕਾਣੇ ਆ ਜਾਂਦਾ।

''ਬੇਬੇ, ਮੈਨੂੰ ਤਾਂ ਨਾਨਕੀ ਛੱਡ ਕੇ ਆ।'' ਇਕ ਦਿਨ ਚਾਣਚੱਕ ਹੀ ਬਿੱਲੂ ਨੇ ਕਿਹਾ।

''ਦਾਦੇ ਮਘੌਣਿਆਂ, ਐਡੀ ਛੇਤੀ...? ਤੇਰੀਆਂ ਤਾਂ ਛੁੱਟੀਆਂ ਅਜੇ ਬਥੇਰੀਆਂ ਪਈਐਂ?'' ਬੇਬੇ ਨੇ ਕਿਹਾ। ਉਸ ਦਾ ਮੂੰਹ ਕੌੜਾ ਜਿਹਾ ਹੋ ਗਿਆ ਸੀ । ਜਿਵੇਂ ਅਚਾਨਕ ਹੀ ਉਸ ਨੇ ਕੋਈ ਮਨਹੂਸ ਗੱਲ ਸੁਣੀ ਸੀ। ਉਸ ਨੂੰ ਉਮੀਦ ਨਹੀਂ ਸੀ ਕਿ ਬਿੱਲੂ ਅਚਾਨਕ ਹੀ ਕੋਈ ਗੱਲ ਉਖੜੀ ਕੁਹਾੜੀ ਵਾਂਗ ਮੱਥੇ ਵਿਚ ਮਾਰੇਗਾ।

''ਨਹੀਂ ਬੇਬੇ - ਮੈਂ ਤਾਂ ਜਾਣਾ ਐਂ...।''

''ਕਿਉਂ ਪੁੱਤ - ਤੇਰਾ ਐਥੇ ਜੀਅ ਨਹੀਂ ਲੱਗਦਾ...?''

''ਜੀਅ ਦੀ ਗੱਲ ਨੀਂ - ਮੇਰਾ ਤਾਂ ਸਕੂਲ ਦਾ ਕੰਮ ਕਰਨ ਆਲਾ ਪਿਆ ਐ- ਜੇ ਨਾ ਕੀਤਾ ਮਾਸਟਰ ਕੁੱਟਣਗੇ...।'' ਉਸ ਨੇ ਚਲਾਕੀ ਵਰਤੀ।

''ਸਕੂਲ ਦਾ ਕੰਮ ਐਥੇ ਨੀਂ ਹੁੰਦਾ...? ਚੱਲ, ਤੈਨੂੰ ਮੈਂ ਹੱਟੀ ਤੋਂ ਕਾਪੀ ਪਿਲਸਣ ਲੈ ਦਿੰਨੀ ਐਂ।'' ਮਾਂ ਚਾਹੁੰਦੀ ਸੀ ਕਿ ਉਸਦਾ ਪੁੱਤ ਘੱਟੋ ਘੱਟ ਛੁੱਟੀਆਂ ਤਾਂ ਉਸ ਕੋਲ ਕੱਟੇ।

''ਕਾਪੀ ਪੈੱਨਸਲ ਮੈਂ ਸਿਰ'ਚ ਮਾਰਨੀ ਐਂ...? ਕਿਤਾਬਾਂ ਤਾਂ ਸਾਰੀਆਂ ਉਥੇ ਪਈਐਂ।'' ਬਿੱਲੂ ਗੱਲ ਤੇ ਨਹੀਂ ਆ ਰਿਹਾ ਸੀ।

''ਕਿਤਾਬਾਂ ਤੇਰੀਆਂ ਤੇਰਾ ਪਿਉ ਕੱਲ੍ਹ ਨੂੰ ਜਾ ਕੇ ਲਿਆ ਦਿਊ - ਬਾਹਲੀ ਪੂਛ ਨਾ ਤੁੜਾ...।''

''......!'' ਬਿੱਲੂ ਨਿਰੁੱਤਰ ਹੋ ਗਿਆ। ਉਸ ਨੂੰ ਕੋਈ ਗੱਲ ਨਾ ਸੁੱਝੀ। ਉਹ ਚੁੱਪ ਰਹਿਣ ਤੇ ਮਜ਼ਬੂਰ ਹੋ ਗਿਆ। ਹੋਰ ਕਹਿ ਵੀ ਕੀ ਸਕਦਾ ਸੀ? ਕੁਝ ਵੀ ਤਾਂ ਨਹੀਂ! ਫੋਕੇ ਫੈਂਟਰ ਚਲਾ ਕੇ ਉਸ ਨੇ ਦੇਖ ਹੀ ਲਏ ਸਨ।

ਪੂਰਾ ਮਹੀਨਾ ਉਸ ਨੇ ਉਗਲਾਂ ਤੇ ਦਿਨ ਗਿਣ-ਗਿਣ ਕੇ ਕੱਢਿਆ ਸੀ। ਅਖੀਰ ਭਾਗਾਂ ਵਾਲਾ ਦਿਨ ਆਇਆ। ਬਿੱਲੂ ਸਾਝਰੇ ਹੀ 'ਡਾਂਟ-ਫਾਂਟ' ਲਾ ਕੇ, ਤਿਆਰ ਹੋ ਕੇ ਬੈਠ ਗਿਆ। ਬਾਪੂ ਨੇ ਉਸ ਨੂੰ ਛੱਡਣ ਜਾਣਾ ਸੀ।

ਬੇਬੇ ਅਤੇ ਭੈਣ ਬੱਸ ਅੱਡੇ ਤੱਕ ਛੱਡਣ ਲਈ ਆਈਆਂ।

ਬੇਬੇ 'ਬੁੱਸ-ਬੁੱਸ' ਕਰ ਰਹੀ ਸੀ। ਭੈਣ ਉਦਾਸ ਸੀ।

''ਕੀ ਨਲੀ ਜੀ ਸੁਣਕੀ ਜਾਂਦੀ ਐ-ਐਡੀ ਛੇਤੀ ਹੇਜ ਮਾਰ ਗਿਆ ਇਹਨੂੰ-ਬਈ ਮੁੰਡਾ ਪੜ੍ਹਨ ਚੱਲਿਐ, ਕਿਤੇ ਡਾਕਾ ਮਾਰਨ ਤਾਂ ਨੀਂ ਚੱਲਿਆ...? ਪਹਿਲਾਂ ਭੜ੍ਹਾਉਣੈਂ ਭੜ੍ਹਾਉਣੈਂ ਕਰਦੀ ਸੀ-ਹੁਣ ਦੇਖ ਕਿਮੇ ਬੂਹਕੀ ਜਾਂਦੀ ਐ...!'' ਬਾਪੂ ਮਾਂ ਨੂੰ ਭੱਜ ਕੇ ਪਿਆ।

''ਵੇ ਹੁੰਦਾ ਈ ਐ ਭਾਈ ਮਾਵਾਂ ਨੂੰ, ਹੇਜ! ਕੋਈ ਨਾ, ਉਹ ਜਾਣੇ!'' ਅੱਡੇ ਤੇ ਬੈਠੀ ਇਕ

ਬਿਰਧ ਮਾਈ ਨੇ ਬਾਪੂ ਨੂੰ ਠੰਡਾ ਕੀਤਾ।

''ਅੰਮਾ ਜੀ, ਮਾਵਾਂ ਨੂੰ ਤਾਂ ਹੇਰਵਾ ਹੁੰਦਾ ਈ ਐ-ਜੇ ਪੁੱਤ ਧੀਆਂ ਨਹੀਂ ਕਰਦੇ।'' ਰੋਂਦੀ ਮਾਂ ਕਹਿ ਰਹੀ ਸੀ।

''ਬੱਸ ਡੱਡੇ, ਚਿੱਤ ਨੀਂ ਭੈੜਾ ਕਰੀਦਾ ਹੁੰਦਾ।''

ਬੱਸ ਆਈ ਅਤੇ ਸਵਾਰੀਆਂ ਲੈ ਕੇ ਤੁਰ ਗਈ। ਜਾਂਦੀ ਬੱਸ ਵੱਲ ਮਾਂ ਮੱਥੇ ਤੇ ਹੱਥ ਰੱਖ ਕੇ ਹੰਝੂ ਡੁੱਬੀਆਂ ਅੱਖਾਂ ਨਾਲ ਤੱਕ ਰਹੀ ਸੀ। ਉਸ ਦਾ ਗਲ ਵੈਰਾਗ ਨਾਲ ਰੁਕਿਆ ਪਿਆ ਸੀ।

ਦਿਨ ਬੀਤਦੇ ਗਏ। ਸਮਾਂ ਆਪਣੀ ਚਾਲ ਚਲਦਾ ਗਿਆ। ਸੂਰਜ ਚੜ੍ਹਦਾ ਰਿਹਾ, ਛੁਪਦਾ ਰਿਹਾ। ਨੌਵੀਂ ਅਤੇ ਫਿਰ ਦਸਵੀਂ ਕਲਾਸ ਦਾ ਰਿਜਲਟ ਨਿਕਲਿਆ। ਬਿੱਲੂ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ। ਮਾਮੇ ਨੇ ਬਿੱਲੂ ਦੀ ਤਰੱਕੀ ਦੀ ਚਿੱਠੀ ਉਸ ਦੇ ਮਾਂ-ਬਾਪ ਨੂੰ ਲਿਖ ਦਿੱਤੀ।

ਅਖੀਰ ਬਿੱਲੂ ਨੇ ਕਾਲਿਜ ਵਿਚ ਦਾਖਲਾ ਲੈ ਲਿਆ।

ਮੀਤੀ ਵਧਾਈ ਦੇਣ ਆਈ। ਬਿੱਲੂ ਦੇ ਸੀਨੇ ਖਿੱਚ ਜਿਹੀ ਪਈ। ਬਿੱਲੂ ਦੇ ਕਾਲਜਿਓਂ ਰੁੱਗ ਜਿਹਾ ਭਰਿਆ ਗਿਆ। ਮੀਤੀ ਦੇ ਜਵਾਨ ਸਰੀਰ ਵਿਚ ਅੰਤਾਂ ਦੀ ਕਸ਼ਿਸ਼ ਸੀ। ਗੱਲ੍ਹਾਂ ਤੇ ਨਿਖ਼ਾਰ, ਚਿਹਰੇ ਤੇ ਸ਼ਿੰਗਾਰ ਅਤੇ ਅੱਖਾਂ ਵਿਚ ਖੁਮਾਰ ਲੱਗਦਾ ਸੀ। ਉਹ ਫੁੱਲਾਂ ਵਾਂਗ ਮੁਸਕਰਾ ਰਹੀ ਸੀ। ਨਹੀਂ! ਸ਼ਾਇਦ ਉਸ ਦੇ ਚਿਹਰੇ ਤੇ ਕੁਦਰਤੀ ਮੁਸਕਰਾਹਟ ਲਿਖੀ ਹੋਈ ਸੀ। ਛਾਤੀ ਤੋਂ ਹੁਣ ਉਹ ਭਰ ਜੁਆਨ ਲੱਗਦੀ ਸੀ। ਉਸਦੇ ਸੁਣੱਖੇ ਨਕਸ਼ ਡੰਗ ਮਾਰਦੇ ਸਨ। ਕਾਲੇ ਕੇਸ ਫ਼ਨੀਅਰ ਸੱਪ ਵਾਂਗ ਸ਼ੂਕਦੇ ਸਨ। ਮਸਤ ਅੱਖਾਂ ਜਾਦੂ ਕਰਦੀਆਂ ਸਨ। ਰੂਪ ਦੀ ਭਰੀ ਸੁਰਾਹੀ ਦਾ ਭੁਲੇਖਾ ਪੈਂਦਾ ਸੀ। ਕੋਲੇ ਬਿੱਲੂ ਨੂੰ ਤੱਕ ਕੇ ਜਿਵੇਂ ਉਸ ਦੀ ਸੱਜਰੀ ਜਵਾਨੀ ਨੇ ਖੰਭ ਝਿਣਕੇ ਸਨ, ਉਹ ਬਾਂਵਰੀ ਹੀ ਤਾਂ ਹੋ ਗਈ ਸੀ।

ਮਾਮੀ ਚਾਹ ਬਣਾਉਣ ਚਲੀ ਗਈ।

''ਤੂੰ ਹੁਣ ਕਦੇ ਆਈ ਹੀ ਨਹੀਂ...?'' ਬਿੱਲੂ ਨੇ ਕਿਸੇ ਸੁਪਨੇ'ਚੋਂ ਜਿਵੇਂ ਪਰਤ ਕੇ

ਪੁੱਛਿਆ ਸੀ।

''ਬੇਬੇ ਨਹੀਂ ਆਉਣ ਦਿੰਦੀ...।'' ਉਸਦੇ ਗੁਲਾਬ ਵਰਗੇ ਚਿਹਰੇ ਤੇ ਉਦਾਸੀ ਦੇ ਧੱਬੇ ਛਾ ਗਏ।

''ਕਿਉਂ...? ਬੇਬੇ ਦੀ ਕੀ ਲੱਤ ਅੜਦੀ ਐ...?''

''ਕਹਿੰਦੀ, ਹੁਣ ਤੂੰ ਜੁਆਨ ਹੋ ਗਈ ਐ...?''

''ਤੇ ਫੇਰ ਕੀ ਲੋਹੜਾ ਆ ਗਿਆ...?''

''ਕਹਿੰਦੀ, ਜੁਆਨ ਕੁੜੀ ਗੱਭਰੂ ਮੁੰਡੇ ਕੋਲੇ ਜਾਂਦੀ ਚੰਗੀ ਨਹੀਂ ਲੱਗਦੀ।''

''ਕਿਉਂ, ਮੈਂ ਕਿਹੜਾ ਤੈਨੂੰ ਮੂੰਹ 'ਚ ਪਾਉਨੈਂ...?''

''ਕੀ ਪਤਾ ਲੱਗਦੈ...!'' ਉਹ ਹੱਸੀ।

ਬਿੱਲੂ ਨੂੰ ਉਸ ਦੇ ਹਾਸੇ ਨੇ ਕੀਲ ਜਿਹਾ ਲਿਆ।

ਮੀਤੀ ਚਲੀ ਗਈ ਸੀ। ਪਰ ਉਸਦਾ ਹਾਸਾ ਅਜੇ ਵੀ ਬਿੱਲੂ ਦੇ ਕੰਨਾਂ ਵਿਚ ਘੌਰੂ ਪਾ ਰਿਹਾ ਸੀ।

ਪਰ ਕੁਝ ਮਹੀਨਿਆਂ ਵਿਚ ਹੀ ਦੋਹਾਂ ਦੇ ਹਾਸਿਆਂ ਦੀ ਛਣਕਾਰ, ਬਦਕਾਰ ਦੁਨੀਆਂ ਦੇ ਕੰਨਾਂ ਤੱਕ ਪਹੁੰਚ ਗਈ। ਇਸ਼ਕ, ਮੁਸਕ ਅਤੇ ਖੰਘ ਵਾਂਗ ਜ਼ਾਹਿਰ ਹੋ ਗਈ।

ਬਿੱਲੂ ਅਤੇ ਮੀਤੀ ਦੇ ਮਿਲਣ 'ਤੇ ਸਖ਼ਤ ਪਾਬੰਦੀ ਲੱਗ ਗਈ। ਮਾਮਾ ਘੋਰ ਦੁਖੀ ਸੀ। ਮਾਮੀ ਫਿਟਕਾਰਾਂ ਪਾਉਂਦੀ ਸੀ। ਲੋਕ ਇਕ ਦੂਜੇ ਦੇ ਮੂੰਹ ਨਾਲ ਮੂੰਹ ਜੋੜ-ਜੋੜ ਕੇ ਗੱਲਾਂ ਕਰਦੇ ਸਨ। ਬਾਤ ਦਾ ਬਤੰਗੜ ਅਤੇ ਰਾਈ ਦਾ ਪਹਾੜ ਬਣਾਉਂਦੇ ਸਨ। ਸਹੁਰੇ ਲੋਕਾਂ ਦਾ ਕੀ ਐ? ਲੋਕ ਤਾਂ ਕੁੱਤੇ ਹਨ! ਕੁੱਤਿਆਂ ਦਾ ਕੰਮ ਕੀ ਹੁੰਦਾ ਹੈ? ਭੌਂਕਣਾਂ! ਲੋਕ ਤਾਂ ਤੇਲ ਪਾਉਣ ਵਾਲੇ ਹੁੰਦੇ ਹਨ ਅਤੇ ਭਾਂਬੜ ਦੇਖ ਕੇ ਖੁਸ਼ੀ ਮਨਾਉਂਦੇ ਹਨ। ਧੁਖ਼ਦੀ ਨੂੰ ਫੂਕਾਂ ਮਾਰਨ ਵਾਲੇ ਹੁੰਦੇ ਹਨ ਅਤੇ ਫਿਰ ਅੱਗ ਲਾ ਕੇ ਡੱਬੂ ਕੰਧ ਤੇ ਚੜ੍ਹ ਜਾਂਦੇ ਹਨ। ਅਜੀਬ ਖੁਸ਼ੀ ਹੈ ਆਪਣੇ ਲੋਕਾਂ ਦੀ।

ਕੁਝ ਸ਼ਰਾਰਤੀ ਮੁੰਡਿਆਂ ਨੇ ਸਕੂਲ ਵਿੱਚੋਂ ਚਾਕ ਚੁੱਕ ਲਿਆਂਦੇ ਅਤੇ ਰਾਤੋ ਰਾਤ ਖੰਭਿਆਂ, ਕੰਧਾਂ-ਕੌਲ਼ਿਆਂ ਤੇ ਲਿਖ ਦਿੱਤਾ।

''ਮੀਤੀ - ਬਿੱਲੂ!''

''ਮੀਤੀ, ਬਿੱਲੂ ਦੀ ਮਾਸ਼ੂਕ...!'' ਆਦਿ-ਆਦਿ...!!

ਭਾਂਤ-ਭਾਂਤ ਦੀ ਅਸ਼ਲੀਲ ਸ਼ਬਦਾਵਲੀ ਸੀ। ਇੱਜ਼ਤਦਾਰ ਲੋਕ ਅੱਖਾਂ ਮੁੰਦ ਕੇ ਲੰਘਦੇ ਸਨ ਅਤੇ ਠਰਕੀ ਮੁੰਡੀਹਰ ਤਾੜੀਆਂ ਮਾਰ ਕੇ ਮੁਸਕੜੀਏਂ ਹੱਸਦੀ ਫਿਰਦੀ ਸੀ। ਲੰਡਰ ਮਹਿਕਮਾਂ ਅੱਖਾਂ ਦੇ ਇਸ਼ਾਰਿਆਂ ਨਾਲ ਗੱਲਾਂ ਕਰਦਾ ਸੀ।

ਗੱਲ ਭਖ਼ਦੀ ਭਖ਼ਦੀ ਇਤਨੀ ਭਖ਼ੀ ਕਿ ਇਕ ਦਮ ਭਾਂਬੜ ਬਣ ਗਿਆ, ਬਰੂਦ ਬਣ ਗਿਆ! ਮੀਤੀ ਦੇ ਬਾਪੂ ਪ੍ਰੀਤਮ ਸਿੰਘ ਅਤੇ ਚਾਚੇ ਜਿੰਦਰ ਸਿੰਘ ਨੇ ਬਿੱਲੂ ਨੂੰ ਪਾਰ ਬੁਲਾਉਣ ਦੀ ਮਿਥ ਲਈ। ਗੰਡਾਸੇ ਪਿੱਲੀ ਇੱਟ ਤੇ ਘਸਾ ਕੇ ਲਿਸ਼ਕਾ ਲਏ। ਨਵੀਆਂ ਡਾਂਗਾਂ ਤੇ ਫਿੱਟ ਕਰਵਾ ਲਏ। ਧਾਰਾਂ ਰੇਤ ਕੇ ਤਿੱਖੀਆਂ ਕੀਤੀਆਂ ਗਈਆਂ। ਬਿਜਲੀ ਵਾਂਗ ਚਮਕਦੇ ਗੰਡਾਸੇ ਕਿਸੇ ਦੇ ਖ਼ੂਨ ਦੇ ਪਿਆਸੇ ਸਨ।

ਅਗਲੀ ਸ਼ਾਮ ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਪਿੰਡ ਦੀ ਹੱਦ ਤੇ ਬੈਠ ਗਏ। ਉਹ ਹੰਕਾਰੀ ਸਾਹਣ ਵਾਂਗ ਨਾਸਾਂ ਰਾਹੀਂ ਫਰਾਟੇ ਮਾਰਦੇ ਸਨ। ਉਨ੍ਹਾਂ ਦੀਆਂ ਅੱਖਾਂ ਸ਼ਰਾਬ ਨਾਲ ਰੱਤੀਆਂ ਅਤੇ ਗੁੱਸੇ ਨਾਲ ਤੱਤੀਆਂ ਸਨ। ਦਿਲਾਂ ਅੰਦਰ ਅੱਗ ਮੱਚ ਰਹੀ ਸੀ। ਉਹ ਬੇਚੈਨ ਹੋਏ ਕਦੇ ਹੱਥ ਮਲਦੇ ਅਤੇ ਕਦੇ ਦੰਦ ਪੀਂਹਦੇ ਸਨ।

ਸੂਰਜ ਕਰੋਪ ਹੋਇਆ ਥੱਲੇ ਉੱਤਰ ਰਿਹਾ ਸੀ। ਪ੍ਰੀਤਮ ਅਤੇ ਜਿੰਦਰ ਲਈ ਪਲ-ਪਲ ਪਹਾੜ ਬਣਦਾ ਜਾ ਰਿਹਾ ਸੀ। ਉਹ ਚਾਹੁੰਦੇ ਸਨ ਕਿ ਕਦੋਂ ਬਿੱਲੂ ਉਨ੍ਹਾਂ ਦੀ ਨਜ਼ਰ ਪਵੇ ਅਤੇ ਕਦੋਂ ਉਹ ਉਸ ਦੇ ਡੱਕਰੇ ਕਰਨ।

ਸੂਰਜ ਡੁੱਬ ਗਿਆ। ਹਨ੍ਹੇਰਾ ਗੁੱਸੇ ਵਾਂਗ ਉਤਰ ਕੇ ਧਰਤੀ ਤੇ ਪਸਰ ਗਿਆ। ਪਰ ਬਿੱਲੂ

ਨਾ ਬਹੁੜਿਆ।

''ਹਾਏ ਜਿੰਦਰਾ, ਹੁਣ ਕੀ ਕਰੀਏ...?'' ਪ੍ਰੀਤਮ ਸਿੰਘ ਨੇ ਜਾੜ੍ਹ ਘੁੱਟ ਕੇ ਪੁੱਛਿਆ। ਉਹ ਉਡੀਕ-ਉਡੀਕ ਕੇ ਥੱਕ ਚੁੱਕਾ ਸੀ। ਗੁੱਸੇ ਵਿੱਚ ਦਧਨ ਸੀ।

''ਚੱਲ ਕੱਲ੍ਹ ਨੂੰ ਸਹੀ! ਕੇਰਾਂ ਚੜ੍ਹ ਗਿਆ ਧੱਕੇ, ਮੈਂ ਕਰਦੂੰ ਫਾਕੜਾਂ ਮੇਰੇ ਸਾਲੇ ਕੁੱਤੇ ਜੱਟ ਦੀਆਂ-ਕੁਤਰਾ ਕਰੂੰ, ਕੁਤਰਾ...!'' ਜਿੰਦਰ ਮਸਤੀ ਊਠ ਵਾਂਗ ਬੁੱਕਿਆ।

ਬੋਤਲ ਵਿਚ ਰਹਿੰਦੀ ਦਾਰੂ ਦੀਆਂ ਘੁੱਟਾਂ ਉਨ੍ਹਾਂ ਨੇ ਭਰ ਲਈਆਂ ਅਤੇ ਗੁੱਸੇ ਵਿਚ ਮੱਚਦੇ ਬੁਝਦੇ ਤੁਰ ਗਏ।

ਘਰੇ ਜਾ ਕੇ ਉਨ੍ਹਾਂ ਨੇ ਮੀਤੀ ਨੂੰ ਢਾਹ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਮੀਤੀ ਦੀਆਂ ਚੀਕਾਂ ਅੱਧੇ ਪਿੰਡ ਵਿਚ ਸੁਣਾਈ ਦਿੱਤੀਆਂ।

''ਕੀ ਇਸ ਕੁੱਤੀ ਨੇ ਸਾਡੇ ਸਿਰ ਸੁਆਹ ਪਾਈ ਐ...!'' ਮੀਤੀ ਦੀ ਮਾਂ ਰੋ ਰਹੀ ਸੀ।

''ਉਸ ਕੁੱਤੀ ਦੇ ਪੁੱਤ ਦੇ ਡੱਕਰੇ ਕਰਕੇ, ਤੇ ਇਹਨੂੰ ਵੱਢ ਕੇ ਨਾ ਕਿਸੇ ਨਹਿਰ 'ਚ ਸੁੱਟਿਆ ਤਾਂ ਪਿਉ ਦਾ ਨਾ ਜਾਣੀਂ, ਕਿਸੇ ਚੂਹੜੇ ਦਾ ਜਾਣੀ।'' ਪ੍ਰੀਤਮ ਚੰਡਾਲ ਰੂਪ ਬਣਿਆ ਖੜ੍ਹਾ ਸੀ।

ਉਨ੍ਹਾਂ ਦੇ ਦਰਵਾਜ਼ੇ ਅੱਗੇ ਪਿੰਡ ਇਕੱਠਾ ਹੋ ਗਿਆ। ਮੀਤੀ ਦੀ ਮਾਂ ਕਰਮੋ ਨੇ ਗਾਲ੍ਹਾਂ ਦੀ ਛੂਟ ਵੱਟ ਲਈ।

''ਕੁੱਤਿਓ ਜੱਟੋ...! ਤੁਸੀਂ ਸਾਡਾ ਕੀ ਤਮਾਸ਼ਾ ਬਣਾ ਰੱਖਿਐ ਵੇ...? ਰੱਬ ਕਰੇ ਥੋਡੀਆਂ ਵੀ ਉਧਲ ਜਾਣ - ਅੱਖਾਂ 'ਚ ਤੋੜ ਦੇ ਦਿਊਂ - ਜੇ ਕੋਈ ਸਾਡੇ ਵਿਹੜੇ ਵੱਲ ਝਾਕਿਆ ਤਾਂ...! ਕੀ ਇਹਨਾਂ ਨੇ ਸਾਡਾ ਤਮਾਸ਼ਾ ਬਣਾ ਰੱਖਿਐ - ਮੇਰੇ ਪਿਉ ਦੇ ਸਾਲੇ...! ਆਬਦੀਆਂ ਜਾ-ਜਾ ਦੇਖੋ...! ਜਿਹੜੀਆਂ ਲੋਕਾਂ ਨੂੰ ਖੇਤੀਂ ਜਾ-ਜਾ ਕੇ ਮਿਲਦੀਐਂ - ਜਿਹਨਾਂ ਦੀਆਂ ਸੁੱਥਣਾਂ ਲੋਕਾਂ ਦੇ ਇੰਜਣਾਂ ਤੇ ਰੁਲਦੀਐਂ...! ਹੁਣ ਕੋਈ ਝਾਕੇ ਗਾਂ ਇੱਧਰ - ਜੇ ਬੱਬਰ ਪਾੜ ਕੇ ਭਰਾੜ੍ਹ ਨਾ ਕਰ

ਦਿਆਂ ਤਾਂ...! ਹਰਾਮ ਦੇ...! ਆਵਦੀਆਂ ਨੂੰ ਸਾਂਭੋ ਜਾ ਕੇ...!'' ਕਰਮੋ ਬਾਹਰ ਖੜ੍ਹੀ ਭੀੜ 'ਤੇ ਟੁੱਟ-ਟੁੱਟ ਕੇ ਪੈਂਦੀ ਸੀ। ਜ਼ਿਆਦਾ ਉਚੀ ਬੋਲਣ ਕਾਰਨ ਉਸ ਦੇ ਮੂੰਹੋਂ ਝੱਗ ਡਿੱਗ ਰਹੀ ਸੀ। ਰਗਾਂ ਡੁੱਡੂ ਵਾਂਗ ਫੁੱਲ ਗਈਆਂ ਸਨ।

ਭੀੜ ਖਿੰਡ ਗਈ।

ਬੱਚੇ ਗਲੀਆਂ ਵਿੱਚ ਗੁੱਝਾ ਹੱਸਦੇ ਫਿਰਦੇ ਸਨ। ਬੁੱਢੇ ਠੇਰੇ ਸਿਰ ਫੇਰਦੇ ਸਨ। ਜਿਵੇਂ ਪਿੰਡ ਸਿਰ ਪਹਾੜ ਟੁੱਟ ਪਿਆ ਸੀ। ਜਿਵੇਂ ਪਿੰਡ ਗਰਕ ਚੱਲਿਆ ਸੀ।

ਅਗਲੇ ਦਿਨ ਬਿੱਲੂ ਆਪਣੇ ਦੋਸਤ ਮੱਖਣ ਦੇ ਘਰੋਂ ਤਿਆਰ ਹੋ ਕੇ ਕਾਲਿਜ ਚਲਿਆ ਗਿਆ। ਸਾਰਾ ਦਿਨ ਹੀ ਉਹ ਕਾਲਿਜ ਵਿੱਚ ਉਖੜਿਆ ਜਿਹਾ ਤੁਰਿਆ-ਫਿਰਦਾ ਰਿਹਾ। ਕਾਲਿਜ ਵਿੱਚ ਉਸ ਦਾ ਦਿਲ ਨਹੀਂ ਲੱਗ ਰਿਹਾ ਸੀ।

ਕੁਝ ਦੋਸਤਾਂ ਨੇ ਉਸ ਦੀ 'ਚੁੱਪ' ਦਾ ਕਾਰਨ ਪੁੱਛਿਆ ਤਾਂ ਉਹ 'ਊਈ' ਕਹਿ ਕੇ ਜਵਾਬ ਦਿੰਦਾ ਰਿਹਾ।

ਸ਼ਾਮ ਸਮੇਂ ਛੁੱਟੀ ਹੋਈ।

ਬਿੱਲੂ ਨੇ ਸਾਈਕਲ ਚੁੱਕਿਆ ਅਤੇ ਮਾਮੇ ਦੇ ਪਿੰਡ ਨੂੰ ਸਿੱਧਾ ਹੋ ਗਿਆ। ਉਸ ਦਾ ਦਿਲ ਘਿਰ ਰਿਹਾ ਸੀ। ਜੀਅ ਕੱਚਾ-ਕੱਚਾ ਹੁੰਦਾ ਸੀ। ਅੰਦਰੋਂ ਮਾਮੇ ਅਤੇ ਮਾਮੀ ਦਾ ਡਰ ਵੀ ਖਾਂਦਾ ਸੀ, ਕਿਉਂਕਿ ਉਹ ਪਿਛਲੇ ਦਿਨ ਮਾਮੇ ਨੂੰ ਦੱਸੇ ਬਗੈਰ ਹੀ ਡਰਾਮਾ ਦੇਖਣ ਚਲਿਆ ਗਿਆ ਸੀ। ਘਰ ਨਹੀਂ ਆਇਆ ਸੀ। ਘਰੇ ਹੋਣ ਵਾਲੇ ਸਲੂਕ ਲਈ ਉਹ ਦਿਲ ਕਰੜਾ ਕਰ ਰਿਹਾ ਸੀ। ਉਸ ਦਾ ਮੂੰਹ ਸੁੱਕ ਰਿਹਾ ਸੀ। ਬੁੱਲ੍ਹਾਂ ਤੇ ਝੱਗ ਖੁਸ਼ਕ ਹੋ ਗਈ ਸੀ। ਸੰਘ ਵੱਢੀਦਾ ਸੀ।

ਪਿੰਡ ਦੇ ਬਿਲਕੁਲ ਨੇੜੇ ਪਹੁੰਚ ਕੇ ਉਸ ਨੇ ਬੋਹੜ ਹੇਠਲੇ ਨਲਕੇ ਤੋਂ ਪਾਣੀ ਪੀਣ ਲਈ ਸਾਈਕਲ ਰੋਕਿਆ। ਨਲਕਾ ਗੇੜ ਕੇ ਪਾਣੀ ਪੀਣ ਲੱਗਿਆ ਤਾਂ ਅਚਾਨਕ ਉਸ ਦੀ ਵੱਖੀ ਵਿਚ ਕੋਈ ਤੇਜ਼ਧਾਰ ਚੀਜ਼ ਖੁੱਭ ਗਈ। ਫਿਰ ਇਕ ਗੰਡਾਸੇ ਦਾ ਵਾਰ ਹੋਇਆ। ਸੇਲਾ ਪੱਟ ਵਿੱਚੋਂ ਦੀ ਲੰਘ ਗਿਆ। ਪ੍ਰੀਤਮ ਅਤੇ ਜਿੰਦਰ ਨਸ਼ੇ ਵਿੱਚ ਧੁੱਤ ਹੋਏ ਵਾਰ ਕਰਦੇ ਰਹੇ। ਮੀਤੀ ਦੀ ਯਾਦ ਨੂੰ ਕਲਾਵੇ ਵਿੱਚ ਲਈ ਬਿੱਲੂ ਗਰਦਨ ਤੇ ਹੋਣ ਵਾਲੇ ਵਾਰ ਦੀ ਉਡੀਕ ਕਰਦਾ ਰਿਹਾ। ਪਰ

ਵਿਅਰਥ!

ਬਿੱਲੂ ਦਾ ਕੁਤਰਾ ਕਰ ਦਿੱਤਾ ਸੀ। ਬੋਹੜ ਥੱਲੇ ਖ਼ੂਨ ਦਾ ਛੱਪੜ ਲੱਗ ਗਿਆ ਸੀ। ਬਿੱਲੂ ਚੌਫ਼ਾਲ, ਬੇਹੋਸ਼ ਪਿਆ ਸੀ? ਜਾਂ ਸ਼ਾਇਦ ਮਰ ਚੁੱਕਾ ਸੀ? ਪ੍ਰੀਤਮ ਨੇ ਪਏ ਬਿੱਲੂ ਦੇ ਗੰਡਾਸੇ ਦੀਆਂ ਹੁੱਜਾਂ ਮਾਰੀਆਂ। ਪਰ ਬਿੱਲੂ ਦੇ ਮੂੰਹੋਂ 'ਸੀ' ਨਾ ਨਿੱਕਲੀ।

''ਇਹਦੀ ਬੇਬੇ ਨੂੰ ਚੋਦਿਆ, ਨਿੱਤ ਆਹਰ ਕਰਾਉਂਦਾ ਸੀ - ਆਹ ਪਿਆ ਐ ਬੱਕਰੇ ਮਾਂਗੂੰ ਵੱਢ ਕੇ ਸਿੱਟਿਆ -ਲੈ ਜਾਵੇ ਕੀਹਦਾ ਕੁਝ ਐ ਇਹੇ...!'' ਪ੍ਰੀਤਮ ਪਤਾ ਨਹੀਂ ਕਿਸ ਨੂੰ ਲਲਕਾਰ ਕੇ ਕਹਿ ਰਿਹਾ ਸੀ।

''ਐਹੋ ਜੇ ਆਸ਼ਕ ਇਉਂ ਈਂ ਵੱਢੀਂਦੇ ਐ...!'' ਜਿੰਦਰ ਨੇ ਬੱਕਰਾ ਬੁਲਾਇਆ। ਉਸ ਦੀਆਂ ਅੱਖਾਂ ਖ਼ੂਨੀ ਅਤੇ ਨੱਕ ਫ਼ੈਲਰਿਆ ਹੋਇਆ ਸੀ।

ਸੂਰਜ ਜਿਵੇਂ ਲੁਕ ਗਿਆ ਸੀ ਜਾਂ ਸ਼ਾਇਦ ਸੂਰਜ ਅੰਨ੍ਹਾਂ ਹੋ ਗਿਆ ਸੀ। ਛਿਪਦੀ ਵਾਲੇ ਪਾਸਿਓਂ ਕਾਲੀ ਬੋਲੀ ਹਨ੍ਹੇਰੀ ਚੜ੍ਹ ਆਈ ਸੀ। ਜਿਵੇਂ ਅਸਮਾਨ ਫਟਣ ਵਾਲਾ ਸੀ ਜਾਂ ਧਰਤੀ ਗਰਕਣ ਵਾਲੀ ਸੀ। ਜਾਂ ਫਿਰ ਕੋਈ ਪਰਲੋਂ ਆਉਣ ਵਾਲੀ ਸੀ।

ਪਿੰਡ ਵਿਚ ਹਾਹਾਕਾਰ ਮੱਚ ਗਈ।

ਸਿਆਣੇ, ਬੁਜ਼ਰਗ ਲੋਕ ਮੱਥੇ 'ਤੇ ਹੱਥ ਮਾਰ ਮਾਰ ਦੁਰ-ਦੁਰ ਕਰਦੇ ਸਨ। ਸਾਰੇ ਪਿੰਡ ਵਿੱਚ ਮੌਤ ਵਰਗੀ ਚੁੱਪ ਛਾ ਗਈ ਸੀ। ਜਿਵੇਂ ਪਿੰਡ ਉਜੜ ਗਿਆ ਸੀ। ਗਲੀਆਂ ਵਿੱਚ ਕੁੱਤੇ ਅਤੇ ਕੋਠਿਆਂ 'ਤੇ ਬਿੱਲੀਆਂ ਰੋ ਰਹੀਆਂ ਸਨ। ਕਾਵਾਂ ਨੇ ਕਾਵਾਂ ਰੌਲੀ ਮਚਾ ਰੱਖੀ ਸੀ। ਹੱਡਾਂਰੋੜੀ ਵੱਲੋਂ ਕੋਈ ਗਿਰਝ ਚੀਕ ਰਹੀ ਸੀ!

ਬਹੁਤ ਹੀ ਬੁਰੀ, ਦਿਲ ਹਿਲਾਊ, ਭਿਆਨਕ ਹੋਣੀ ਵਰਤੀ ਸੀ। ਕਿਤੇ ਹੋਈ ਨਾ ਸੁਣੀ, ਜਿਵੇਂ ਅਚਾਨਕ ਹੀ ਪਿੰਡ ਦੀ ਸ਼ਾਮਤ ਜਿਹੀ ਆ ਗਈ ਸੀ। ਜਿਵੇਂ ਅਚਾਨਕ ਪਿੰਡ ਤੇ ਅੱਗ ਵਰ੍ਹੀ ਹੋਵੇ।

ਬਿੱਲੂ ਦਾ ਮਾਮਾ, ਮਾਮੀ ਅਤੇ ਅੱਧਾ ਪਿੰਡ ਬੋਹੜ ਹੇਠਾਂ ਪੁੱਜ ਗਿਆ। ਬੁੜ੍ਹੀਆਂ ਰੋ ਰਹੀਆਂ ਸਨ।

ਬਿੱਲੂ ਨੂੰ ਸਰਪੰਚ ਦੀ ਟਰਾਲੀ ਵਿੱਚ ਪਾ ਕੇ ਹਸਪਤਾਲ ਪਹੁੰਚਾਇਆ ਗਿਆ। ਉਸ ਵਿਚ ਕੋਈ ਕੋਈ ਸਾਹ ਚੱਲ ਰਿਹਾ ਸੀ। ਬਹੁਤ ਖ਼ੂਨ ਵਗ ਜਾਣ ਕਾਰਨ ਉਸਦਾ ਚਿਹਰਾ ਜ਼ਰਦ ਹੋ ਗਿਆ ਸੀ। ਉਸ ਦੇ ਕੱਪੜੇ ਖ਼ੂਨ ਨਾਲ ਗੱਚ ਸਨ। ਮੱਖੀਆਂ ਭਿਣਕ ਰਹੀਆਂ ਸਨ। ਹਰ ਇਕ ਦੀ ਜ਼ੁਬਾਨ ਤੇ ਸੀ, ''ਬਚਦਾ ਨਹੀਂ...!''

ਡਾਕਟਰ ਨੇ ਖਤਰਨਾਕ ਹਾਲਤ ਦੇਖ ਕੇ ਜਵਾਬ ਦੇ ਦਿੱਤਾ। ਡਾਕਟਰ ਸਿਰ ਹੀ ਫੇਰ ਗਿਆ ਸੀ। ਪਰ ਅਸਲ ਗੱਲ ਕਹਿਣ ਲਈ ਸ਼ਾਇਦ ਉਸ ਕੋਲ ਸਾਹਸ ਹੀ ਨਹੀਂ ਸੀ। ਨਰਸਾਂ ਬਿੱਲੂ ਨੂੰ ਤੱਕ ਕੇ ਡਰ ਗਈਆਂ। ਇਤਨਾ ਸੋਹਣਾ, ਸੁਣੱਖਾ, ਸ਼ੇਰ ਵਰਗਾ ਜੁਆਨ ਪੋਰੀਆਂ-ਪੋਰੀਆਂ ਕੀਤਾ ਪਿਆ ਸੀ।

''ਡਾਕਟਰ ਸਾਹਬ-ਕੋਸ਼ਟ ਤਾਂ ਕਰੋ ਮਾੜੀ ਜੀ।'' ਨਾਹਰ ਸਿੰਘ ਨੇ ਭਰੇ ਸੰਘ ਨਾਲ ਕਿਹਾ। ਉਸ ਦੇ ਜੋੜੇ ਹੱਥ ਕੰਬ ਰਹੇ ਸਨ।

''ਨਹੀਂ ਸਰਪੈਂਚ ਸਾਹਬ - ਮੈਂ ਕੁਝ ਨਹੀਂ ਕਰ ਸਕਦਾ - ਇਸ ਨੂੰ ਪੀ.ਜੀ.ਆਈ. ਲੈ ਜਾਵੋ।'' ਡਾਕਟਰ ਲੱਤ ਹੀ ਨਹੀਂ ਲਾ ਰਿਹਾ ਸੀ। ਉਹ ਨਾਹਰ ਸਿੰਘ ਦੀ ਥਾਂ ਸਰਪੰਚ ਨੂੰ ਸੰਬੋਧਨ ਹੋਇਆ।

''ਡਾਕਟਰ ਸਾਹਬ - ਅਸੀਂ ਮਿੰਨਤ ਕਰਦੇ ਆਂ।'' ਸਰਪੰਚ ਨੇ ਕਿਹਾ।

''ਪੀ. ਜੀ.ਆਈ. ਜਾਂਦਿਆਂ ਤਾਂ ਬਹੁਤ ਦੇਰ ਹੋਜੂਗੀ।''

''ਨਹੀਂ ਸਰਪੈਂਚ ਸਾਹਬ - ਬਹੁਤ ਦੇਰ ਹੋ ਗਈ ਐ - ਮੈਂ ਕੁਝ ਨਹੀਂ ਕਰ ਸਕਦਾ।'' ਡਾਕਟਰ ਨੇ ਉਕਾ ਹੀ ਝੱਗਾ ਚੁੱਕ ਦਿੱਤਾ।

''ਕੁੱਤਿਆ ਕਰਾੜਾ - ਜੇ ਮੁੰਡੇ ਨੂੰ ਕੁਛ ਹੋ ਗਿਆ, ਤੇਰੀ ਭੈਣ ਦੀ...ਅਸੀਂ ਜਰੂਰ

ਦਿਆਂਗੇ।'' ਸਰਪੰਚ ਗੁੱਸੇ ਨਾਲ ਪਾਗਲ ਹੋ ਗਿਆ ਸੀ। ਉਸਦਾ ਦਿਲ ਕਰਦਾ ਸੀ ਕਿ ਡਾਕਟਰ ਦੀ ਮੂਲੀ ਵਰਗੀ ਧੌਣ ਜੜ੍ਹਾਂ 'ਚੋਂ ਖਿੱਚ ਦੇਵੇ।

''ਅੰਦਰ ਲੈ ਚੱਲੋ...!'' ਡਾਕਟਰ ਦੀ ਸੁਰਤ ਟਿਕਾਣੇ ਆ ਗਈ। ਉਸ ਦੇ ਗੰਜ 'ਤੇ ਉੱਗੇ ਹੋਏ ਚਾਰ ਕੁ ਵਾਲ ਡਰ ਨਾਲ ਕੰਡੇਰਨੇ ਵਾਂਗ ਖੜ੍ਹੇ ਹੋ ਗਏ ਸਨ। ਵਿੰਗੀਆਂ ਲੱਤਾਂ ਜੁਲਾਹੇ ਦੀ ਤਾਣੀ ਵਾਂਗ ਕੰਬਣ ਲੱਗ ਪਈਆਂ ਸਨ।

ਬਿੱਲੂ ਨੂੰ ਦਾਖਲ ਕਰ ਲਿਆ ਗਿਆ। ਗੁਲੂਕੋਜ ਲਾਇਆ ਗਿਆ, ਟੀਕੇ ਲਾਏ ਗਏ। ਪੈਨਸਲੀਨ ਟੈਸਟ ਕੀਤੀ ਗਈ, ਖੂਨ ਦਿੱਤਾ ਗਿਆ। ਧੁਣਖਵਾਅ ਦਾ ਟੀਕਾ ਲਾਇਆ ਗਿਆ। ਫੱਟਾਂ ਤੇ ਟਾਂਕੇ ਲਾ ਦਿੱਤੇ ਗਏ।

ਡਾਕਟਰ ਨੇ ਟੈਲੀਫੋਨ ਤੇ ਪੁਲੀਸ ਨੂੰ ਖ਼ਬਰ ਕਰ ਦਿੱਤੀ। ਇਕ ਸਿਪਾਹੀ ਅਤੇ ਹੌਲਦਾਰ ਆ ਕੇ ਬਿੱਲੂ ਦੀ ਹਾਲਤ ਦੇਖ ਗਏ ਅਤੇ ਡਾਕਟਰੀ ਰਿਪੋਰਟ ਲੈ ਕੇ ਵਾਰਸਾਂ ਨੂੰ ਠਾਣੇ ਆਉਣ ਲਈ ਹਦਾਇਤ ਕਰ ਗਏ ਸਨ।

ਬਿੱਲੂ ਦਾ ਬਾਪੂ ਅਤੇ ਬੇਬੇ ਧਾਹਾਂ ਮਾਰਦੇ ਹਸਪਤਾਲ ਪਹੁੰਚ ਗਏ। ਪਰ ਡਾਕਟਰ ਨੇ ਬਿੱਲੂ ਕੋਲ ਜਾਣਾ ਸਖ਼ਤ ਮਨ੍ਹਾਂ ਕੀਤਾ ਹੋਇਆ ਸੀ। ਪਰ ਬਿੱਲੂ ਦੀ ਮਾਂ ਨਰਸਾਂ ਤੋਂ ਛੁੱਟ-ਛੁੱਟ ਕੇ ਭੱਜਦੀ ਸੀ। ਹਾਲੋਂ ਬੇਹਾਲ ਸੀ। ਭਾਵੇਂ ਨਰਸਾਂ ਨੇ ਧਰਵਾਸ ਦੁਆਇਆ ਸੀ, ''ਮਰੀਜ਼ ਦੀ ਹਾਲਤ ਪਲ-ਪਲ ਸੁਧਰ ਰਹੀ ਐ।'' ਪਰ ਕੁੱਖੋਂ ਜੰਮੇ ਪੁੱਤ ਨੂੰ ਤੱਕਣ ਲਈ ਮਾਂ ਉਤਾਵਲੀ ਹੋਈ ਪਈ ਸੀ। ਉਸਦਾ ਦਿਲ ਡੁੱਬ ਰਿਹਾ ਸੀ। ਮਾਂ, ਪੁੱਤ ਦਾ ਮੂੰਹ ਦੇਖਣ ਲਈ ਹਾਬੜ ਹੀ ਤਾਂ ਗਈ ਸੀ।

''ਮੈਨੂੰ ਨਹੀਂ ਸੀ ਪਤਾ ਬਈ ਡੁੱਬੜੇ ਦਾ ਪਿੰਡ ਕਿਉਂ ਨ੍ਹੀ ਜੀਅ ਲੱਗਦਾ? ਮੇਰਾ ਭੋਲਾ ਭਾਲਾ ਪੁੱਤ - ਮੈਨੂੰ ਕੀ ਪਤਾ ਸੀ, ਬਈ ਕਿਸੇ ਚੰਡਾਲਣੀ ਦੇ ਜਾਲ 'ਚ ਫਸਿਆ ਫਿਰਦੈ?'' ਮਾਂ, ਇਕੱਲੀ, ਪਾਗਲਾਂ ਵਾਂਗ ਗੱਲਾਂ ਕਰ ਰਹੀ ਸੀ।

''ਮਾਂ ਜੀ-ਦੁਆਈ ਪੀਓ...!''ਇਕ ਨਰਸ ਗਿਲਾਸ ਵਿੱਚ ਦੁਆਈ ਪਾਈ ਖੜ੍ਹੀ ਸੀ।

“ਇਹ ਦੁਆਈ ਮੈਨੂੰ ਕਾਹਦੀ ਦਿੰਨੀਂ ਐ ਧੀਏ? ਮੇਰੇ ਪੁੱਤ ਨੂੰ ਦੇਹ ਖਾਂ! ਹਾਂ ਧੀਏ, ਦੇਹ ਮੇਰੇ ਪੁੱਤ ਨੂੰ-ਉਹ ਰਾਜੀ ਹੋਵੇ, ਡੁੱਬੜਾ।'' ਮਾਂ ਨੇ ਆਖਿਆ।

''ਮਾਂ ਜੀ-ਦੁਆਈ ਪੀਓ-ਤੁਹਾਡਾ ਦਿਲ ਟਿਕਾਣੇ ਆ ਜਾਵੇਗਾ।'' ਨਰਸ ਆਖ ਰਹੀ ਸੀ।

''ਲੈ ਹੈ ਧੀਏ-ਮੇਰੇ ਦਿਲ ਨੂੰ ਕੀ ਹੋਇਐ? ਮੇਰਾ ਦਿਲ ਤਾਂ ਪਹਾੜ ਵਰਗਾ ਐ - ਹੈ ਕਮਲੀ! ਜੱਟੀ ਦੇ ਦਿਲ ਨੂੰ ਕੁਛ ਨਹੀਂ ਹੁੰਦਾ।'' ਮਾਂ ਨੇ ਬਹੁਤ ਜ਼ਿੱਦ ਕੀਤੀ। ਪਰ ਅਖੀਰ ਨਰਸ ਨੇ ਦੁਆਈ ਪਿਲਾ ਹੀ ਦਿੱਤੀ। ਕੁਝ ਪਲਾਂ ਵਿੱਚ ਹੀ ਉਹ ਸੌਂ ਗਈ। ਨਰਸਾਂ ਨੇ ਉਸ ਨੂੰ ਚੁੱਕ ਕੇ ਇਕ ਬੈੱਡ 'ਤੇ ਪਾ ਦਿੱਤਾ।

ਰਾਤ ਦੇ ਨੌਂ ਕੁ ਵਜੇ ਬਿੱਲੂ ਦਾ ਮਾਮਾ ਨਾਹਰ ਸਿੰਘ ਅਤੇ ਬਾਪੂ ਬਲਵੰਤ ਸਿੰਘ ਠਾਣੇ ਪੁੱਜ ਗਏ।

ਉਨ੍ਹਾਂ ਨੇ ਸੰਤਰੀ ਨੂੰ ਦਸਾਂ ਦਾ ਨੋਟ ਦਿੱਤਾ ਅਤੇ ਅੰਦਰ ਚਲੇ ਗਏ। ਠਾਣੇ ਦੇ ਇਕ ਖੂੰਜੇ ਮੁਣਸ਼ੀ ਅਤੇ ਦੋ ਸਿਪਾਹੀ ਕਿਸੇ ਨੂੰ ਢਾਹੀ ਬੈਠੇ ਸਨ। ਉਹ ਬੱਕਰੇ ਵਾਂਗ ਹੇਠ ਪਿਆ ਮਿਆਂਕ ਰਿਹਾ ਸੀ। ਪਰ ਮੁਣਸ਼ੀ ਲਗਾਤਾਰ ਉਸ ਦੇ ਗਿੱਟੇ ਕੁੱਟ ਰਿਹਾ ਸੀ।

''ਤੂੰ ਪੁਲਸ ਆਲਿਆਂ ਨੂੰ ਸਮਝਦਾ ਕੀ ਐਂ ਉਏ, ਹਰਾਮ ਦਿਆ...? ਤੇਰੀ ਮਾਂ ਦੀ...ਤੇਰੀ ਦੀ!''

''ਮਾਪਿਓ, ਗਲਤੀ ਹੋਗੀ - ਬਾਪੂ ਕਹਾ ਲੋ - ਹੁਣ ਨਹੀਂ ਗਲਤੀ ਕਰਦਾ।'' ਉਹ ਸੁੱਜੇ ਹੱਥ ਜੋੜ-ਜੋੜ ਤਰਲੇ ਕਰੀ ਜਾ ਰਿਹਾ ਸੀ।

''ਥੋਡੀ ਬੁੜ੍ਹੀ ਤੇ ਗਧੇ ਚੜ੍ਹਨ - ਤੂੰ ਗਲਤੀ ਕੀਤੀ ਕਿਉਂ? ਤੂੰ ਸਾਨੂੰ ਫੂੱਦੂ ਸਮਝਦੈਂ?'' ਸਿਪਾਹੀ ਨੇ ਡੰਡਿਆਂ ਦਾ ਮੀਂਹ ਵਰ੍ਹਾ ਦਿੱਤਾ। ਬਰੜਾਹਟ ਹੋਰ ਉੱਚਾ ਉੱਠਿਆ। ਹਵਾਲਾਤ ਵਿੱਚ ਬੈਠੇ ਕੈਦੀ ਭਿਆਨਕ ਦ੍ਰਿਸ਼ ਦੇਖ ਕੇ ਕੰਬ ਰਹੇ ਸਨ। ਕੋਈ ਬੋਲਣ ਦਾ ਹੀਆਂ ਨਹੀਂ ਕਰਦਾ ਸੀ। ਕੌਣ ਕਹਿੰਦਾ ਰਾਣੀ ਅੱਗਾ ਢਕ? ਜਾਂਦੀਏ ਬਲਾਏ ਦੁਪਿਹਰਾ ਕੱਟ ਜਾਹ? ਸਾਰੇ ਹਵਾਲਾਤੀਏ ਰੱਬ

ਦਾ ਭਾਣਾ ਮੰਨਦੇ ਚੁੱਪ ਚਾਪ ਸਭ 'ਸਤਿ' ਕਰਕੇ ਦੇਖ ਰਹੇ ਸਨ।

''ਇਸ ਮੁੰਡੇ ਨੇ ਕੀਤਾ ਕੀ ਐ...?'' ਨਾਹਰ ਸਿੰਘ ਨੇ ਪਿੱਛੇ ਮੁੜ ਕੇ ਸੰਤਰੀ ਨੂੰ ਪੁੱਛਿਆ।

''ਇਹਨੇ ਮੁਣਸ਼ੀ ਨੂੰ ਸਕੂਟਰ ਨਹੀਂ ਦਿੱਤਾ - ਮੁਣਸ਼ੀ ਨੇ ਸਹੁਰੀ ਜਾਣਾ ਸੀ।'' ਸੰਤਰੀ ਨੇ ਬੜੇ ਅਰਾਮ ਨਾਲ ਉੱਤਰ ਮੋੜਿਆ। ਜਿਵੇਂ ਉਹ ਕਿਸੇ ਪਰੀ ਦੀ ਕਹਾਣੀ ਸੁਣਾ ਰਿਹਾ ਸੀ।

''ਫੇਰ ਇਹਨੂੰ ਕੁੱਟਦੇ ਕਿਉਂ ਐਂ...? ਅਗਲੇ ਦੀ ਚੀਜ਼ ਐ ਦੇਵੇ ਨਾ ਦੇਵੇ - ਅਗਲੇ ਦੀ ਮਰਜੀ!'' ਬਲਵੰਤ ਸਿੰਘ ਨੇ ਗੁੱਸੇ ਦੀ ਲਹਿਰ ਵਿੱਚ ਕਿਹਾ।

''ਇਹਦੀਆਂ ਇਹੀ ਜਾਣੇ - ਪਰ ਸਰਦਾਰੋ, ਤੁਸੀਂ ਬੰਦੇ ਸਾਊ ਲੱਗਦੇ ਓਂ - ਦੇਖਿਓਂ ਕਿਤੇ ਕੁਛ ਕਹਿ ਕੇ ਡੂੰਮਣਾਂ ਮਖਿਆਲ ਛੇੜ ਲਵੋਂ - ਹੋਰ ਤਾਂ ਥੋਨੂੰ ਧੌਣ 'ਤੇ ਕਰ ਦੇਵੇ।'' ਸੰਤਰੀ ਨੇ ਖਬਰਦਾਰ ਕੀਤਾ, ਜੋ ਅੜਬ ਕੁੱਕੜ ਵਾਂਗ ਬੜੇ ਆਰਾਮ ਨਾਲ ਟਹਿਲ ਰਿਹਾ ਸੀ।

ਉਹ ਚੁੱਪ ਚਾਪ ਅੰਦਰ ਚਲੇ ਗਏ।

''ਸਾਸਰੀਕਾਲ ਜੀ...!''

''ਤੁਸੀਂ ਕੌਣ ਐ, ਐਸ ਵੇਲੇ...?'' ਮੁਣਸ਼ੀ ਗਲ ਨੂੰ ਆਇਆ। ਉਸਦਾ ਸਾਹ ਚੜ੍ਹਿਆ ਹੋਇਆ ਸੀ।

''ਅਸੀਂ ਜੀ, ਰਪਟ ਲਿਖਾਉਣ ਆਏ ਆਂ।'' ਨਾਹਰ ਸਿੰਘ ਨੇ ਬੜੀ ਧੀਮੀ ਆਵਾਜ਼ ਵਿੱਚ ਕਿਹਾ।

''ਆਹ ਰਪਟ ਲਿਖਾਉਣ ਦਾ ਕੋਈ ਟੈਮ ਐ...?''

''ਮਹਾਰਾਜ, ਹਸਪਤਾਲ 'ਚ ਕੁਛ ਜ਼ਿਆਦਾ ਹੀ ਟਾਈਮ ਲੱਗ ਗਿਆ।''

''ਇਹ ਗੁਰਦਆਰਾ ਨਹੀਂ ਸਰਦਾਰੋ - ਬਈ ਜਦੋਂ ਮਰਜੀ ਮੱਥਾ ਟੇਕਣ ਆ ਵੜ੍ਹੋਂ - ਇਹ ਠਾਣਾਂ ਐ, ਠਾਣਾਂ...! ਜੀਹਨੂੰ ਸੁਧਾਰ ਘਰ ਆਖਦੇ ਐ...! ਇੱਥੇ ਟੈਮ 'ਤੇ, ਕਾਨੂੰਨੀ ਤੌਰ

'ਤੇ ਆਇਆ ਜਾਂਦੈ...!'' ਮੁਣਸ਼ੀ ਨੇ ਮੁੱਛਾਂ ਪਿੱਛੇ ਹਟਾ ਕੇ ਬੁੱਲਾਂ 'ਤੇ ਜੀਭ ਫੇਰੀ। ਬੁੱਲ੍ਹ ਦੀ ਫੁਲਬਹਿਰੀ ਨੇ 'ਝਾਤ' ਆਖੀ।

ਨਾਹਰ ਸਿੰਘ ਕਹਿਣਾ ਚਾਹੁੰਦਾ ਸੀ, ''ਥੋਡਾ ਆਹ ਬੜਾ ਕਾਨੂੰਨ ਐਂ? ਬੇਕਸੂਰ ਨੂੰ ਕੁੱਟੀ ਜਾਨੇ ਐਂ...?'' ਪਰ ਉਹ ਕਸੂਤੇ ਸਮੇਂ ਦੀ ਨਜ਼ਾਕਤ ਸਮਝਦਾ ਚੁੱਪ ਸੀ।

''ਠਾਣੇ ਆਉਣ ਦਾ ਢੰਗ ਸਿੱਖੋ...! ਤਰੀਕਾ ਸਿੱਖੋ...!'' ਮੁਣਸ਼ੀ ਕੋਈ 'ਖਾਸ ਤਰੀਕਾ' ਸਮਝਾ ਰਿਹਾ ਲੱਗਦਾ ਸੀ। ਉਸ ਦੀਆਂ ਚੁਸਤ ਅੱਖਾਂ ਜੇਬਾਂ 'ਤਾੜ' ਰਹੀਆਂ ਸਨ।

''......!'' ਦੋਨੋਂ ਚੁੱਪ ਸਨ।

''ਹਾਂ ਬੋਲੋ...?'' ਮੁਣਸ਼ੀ ਨੇ ਉਂਗਲਾ ਵਿੱਚ ਪੈਨ ਫ਼ਸਾ ਕੇ ਅਖਿਆ।

ਸਕੂਟਰ ਵਾਲੇ ਨੂੰ ਹਵਾਲਾਤ ਵਿੱਚ ਤਾੜ ਦਿੱਤਾ ਗਿਆ। ਦਰਦਾਂ ਮਾਰਿਆਂ ਉਹ ਕਸੀਸ ਵੱਟੀ ਅਜੇ ਵੀ ਤੜਪ ਰਿਹਾ ਸੀ।

''ਜੀ ਥੋਨੂੰ ਹੌਲਦਾਰ ਸਾਹਬ ਨੇ ਕੁਛ ਨਹੀਂ ਦੱਸਿਆ...?'' ਨਾਹਰ ਸਿੰਘ ਹੈਰਾਨ ਸੀ।

''ਬਿਲਕੁਲ ਨਹੀਂ...!'' ਮੁਣਸ਼ੀ ਮਸ਼ੀਨ ਵਾਂਗ ਬੋਲਿਆ।

''ਹੌਲਦਾਰ ਸਾਹਬ ਕਿੱਥੇ ਐ...?''

''ਘਰੇ ਚਲਿਆ ਗਿਆ।'' ਉਹ ਦਬਾ-ਸੱਟ ਗੱਲ ਨਬੇੜ ਰਿਹਾ ਸੀ।

''ਜੀ ਮੇਰਾ ਭਾਣਜਾ ਵੱਢ ਧਰਿਆ।''

''ਕੀਹਨੇ...?''

''ਪ੍ਰੀਤਮ ਸਿੰਘ ਤੇ ਜਿੰਦਰ ਸਿੰਘ ਨੇ।''

''ਫੇਰ...?'' ਉਸ ਨੇ ਲਾਲ ਅੱਖਾਂ ਦੀ ਸ਼ਿਸ਼ਤ ਬੰਨ੍ਹ ਲਈ।

''ਉਹਨਾਂ ਨੂੰ ਗ੍ਰਿਫਤਾਰ ਕਰੋ...।''

"ਫੋਕੋ ਫੋਕੀ 'ਚ ਈ...?''ਮੁਣਸ਼ੀ ਬੇਸ਼ਰਮਾਂ ਵਾਂਗ ਮੁਸਕਰਾਇਆ।

ਬਲਵੰਤ ਸਿੰਘ ਨੇ ਇਕ ਹਜ਼ਾਰ ਰੁਪਏ ਮੁਣਸ਼ੀ ਵੱਲ ਨੂੰ ਕੀਤੇ, ਮੁਣਸ਼ੀ ਨੇ ਉਂਗਲਾਂ ਦੀ ਚਿਮਟੀ ਬਣਾ ਕੇ ਫੜ੍ਹ ਲਏ।

"ਬੈਠੋ...!'' ਮੁਣਸ਼ੀ ਨੇ ਉਹਨਾਂ ਵੱਲ ਕੁਰਸੀ ਕਰ ਦਿੱਤੀ। ਉਹ ਬੈਠ ਗਏ।

"ਡਾਕਟਰੀ ਰਿਪੋਰਟ ਕਿੱਥੇ ਐ...? ਹੁਣੇ ਜੜੀਏ ਕੋਕੇ...!''

''ਉਹੋ...! ਉਹ ਤਾਂ ਅਸੀਂ ਭੁੱਲ ਈ ਆਏ - ਮੁਣਸ਼ੀ ਜੀ, ਡਮਾਕ ਨੇ ਕੰਮ ਨਹੀਂ ਕੀਤਾ।'' ਨਾਹਰ ਸਿੰਘ ਨੇ ਮੱਥੇ ਤੇ ਹੱਥ ਮਾਰਿਆ।

''ਕੋਈ ਗੱਲ ਨਹੀਂ –ਆਪਾਂ ਸਿਪਾਹੀ ਭੇਜ ਕੇ ਮੰਗਵਾ ਲੈਨੇ ਆਂ। ਇਹ ਕਾਹਦੇ ਆਸਤੇ ਰੱਖੇ ਐ ਸਾਲੇ, ਰੋਟੀਆਂ ਤੋੜ।'' ਮੁਣਸ਼ੀ ਸਿੱਧਾ ਹੋ ਗਿਆ ਸੀ। ਉਸਨੇ ਇਕ ਸਿਪਾਹੀ ਹਸਪਤਾਲ ਨੂੰ ਰੇਵੀਏ ਪਾ ਦਿੱਤਾ।

ਅੱਧੇ ਘੰਟੇ 'ਚ ਡਾਕਟਰੀ ਰਿਪੋਰਟ ਪਹੁੰਚ ਗਈ। ਮੁਣਸ਼ੀ ਨੇ ਸਾਰੀ ਗੱਲ ਬੜੇ ਪਿਆਰ ਨਾਲ ਸੁਣੀ ਅਤੇ ਬੜੇ ਧਿਆਨ ਨਾਲ ਸੋਚ ਸਮਝ ਕੇ ਰੋਜਨਾਮਚੇ ਉਪਰ ਰਿਪੋਰਟ ਦਰਜ ਕੀਤੀ। ਉਹ ਬੜੇ ਹੌਂਸਲੇ ਨਾਲ ਪੈਨਸਲ ਚਲਾ ਰਿਹਾ ਸੀ।

ਠਾਣੇਦਾਰ ਦਫ਼ਤਰ ਵੱਲ ਨੂੰ ਆਇਆ। ਪਰ ਮੁਣਸ਼ੀ ਦੇ ਚਿਹਰੇ ਤੇ ਤਸੱਲੀ, ਸੰਤੁਸ਼ਟੀ ਦੇਖ ਕੇ ਮੁੱਛਾਂ ਕੁੰਢੀਆਂ ਕਰਦਾ ਭੇਦਭਰੀ ਸੋਚ ਵਿਚ ਹੀ ਵਾਪਿਸ ਮੁੜ ਗਿਆ।

''ਅਸੀਂ ਸਵੇਰੇ ਤੜਕੇ ਪਹੁੰਚਾਂਗੇ।'' ਮੁਣਸ਼ੀ ਨੇ ਹਜ਼ਾਰ ਦਾ ਮੁੱਲ ਮੋੜਦਿਆਂ ਕਿਹਾ।

''ਅੱਛਾ ਜੀ।''

''ਹੁਣ ਤੁਸੀਂ ਜਾਓ...! ਅਰਾਮ ਕਰੋ...!'' ਉਸਨੇ ਹੁਕਮ ਫੁਰਮਾਇਆ।

ਉਹ ਤੁਰ ਗਏ।

ਸੂਰਜ ਦੀ ਪਹਿਲੀ ਕਿਰਨ ਨਾਲ ਹੀ ਪੁਲੀਸ ਪਹੁੰਚ ਗਈ। ਪੁਲਸ ਦਾ ਤਕਰੀਬਨ ਟਰੱਕ ਭਰਿਆ ਹੋਇਆ ਸੀ। ਠਾਣੇਦਾਰ ਪੂਰਾ ਹਰਖ਼ਿਆ ਹੋਇਆ ਸੀ।

ਪ੍ਰੀਤਮ ਸਿੰਘ ਦੇ ਘਰ ਨੂੰ ਘੇਰ ਲਿਆ। ਪਰ ਪ੍ਰੀਤਮ ਅਤੇ ਜਿੰਦਰ ਆਲੋਪ ਸਨ। ਠਾਣੇਦਾਰ ਦੇ ਹੁਕਮ ਅਨੁਸਾਰ ਸਿਪਾਹੀ ਕਣਕ ਵਾਲੇ ਭੜੋਲਿਆਂ ਵਿੱਚ ਠੁੱਡ ਮਾਰਦੇ ਫਿਰਦੇ ਸਨ। ਹਾਰਿਆਂ ਵਿਚ ਲੱਤਾਂ ਮਾਰਦੇ ਸਨ। ਠਾਣੇਦਾਰ ਦੀਆਂ ਅੱਖਾਂ ਵਿੱਚ ਕਹਿਰ ਸੀ। ਦੇਖਣ ਵਾਲੇ ਦਾ ਸੀਤ ਨਿਕਲਦਾ ਸੀ। ਮੱਥੇ ਤੇ ਪਸੀਨਾ ਛੁੱਟ ਪੈਂਦਾ ਸੀ।

ਸਿਪਾਹੀਆਂ ਨੇ ਬਥੇਰੀ ਖਪਾਈ ਕੀਤੀ, ਖੁਰਗੋ ਪੱਟੀ। ਮੰਜਿਆਂ, ਪੇਟੀਆਂ ਹੇਠ ਪੈ ਪੈ ਕੇ ਦੇਖਿਆ। ਪਰ ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਅੰਦਰੋਂ ਪ੍ਰਗਟ ਨਾ ਹੋਏ। ਠਾਣੇਦਾਰ ਹੋਰ ਭੂਸਰ ਗਿਆ। ਉਸ ਨੇ ਮੀਤੀ ਅਤੇ ਮੀਤੀ ਦੀ ਮਾਂ ਕਰਮੋਂ ਨੂੰ ਧਰਮਸ਼ਾਲਾ ਵਿੱਚ ਸੱਦ ਲਿਆ। ਉਹ ਕੁਰਸੀ 'ਤੇ ਮੱਚਿਆ ਬੈਠਾ ਸੀ।

''ਮੁੰਡਾ ਵਢਵਾ ਕੇ ਖਸਮ ਲਕੋਇਆਂ ਘਾਣੀ ਸੁਤ ਨਹੀਂ ਆਉਣੀ...!'' ਠਾਣੇਦਾਰ ਕੜਕਿਆ। ਉਸ ਦੀਆਂ ਭਿਆਨਕ ਅੱਖਾਂ ਖਾਣ ਨੂੰ ਆਉਂਦੀਆਂ ਸਨ।

''ਬੋਲਦੀ ਨਹੀਂ ਕੁੱਤੀਏ ਰੰਨੇ -ਤੇਰੀ ਮਾਂ ਦੀ...ਦਿੱਤਾ।'' ਹੌਲਦਾਰ ਨੇ ਕਰਮੋ ਦੇ ਗੁੱਟ ਤੇ ਸੋਟੀ ਮਾਰੀ।

''ਮਾਰਤੀ ਵੇ ਪਿੰਡਾ...!'' ਉਹ ਬਿਲਕੀ।

''ਬੋਲ...! ਬੋਲ ਬਹੇਲੇ ਕਿੱਥੇ ਲਕੋਏ ਐ ਦੋਨੋ ਖ਼ਸਮ...?'' ਠਾਣੇਦਾਰ ਨੇ ਡੰਡਿਆਂ ਦਾ ਮੀਂਹ ਵਰ੍ਹਾ ਦਿੱਤਾ।

''ਠਾਣੇਦਾਰ ਸਾਹਬ-ਮੈਨੂੰ ਚਾਹੇ ਗੁਰਦੁਆਰੇ ਚਾਹੜ ਲਓ-ਸਹੁੰ ਪੰਜਾਂ ਭਰਾਵਾਂ ਦੀ, ਮੈਨੂੰ ਨਹੀਂ ਪਤਾ।''

''ਤੇਰਾ ਤਾਂ ਕੋੜਮਾ ਵੀ ਬੋਲੂ - ਇਹਨਾਂ ਕੁੱਤੀ ਨੂੰ ਟਰੱਕ 'ਚ ਲੱਦੋ - ਇਹਦੀ ਮਾਂ ਦੀ...!'' ਠਾਣੇਦਾਰ ਨੇ ਹੁਕਮ ਕੀਤਾ। ਕਰਮੋ ਦੇ ਸਾਹ ਸੁੱਕ ਗਏ।

''ਬਚਾਓ ਵੇ ਪਿੰਡਾ - ਬਹੁੜੀ...!'' ਕਰਮੋ ਨੇ ਦੁਹਾਈ ਦਿੱਤੀ।

''ਸਰਦਾਰ, ਔਰਤ ਪਿੰਡ ਦੀ ਇੱਜ਼ਤ ਐ-ਐਨਾ ਕਹਿਰ ਨਾ ਕਰੋ-।'' ਨੰਬਰਦਾਰ ਨੇ ਸਿਫਾਰਸ਼ ਕੀਤੀ।

''ਬਕਵਾਸ ਬੰਦ ਕਰ ਚੌਰਿਆ...!'' ਠਾਣੇਦਾਰ ਉਸ ਦੇ ਗਲ ਨੂੰ ਆਇਆ, ''ਸੇਕ ਲੱਗੇ ਬਗੈਰ ਤੇਰੇ ਪਤੰਦਰ ਪੇਸ਼ ਕਿਵੇਂ ਹੋਣਗੇ...?''

''ਜਨਾਬ! ਅਸੀਂ ਹਾਮੀ ਭਰਦੇ ਆਂ - ਅਸੀਂ ਪੇਸ਼ ਕਰਾਂਗੇ।'' ਨੰਬਰਦਾਰ ਸਮੇਤ ਪਿੰਡ ਦੇ ਕਈ ਬੰਦਿਆਂ ਨੇ ਆਖਿਆ।

''ਜੇ ਨਾ ਪੇਸ਼ ਹੋਏ, ਫੇਰ...?''

''ਸਰਦਾਰ, ਅਸੀਂ ਕੋਸ਼ਟ ਕਰਾਂਗੇ - ਜੇ ਨਾ ਪੇਸ਼ ਹੋਏ, ਬੁੜ੍ਹੀਆਂ ਤਾਂ ਤੁਸੀਂ ਜਦੋਂ ਮਰਜੀ ਠਾਣੇ ਲਿਜਾ ਸਕਦੇ ਐਂ।''

''ਤੂੰ ਜ਼ਿੰਮੇਵਾਰ ਐਂ?'' ਉਸ ਨੇ ਨੰਬਰਦਾਰ ਨੂੰ ਹੀ ਠੋਹਕਰਿਆ।

''ਹਾਂ ਜੀ...।'' ਉਹ ਸਾਰੇ ਪਿੰਡ ਵੱਲ ਬੇਥਵਾ ਝਾਕਦਾ ਹੋਇਆ ਬੋਲਿਆ।

''ਠੀਕ ਐ...! ਕੱਲ੍ਹ ਤੱਕ ਪੇਸ਼ ਕਰੋ...!'' ਠਾਣੇਦਾਰ ਨੇ ਫ਼ਰਾਟਾ ਜਿਹਾ ਮਾਰਿਆ। ਬਲਗਮ ਨਾਲ ਜਕੜਿਆ ਸੰਘ ਸਾਫ ਹੋ ਗਿਆ।

ਪੁਲਸ ਤੁਰ ਗਈ।

ਪਿੰਡ ਨੇ ਸੁੱਖ ਦਾ ਸਾਹ ਲਿਆ।

ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਬੱਜੋਆਣੇਂ ਵਾਲਿਆਂ ਦੇ ਖੇਤ 'ਚ ਬੈਠੇ ਪੀ ਰਹੇ ਸਨ। ਡਰ ਨਾਲ ਉਹਨਾਂ ਦੇ ਚਿਹਰੇ ਸਹਿਮੇਂ ਹੋਏ ਸਨ। ਰੰਗ ਬੱਗਾ ਅਤੇ ਸਰੀਰ ਕੰਬ ਰਹੇ ਸਨ। ਜਿੰਦਰ ਵਾਰ-ਵਾਰ ਪਿੰਡ ਵੱਲ ਨਜ਼ਰ ਮਾਰਦਾ ਸੀ। ਸ਼ਾਇਦ ਉਹਨਾਂ ਨੂੰ ਕਿਸੇ ਦੀ ਉਡੀਕ ਸੀ। ਜਿਵੇਂ ਕੋਈ ਖ਼ਬਰ ਲੈ ਕੇ ਪਹੁੰਚਣ ਵਾਲਾ ਸੀ।

ਸਾਈਕਲ ਉਪਰ ਚੜ੍ਹ, ਅੜਿੱਕਾ ਬਿੱਜ ਵਾਂਗ ਆ ਵੱਜਿਆ।

''ਕਿਉਂ ਕਿਵੇਂ ਹੋਇਆ...?'' ਜਿੰਦਰ ਨੇ ਕਾਹਲੀ ਨਾਲ ਅੜਿੱਕੇ ਨੂੰ ਪੁੱਛਿਆ।

''ਚਾਚਾ, ਮੰਨੋਂ ਚਾਹੇ ਨਾ ਮੰਨੋ - ਆਪਣਾ ਪਿੰਡ ਹੈ ਚੰਗਾ।'' ਅੜਿੱਕੇ ਨੇ ਸਿਫ਼ਤ ਕੀਤੀ।

''ਕਿਵੇਂ...?''

''ਠਾਣੇਦਾਰ ਨੇ ਤਾਂ ਚਾਚੀ ਤੇ ਗੁੱਡੀ ਨੂੰ ਧਰਮਸ਼ਾਲਾ 'ਚ ਬਿਠਾ ਲਿਆ ਸੀ - ਪਰ ਪਿੰਡ ਨੇ ਵਿੱਚ ਪੈ ਕੇ ਛੁਡਾ ਦਿੱਤਾ।''

''ਅੱਛਾ...!''

''ਨੰਬਰਦਾਰ ਨੇ ਪੇਸ਼ ਕਰਨ ਦਾ ਜ਼ਿੰਮਾ ਲਿਐ।''

''ਪੁਲਸ ਕਿੰਨੀ ਕੁ ਆਈ ਸੀ...?''

''ਬਈ ਚਾਚਾ, ਇਹ ਨਾ ਪੁੱਛ - ਪੁਲਸ ਤਾਂ ਆਪਣੇ ਸਾਰੇ ਪਿੰਡ ਜਿੰਨੀ ਸੀ - ਇਕ ਘੁੱਗੂ ਜਿਆ ਚਪਾਹੀ ਮੇਰੇ ਵੀ ਛਿੱਤਰ ਮਾਰ ਗਿਆ।''

''ਕਾਹਤੋਂ...?''

''ਅਖੇ ਹਾਂ-ਹਾਂ ਕੁੱਤਿਆ ਚੂਹੜਿਆ, ਤੂੰ ਸੁਰਮਾ ਕਿਉਂ ਪਾਇਐ? ਪੁੱਛਣਾਂ ਹੋਵੇ ਬਈ ਸਹੁਰਿਆ, ਸੁਰਮਾ ਹੋਰ ਹੁੰਦਾ ਕਾਸ ਆਸਤੇ ਐ? ਪਰ ਭਾਈ, ਇਹਨਾਂ ਮੂਹਰੇ ਬੋਲੇ ਵੀ ਕੌਣ? ਪਤੰਦਰ ਆ ਨੀਂ ਦੇਖਦੇ, ਤਾਅ ਨੀ ਦੇਖਦੇ-ਬੱਸ ਮੋਰ ਬਣਾ ਲੈਂਦੇ ਐ।''

ਜਿੰਦਰ ਫ਼ੋਕਾ ਜਿਹਾ ਹੱਸ ਪਿਆ।

''ਮੇਰੀ ਮੰਨੋਂ, ਤੁਸੀਂ ਨੰਬਰਦਾਰ ਨੂੰ ਜਰੂਰ ਮਿਲੋ।''

''ਮਿਲਾਂਗੇ - ਪਰ ਤੂੰ ਸਾਨੂੰ ਕੁੱਤੇ ਜੱਟ ਦੀ ਦੇਹ ਖਬਰ, ਜਿਉਂਦਾ ਐ ਕਿ ਮਰ-ਮੁਰ ਗਿਆ?'' ਪ੍ਰੀਤਮ ਸਿੰਘ ਨੇ ਦੰਦ ਪੀਹੇ।

''ਕਹਿੰਦੇ ਐ, ਬਚ ਗਿਆ।''

''ਕੋਈ ਨਾ ਫਿਰ ਸਹੀ, ਕਦੇ-ਕਿਤੇ ਤਾਂ ਸੱਥਰੀ ਪਊਗੀ।'' ਜਿੰਦਰ ਨੇ ਜਾੜ੍ਹ ਘੁੱਟ ਕੇ

ਆਖਿਆ।

''ਕਿਹੜਾ ਸਾਰੀ ਉਮਰ ਜੇਲ੍ਹ 'ਚ ਈ ਬੈਠੇ ਰਹੋਂਗੇ...?'' ਅੜਿੱਕੇ ਨੇ ਪਾਣ ਚਾਹੜੀ।

ਅਸਲ ਵਿੱਚ ਅੜਿੱਕੇ ਦੀ ਨਾਹਰ ਸਿੰਘ ਨਾਲ ਲੱਗਦੀ ਸੀ। ਕਈ ਸਾਲ ਪਹਿਲਾਂ ਅੜਿੱਕਾ, ਨਾਹਰ ਸਿੰਘ ਨਾਲ ਸੀਰੀ ਸੀ। ਉਹ ਉਸ ਦੇ ਖੇਤ ਰਾਤ-ਬਰਾਤੇ, ਚੋਰੀ ਸ਼ਰਾਬ ਕੱਢ ਲਿਆ ਕਰਦਾ ਸੀ। ਵੇਚ ਛੱਡਦਾ ਸੀ ਅਤੇ ਪੀ ਛੱਡਦਾ ਸੀ। ਨਾਹਰ ਸਿੰਘ ਦਾ ਛੋਟਾ ਭਰਾ ਸੁਰਜਣ ਵੀ ਉਸ ਤੋਂ ਘਤਿੱਤਾਂ ਸਿੱਖਦਾ ਜਾ ਰਿਹਾ ਸੀ। ਨਾਹਰ ਸਿੰਘ ਨੇ ਅੜਿੱਕੇ ਨੂੰ ਬਥੇਰਾ ਵਰਜਿਆ। ਪਰ ਉਹ ਬਾਜ਼ ਨਾ ਅਇਆ। ਇਕ ਦਿਨ ਅੱਕੇ ਹੋਏ ਨਾਹਰ ਸਿੰਘ ਨੇ ਪੁਲਸ ਲਿਆ ਕੇ ਅੜਿੱਕੇ ਦੀ ਚਲਦੀ ਸ਼ਰਾਬ ਦੀ ਭੱਠੀ ਉਤੋਂ ਹੀ ਫੜਾ ਦਿੱਤੀ। ਨਤੀਜੇ ਵਜੋਂ ਅੜਿੱਕੇ ਨੂੰ ਛੇ ਮਹੀਨੇ ਦੀ ਕੈਦ ਅਤੇ ਦੋ ਹਜ਼ਾਰ ਜੁਰਮਾਨਾ ਹੋ ਗਿਆ।

ਉਸ ਦਿਨ ਤੋਂ ਅੜਿੱਕਾ, ਨਾਹਰ ਸਿੰਘ ਨਾਲ ਖਾਰ ਖਾਣ ਲੱਗ ਪਿਆ। ਸਿੱਧੇ ਮੱਥੇ ਉਹ ਕੁਝ ਕਰ ਨਹੀਂ ਸਕਦਾ ਸੀ, ਕਿਉਂਕਿ ਨਾਹਰ ਸਿੰਘ ਦੀ ਪਿੰਡ ਵਿੱਚ ਕਾਫੀ ਬਣਦੀ ਸੀ। ਵਿਹੜਾ ਤਾਂ ਸਾਰਾ ਹੀ ਨਾਹਰ ਸਿੰਘ ਨੂੰ ਆਪਣਾ ਰੱਬ ਮੰਨਦਾ ਸੀ। ਜਦ ਵਿਹੜੇ ਵਿੱਚ ਕਿਸੇ ਦੇ ਵਿਆਹ ਸ਼ਾਦੀ ਹੁੰਦੀ ਤਾਂ ਬਾਲਣ, ਛਿਟੀਆਂ ਆਦਿ ਨਾਹਰ ਸਿੰਘ ਦੇ ਖੇਤੋਂ ਹੀ ਜਾਂਦੀਆਂ ਸਨ। ਜਦ ਵਿਹੜੇ ਵਿੱਚ ਕਿਸੇ ਦੀ ਮਰਗ ਹੁੰਦੀ ਤਾਂ ਸਸਕਾਰ ਵਾਸਤੇ ਲੱਕੜ, ਤਿੰਬੜ, ਪਾਥੀਆਂ ਨਾਹਰ ਸਿੰਘ ਹੀ ਦਿੰਦਾ ਸੀ। ਵਿਹੜੇ ਵਿੱਚੋਂ ਭੀੜ ਪੈਣ ਤੇ ਕੋਈ ਵੀ ਲੋੜਵੰਦ ਉਸ ਦੇ ਖੇਤੋਂ ਕੁਝ ਵੀ ਲਿਜਾ ਸਕਦਾ ਸੀ। ਤਖਤੂਪੁਰੇ ਦੇ ਮਾਘੀ ਮੇਲੇ ਤੋਂ ਦੋ ਢਾਈ ਮਹੀਨੇ ਪਹਿਲਾਂ ਨਾਹਰ ਸਿੰਘ ਇਕ ਵਿੱਘਾ ਬਰਸੀਨ ਦਾ ਬਿਜਵਾ ਦਿੰਦਾ। ਜਿਸ ਦਾ ਪਹਿਲਾ ਵੱਢ ਮੇਲੇ ਵੇਲੇ, ਵਿਹੜੇ ਦੇ ਕੰਮ ਹੀ ਆਉਂਦਾ ਸੀ। ਇਸ ਲਈ ਸਾਰਾ ਵਿਹੜਾ ਉਸ ਤੋਂ ਜਾਨ ਦਿੰਦਾ ਸੀ।

ਇੱਕ ਵਾਰੀ ਦੀ ਗੱਲ ਹੈ ਕਿ ਨਾਹਰ ਸਿੰਘ ਦਾ ਕਿਸੇ ਹੋਰ ਪਿੰਡ ਦੇ ਆਦਮੀਆਂ ਨਾਲ ਪੰਜ ਕਿੱਲਿਆਂ ਦਾ ਰੌਲਾ ਚਲਦਾ ਸੀ। ਕੁਦਰਤੀ ਨਾਹਰ ਸਿੰਘ ਪਿੰਡ ਨਹੀਂ ਸੀ, ਕਿਸੇ ਜਰੂਰੀ ਕੰਮ

ਸ਼ਹਿਰ ਗਿਆ ਹੋਇਆ ਸੀ। ਅਚਾਨਕ ਵਿਰੋਧੀ ਧੜਾ ਜ਼ਮੀਨ ਦਾ ਕਬਜ਼ਾ ਲੈਣ ਆ ਗਿਆ। ਉਹਨਾਂ ਕੋਲ ਦੋ ਟਰੈਕਟਰ ਅਤੇ ਤਿੰਨ ਆਦਮੀ ਬੰਦੂਕਾਂ ਵਾਲੇ ਸਨ।

ਬਾਬੂ ਖਾਨ, ਜੋ ਨਾਹਰ ਸਿੰਘ ਦੇ ਖੇਤੋਂ ਘਾਹ ਖੋਤ ਰਿਹਾ ਸੀ, ਉਸ ਨੂੰ ਸਾਰੀ ਕਹਾਣੀ ਦਾ ਪਤਾ ਚੱਲਿਆ ਤਾਂ ਬਾਬੂ ਖਾਨ ਹਵਾ ਦੇ ਝੋਂਕੇ ਵਾਂਗ ਸਾਰੇ ਵਿਹੜੇ ਵਿੱਚ ਫਿਰ ਗਿਆ। ਵਿਹੜੇ ਵਿੱਚ ਹਾਹਾਕਾਰ ਮੱਚ ਗਈ। ਵਿਹੜੇ ਦਾ ਹਰ ਬੰਦਾ, ਬੁੜ੍ਹੀ, ਬੱਚਾ-ਬੱਚੀ ਤਲੈਂਬੜ, ਸੇਲੇ ਅਤੇ ਗੰਡਾਸੇ ਲੈ ਕੇ ਪਹੁੰਚ ਗਿਆ।

''ਫੋੜੀ ਕਢਾਵੇ ਬਚ ਕੇ ਨਾ ਜਾਣ - ਭਤੀਜਿਆਂ ਦੀ ਕਛਨੀ 'ਚ ਮਾਰੋ ਸੇਲਾ...!'' ਮੇਲੋ ਨੇ ਲਲਕਾਰਾ ਮਾਰਿਆ। ਉਸ ਨੇ ਹੱਥ ਵਿੱਚ ਸਾਗ ਚੀਰਨ ਵਾਲੀ ਦਾਤੀ ਫੜ੍ਹੀ ਹੋਈ ਸੀ। ਮੋਟੀਆਂ ਅੱਖਾਂ ਵਿੱਚ ਗੁੱਸਾ ਉੱਬਲ ਰਿਹਾ ਸੀ।

''ਸੂਲ ਹੋਣਿਆਂ ਦੀਆਂ ਨੀਕਰਾਂ ਪਾੜ ਕੇ, ਹੱਥ 'ਚ ਫੜ੍ਹਾ ਕੇ ਤੋਰਿਓ...!'' ਲਿਤਰੋ ਦੇ ਮੂੰਹ 'ਚੋਂ ਝੱਗ ਡਿੱਗ ਰਹੀ ਸੀ। ਉਹ ਕੁਹਾੜੀ ਚੁੱਕੀ ਭੱਜੀ ਆ ਰਹੀ ਸੀ।

''ਕੁੱਤਿਓ ਜੱਟੋ-ਤੁਸੀਂ ਪਿੰਡ ਨੂੰ ਮਰਿਆ ਈ ਸਮਝ ਲਿਆ ਉਏ...?'' ਫ਼ਕੀਰੀਏ ਗੁੱਜਰ ਨੇ ਹੋਕਰਾ ਮਾਰਿਆ। ਉਸ ਦੀ ਲੰਮੀ ਡਾਂਗ ਨਾਲ ਹੱਥ ਲੰਮਾਂ ਸੇਲਾ ਜੜਿਆ ਹੋਇਆ ਸੀ। ਜੋ ਸਰ੍ਹੋਂ ਦੇ ਤੇਲ ਨਾਲ ਤਰ, ਲਿਸ਼ਕ ਰਿਹਾ ਸੀ।

ਵਿਰੋਧੀ ਧੜੇ ਵਿੱਚ ਹਿੱਲਜੁਲ ਪੈਦਾ ਹੋ ਗਈ। ਉਹ ਇਕ ਦਮ ਘਬਰਾ ਗਏ। ਅੱਖਾਂ ਖੜ੍ਹ ਗਈਆਂ। ਸਾਹ ਉਪਰ ਨੂੰ ਹੋ ਗਏ, ਜਦੋਂ ਉਹਨਾਂ ਨੇ ਸਾਰਾ ਵਿਹੜਾ ਹੀ ਖੇਤ ਨੂੰ ਲਮਕਦਾ ਆ ਰਿਹਾ ਦੇਖਿਆ।

''ਭੱਜ ਨਿੱਕਲੋ ਸਾਲਿਓ-ਇਹ ਮਾਰਨਗੇ ਅੱਜ...।'' ਕਬਜ਼ਾ ਲੈਣ ਆਇਆਂ 'ਚੋਂ ਕਿਸੇ ਨੇ ਆਖਿਆ। ਉਹ ਟਰੈਕਟਰ ਕੋਲ ਦੁਚਿੱਤਾ ਹੋਇਆ ਬਾਚੀਆਂ ਭੰਨ ਰਿਹਾ ਸੀ।

''ਭੱਜੋ-ਭੱਜੋ...!'' ਇਕ ਹੋਰ ਨੇ ਲਾਂਗੜ ਕਸ ਲਿਆ। ਉਹ ਮੂੰਹ ਵਿੱਚ ਜਰਦੇ ਦੇ ਦਾਣੇ

ਚਿੱਥ ਰਿਹਾ ਸੀ।

‘‘ਇਹ ਹਨੂੰਮਾਨ ਦੀ ਸੈਨਾਂ ਕਿੱਧਰੋਂ ਆ ਗਈ...?’’ ਕਿਸੇ ਨੇ ਜ਼ਇਜਾ ਲੈਣਾ ਚਾਹਿਆ। ਉਹ ਕਬਜ਼ਿਆਂ 'ਤੇ ਆਮ ਆਉਂਦਾ-ਜਾਂਦਾ ਤਜ਼ਰਬੇਕਾਰ ਸੀ।

‘‘ਵਿਹੜੇ ਦੇ ਮਜ੍ਹਬੀ ਐ...।’’

‘‘ਇਕ ਫਾਇਰ ਕਰੋ-ਦੇਖ ਚੂਹੜੇ ਕਿਵੇਂ ਪਿੱਛੇ ਨੂੰ ਭੱਜਦੇ ਐ।’’ ਮੋਢੀ ਬੋਲਿਆ। ਉਹ ਨਹੀਂ ਚਾਹੁੰਦਾ ਸੀ ਕਿ ਸਬੱਬ ਨਾਲ ਜੁੜੇ ਬੰਦੇ ਤੀਲਿਆਂ ਵਾਂਗ ਖਿੰਡ ਜਾਣ।

‘‘ਸਾਲਿਆ, ਫ਼ੈਰ ਨਾ ਕਰੀਂ...! ਝੜੂੰਮ, ਡੂਮਣੇ ਮਖਿਆਲ ਨਾਲੋਂ ਭੈੜੇ ਹੁੰਦੇ ਐ।’’ ਧੜੇ ’ਚੋਂ ਕੋਈ ਹੰਢਿਆ ਆਦਮੀ ਬੋਲਿਆ।

‘‘ਜੇ ਆਪਾਂ ਇਹਨਾਂ ਦੇ ਹੱਥ ਲੱਗ ਗਏ ਤਾਂ ਪਾਣੀ ਪਿਆ-ਪਿਆ ਕੇ ਕੁੱਟਣਗੇ।’’

ਉਹਨਾਂ ਨੇ ਟਰੈਕਟਰ ਪਹੀ ਪਾ ਕੇ 'ਹਵਾ' ਬਣਾ ਲਏ। ਉਹ ਡਰੇ ਹੋਏ ਬੋਤੇ ਵਾਂਗ ਵਾਰ-ਵਾਰ ਪਿੱਛੇ ਮੁੜ ਮੁੜ ਕੇ ਦੇਖਦੇ ਸਨ।

‘‘ਖੜ੍ਹੋ ਹੁਣ, ਮੇਰੇ ਪਿਉ ਦਿਓ ਸਾਲਿਓ...!‘‘ ਮੇਲੋ ਬਘਿਆੜੀ ਬਣੀ ਖੜ੍ਹੀ ਸੀ।

‘‘ਕੀ ਭੂੰਨੜਿਆਂ ਦੀਆਂ ਪਤੀੜਾਂ ਪਈਐਂ ਹੁਣ...।’’

‘‘ਸੂਲ ਹੋਣਿਆਂ ਦੇ ਨਿੱਕਲੇ ਕਸੂਤੇ ਥਾਂ ਫੋੜੀ-ਹੁਣ ਖੜ੍ਹਦੇ ਜਾਂ ਤਾਂ ਮੂਹਰੇ।’’ਲਿਤਰੇ ਹੌਂਕਦੀ ਆਖ ਰਹੀ ਸੀ।

‘‘ਕੱਸੀ ਪੈ ਕੇ ਮੂਹਰ ਦੀ ਹੋਵੋ...।’’ ਘੁਤਰੀ ਮੱਲ ਕਾਫੀ ਹਰਖਿਆ ਲੱਗਦਾ ਸੀ। ਉਸ ਦਾ ਸੇਲਾ ਗੋਲੀ ਨਾਲੋਂ ਵੀ ਖ਼ਤਰਨਾਕ ਸੀ।

‘‘ਉਏ ਬੱਸ-ਬੱਸ...! ਕੁੱਟਣ ਮਾਰਨ ਨਾਲੋਂ ਡਰਾਉਣਾਂ ਬਿਹਤਰ ਐ।’’ ਫੰਗਣ ਬੁੱਲ੍ਹੜ ਸਾਰਿਆਂ ਤੋਂ ਸਿਆਣਾ ਸੀ।

‘‘ਘਿਆਕੋ...!’’ ਪੂਤੀ ਨੇ ਮਿਆਂਕ ਕੱਢ ਕੇ ਟਾਂਚ ਕੀਤੀ।

"ਮੋਰ ਮੱਚ ਗਿਆ...!"

ਸਾਰੇ ਹੱਸਦੇ ਅਤੇ ਤਾੜੀਆਂ ਮਾਰਦੇ ਘਰੋ ਘਰੀ ਪਰਤ ਆਏ। ਫਿਰ ਮੁੜ ਵਿਰੋਧੀ ਧੜਾ ਕਬਜ਼ਾ ਲੈਣ ਨਾ ਬਹੁੜਿਆ। ਉਹਨਾਂ ਨੇ ਕਈ ਵਿਚੋਲੇ ਵਿੱਚ ਪਾ ਕੇ ਨਾਹਰ ਸਿੰਘ ਨਾਲ ਰਾਜੀਨਾਵਾਂ ਕਰ ਲਿਆ ਅਤੇ ਕੁਝ ਪੈਸੇ ਲੈ ਕੇ ਸਾਰੀ ਜ਼ਮੀਨ ਨਾਹਰ ਸਿੰਘ ਨੂੰ ਦੇ ਦਿੱਤੀ। ਰੌਲਾ ਨਿੱਬੜਿਆ।

ਨਾਹਰ ਸਿੰਘ ਸਾਰੇ ਵਿਹੜੇ ਦਾ ਧੰਨਵਾਦ ਕਰਨ ਆਇਆ। ਉਸ ਦੀਆਂ ਅੱਖਾਂ ਵਿੱਚ ਫਖ਼ਰ ਦੇ ਹੰਝੂ ਕੰਬ ਰਹੇ ਸਨ। ਨੰਗੇ ਸਿਰ ਫਿਰਦੀਆਂ ਔਰਤਾਂ ਨਾਹਰ ਸਿੰਘ ਨੂੰ ਤੱਕ ਕੇ, ‘‘ਬੂਹ ਮੈਂ ਮਰਗੀ, ਬਾਬਾ...!’’ ਕਹਿ ਕੇ ਅੰਦਰ ਵੜ ਜਾਂਦੀਆਂ ਸਨ। ਉਹਨਾਂ ਨੂੰ ਨਾਹਰ ਸਿੰਘ ਦੀ ਸ਼ਰਮ ਸੀ। ਨਹੀਂ ਤਾਂ ਉਹ ਕਿਸੇ ਲੰਡੇ ਲਾਟ ਦੀ ਪਰਵਾਹ ਕਰਨ ਵਾਲੀਆਂ ਨਹੀਂ ਸਨ।

ਤੀਜਾ ਦਿਨ ਹੋ ਗਿਆ ਸੀ। ਪਰ ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਪੇਸ਼ ਨਾ ਹੋਏ। ਠਾਣੇਦਾਰ ਹੋਰ ਹਰਖ਼ ਗਿਆ। ਉਸ ਦੀਆਂ ਅੱਖਾਂ ਭਿਆਨਕ ਸਨ। ਝਾਕਣੀਂ ਖਤਰਨਾਕ ਤਲਵਾਰ ਵਰਗੀ ਸੀ। ਦੇਖਣ ਵਾਲੇ ਦਾ ਸੀਤ ਨਿੱਕਲ ਜਾਂਦਾ ਸੀ। ਉਹ ਗੁੱਸੇ ਨਾਲ ਕੰਬ ਰਿਹਾ ਸੀ। ਨੰਬਰਦਾਰ ਨੇ ਵੀ ਉਸਨੂੰ ਫੁੱਦੂ ਹੀ ਸਮਝ ਲਿਆ ਸੀ।

ਠਾਣੇਦਾਰ ਵੀ ਵਿਚਾਰਾ ਕੀ ਕਰ ਸਕਦਾ ਸੀ? ਮਜਬੂਰ ਸੀ। ਉਸਨੂੰ ਵੀ ਐਸ.ਪੀ. ਤੋਂ ਧਮਕੀਆਂ ਮਿਲ ਗਈਆਂ ਸਨ, ਜਿਹੜਾ ਦੋਸ਼ੀਆਂ ਨੂੰ ਪੇਸ਼ ਨਹੀਂ ਕਰਵਾ ਸਕਿਆ ਸੀ। ਠਾਣੇਦਾਰ ਨੂੰ ਪੇਟੀ ਦਾ ਫ਼ਿਕਰ ਪੈ ਗਿਆ। ਲਾਈਨ ਹਾਜ਼ਰ ਕਰ ਦੇਣ ਦਾ ਡਰ ਪੈਰਾਂ ਹੇਠੋਂ ਮਿੱਟੀ ਕੱਢਦਾ ਸੀ। ਅਕਸਰ ਉਹ ਵੀ ਅੱਗੇ ਜਵਾਬ ਦੇਹ ਸੀ।

ਪੁਲੀਸ ਪਿੰਡ ਪਹੁੰਚੀ।

ਵਾਧੂ ਜਿਹੀ ਮੁੰਡੀਹਰ ਖੁੰਢਾਂ ਤੋਂ ਉਠ ਕੇ ਘਰੋ ਘਰੀਂ ਵੜ ਗਈ।

ਚੌਕੀਦਾਰ ਨੂੰ ਭੇਜ ਕੇ ਨੰਬਰਦਾਰ ਨੂੰ ਬੁਲਾਇਆ ਗਿਆ।

ਨੰਬਰਦਾਰ ਹਾਜ਼ਰ ਹੋ ਗਿਆ।

"ਤੇਰੀ ਨਿਕਲ ਜੇ ਧੀ ਚੌਰਿਆ...! ਦੱਸ ਕਿੱਥੇ ਐ ਤੇਰੇ ਜਮਾਈ...? '' ਕੋਰੜਾ ਛੰਦ ਪੜ੍ਹਦੇ ਠਾਣੇਦਾਰ ਨੇ ਪੈਂਦੀ ਸੱਟੇ ਦੋ ਡੰਡੇ ਨੰਬਰਦਾਰ ਦੇ ਮੌਰਾਂ ਵਿੱਚ ਜੜ ਦਿੱਤੇ।

"ਹਜ਼ੂਰ! ਬਥੇਰੀ ਭਾਲ ਕੀਤੀ-ਪਰ ਮਿਲੇ ਹੀ ਨਹੀਂ।'' ਨੰਬਰਦਾਰ ਦੇ ਮੋਢਿਆਂ'ਚੋਂ ਸੇਕ ਮਾਰ ਰਿਹਾ ਸੀ।

"ਕਿੱਥੇ ਗਏ? ਤੇਰੀ ਧੀਅ ਦੇ...'ਚ?'' ਠਾਣੇਦਾਰ ਚੀਕਿਆ, "ਉਹ ਭੈਣ ਚੋਦ ਅਸਮਾਨ ਚੜ੍ਹ ਗਏ ਜਾਂ ਧਰਤੀ 'ਚ ਉਤਰ ਗਏ...?''

''......।''ਸਾਰੇ ਪਿੰਡ ਨੂੰ ਜਿਵੇਂ ਤੇਈਆ ਤਾਪ ਚੜ੍ਹ ਗਿਆ ਸੀ।

''ਹੁਣ ਉਹ ਹੀ ਹੋਊ, ਜੋ ਮੈਂ ਚਾਹੂੰ-ਜੇ ਕਿਸੇ ਨੂੰ ਸ਼ਕਾਇਤ ਹੈ, ਹੁਣ ਬੋਲੇ...!'' ਠਾਣੇਦਾਰ ਅੱਗ ਲੱਗੀ ਵਾਲਿਆਂ ਵਾਂਗ ਉਠਿਆ।

ਅਜੀਬ ਘਟਨਾ ਹੋਈ।

ਪ੍ਰੀਤਮ ਸਿੰਘ ਦਾ ਸਾਰਾ ਦਾਣਾ ਫੱਕਾ ਠਾਣੇ ਪਹੁੰਚ ਗਿਆ। ਗਊ-ਵੱਛਾ, ਮੱਝ-ਕੱਟਾ ਸਭ ਠਾਣੇ ਹੱਕ ਲਿਆਂਦਾ ਗਿਆ। ਫ਼ਸਲ ਵਿੱਚ ਵੱਗ ਫੇਰ ਦਿੱਤਾ। ਉਜਾੜੇ ਦੀ ਕੋਈ ਕਸਰ ਬਾਕੀ ਨਾ ਰਹੀ। ਮੀਤੀ ਅਤੇ ਉਸਦੀ ਮਾਂ ਕਰਮੋ ਨੂੰ ਠਾਣੇ ਬਿਠਾ ਲਿਆ।

ਪਰ ਠਾਣੇਦਾਰ ਦੇ ਮਨ ਨੂੰ ਅਜੇ ਵੀ ਸ਼ਾਂਤੀ ਨਹੀਂ ਆਈ ਸੀ।

ਕਰਮੋ ਰੋ ਰਹੀ ਸੀ। ਪਰ ਮੀਤੀ ਪੱਥਰ ਹੋਈ ਬੈਠੀ ਸੀ। ਉਸ ਦਾ ਦਿਲ ਵੱਢੀਦਾ ਸੀ। ਉਸ ਦਾ ਦਿਲ ਕਰਦਾ ਸੀ ਕਿ ਉਹ ਮਾਂ ਬਾਪ ਦੇ ਢਿੱਡ ਵਿੱਚ ਐਸੀ ਟੱਕਰ ਮਾਰੇ ਕਿ ਥਾਂ ਤੇ ਹੀ ਵਿਛਾ ਦੇਵੇ। ਉਸ ਦਾ ਦਿਲ ਕਰਦਾ ਸੀ ਕਿ ਉਹ ਇਸ ਗੰਦੇ ਸਮਾਜ ਵਿੱਚ ਐਸੀ ਟੱਕਰ ਮਾਰੇ ਕਿ ਸਮਾਜ ਦੀ ਸੁਰਤ ਟਿਕਾਣੇ ਆ ਜਾਵੇ। ਜਾਂ ਫਿਰ ਧਰਤੀ ਪਾਟ ਜਾਵੇ, ਜਿਸ ਵਿੱਚ ਇਹ ਗੰਦਾ ਸਮਾਜ ਗਰਕ ਜਾਵੇ, ਜਾਂ ਫਿਰ ਸੂਰਜ ਟੁੱਟ ਕੇ ਧਰਤੀ ਉਪਰ ਡਿੱਗ ਪਵੇ, ਜਿਸ ਵਿੱਚ ਇਹ ਸਾਰਾ

ਕੁਝ ਸੜ ਕੇ ਸੁਆਹ ਹੋ ਜਾਵੇ। ਬੱਸ...! ਰਹਿ ਜਾਣ ਤਾਂ ਫਿਰ ਸਿਰਫ ਬਿੱਲੂ ਅਤੇ ਮੀਤੀ! ਜਿਹਨਾਂ ਨੂੰ ਕੋਈ ਰੋਕਣ ਵਾਲਾ ਹੋਵੇ ਨਾ ਟੋਕਣ ਵਾਲਾ! ਉਹ ਉਹੀ ਕਰ ਸਕਣ, ਜੋ ਕੁਝ ਉਹ ਚਾਹੁਣ। ਪਰ ਮੀਤੀ ਦੀ ਇਤਨੀ ਬਲੀ ਕਿਸਮਤ ਕਿੱਥੇ ਸੀ...? ਇਹ ਤਾਂ ਇਕ ਸੁਪਨਾ ਸੀ...! ਸਿਰਫ ਇਕ ਝੂਠਾ ਸੁਪਨਾ...!!

ਮੀਤੀ ਸੋਚਾਂ ਦੇ ਸਾਗਰਾਂ ਵਿੱਚ ਡੁੱਬੀ ਹੋਈ ਸੀ। ਕਰਮੋ ਰੋ ਰਹੀ ਸੀ।

''ਐਥੇ ਕਿਹੜੇ ਜੁਆਈ ਨੂੰ ਰੋ ਰੋ ਕੇ ਦਿਖਾਉਣੀ ਐਂ?'' ਇਕ ਸਿਪਾਹੀ ਨੇ ਕਰਮੋ ਨੂੰ ਕਿਹਾ। ਉਹ ਕਦੋਂ ਦਾ ਜੱਲਾਦ ਵਾਂਗ ਉਸ ਵੱਲ ਝਾਕ ਰਿਹਾ ਸੀ।

''ਇਹ ਠਾਣਾ ਐਂ, ਤੇਰੇ ਪੇਕੇ ਨਹੀਂ।'' ਦੂਜੇ ਨੇ ਅੜੀ 'ਚ ਅੜੀ ਫ਼ਸਾਈ।

''ਖੁਸ਼ੀ ਝਾਕ ਕਰ ਬਾਹਰ ਨਿੱਕਲਣ ਦੀ।''

''ਉਨਾਂ ਚਿਰ ਖਹਿੜਾ ਨਹੀਂ ਛੁੱਟਣਾਂ, ਜਿੰਨਾਂ ਚਿਰ ਖਸਮਾਂ ਨੂੰ ਪੇਸ਼ ਨਹੀਂ ਕਰਦੀ।''

''ਖਹਿੜਾ ਤਾਂ ਛੱਡ ਦਿਆਂਗੇ, ਜੇ ਆਹ ਮੇਰੇ ਕੋਲੇ ਇਕ ਰਹਿਪੇ...।" ਹੌਲਦਾਰ ਨੇ ਮੀਤੀ ਦੀ ਪਿੱਠ ਤੇ ਹੱਥ ਫੇਰਿਆ। ਮੀਤੀ ਅੰਦਰੋਂ ਝਰਨਾਹਟ ਉੱਠ ਕੇ ਸਿਰ ਨੂੰ ਚੜ੍ਹੀ। ਅੱਖਾਂ ਅੱਗੇ ਹਨ੍ਹੇਰ ਛਾ ਗਿਆ।

"ਆਹ ਮੂੰਹ ਨੂੰ ਮਸਰਾਂ ਦੀ ਦਾਲ...?''ਇਕ ਸਿਪਾਹੀ ਨੇ ਹੌਲਦਾਰ ਨੂੰ ਚਿੜਾਇਆ।

''ਸਾਲੇ ਬੁੜ੍ਹੇ ਕਰੰਗ ਨੂੰ ਸ਼ਰਮ ਨਹੀਂ ਔਂਦੀ...।''

''ਐਹੇ ਜਿਹੇ ਕੰਮ'ਚ ਸ਼ਰਮ ਕਾਹਦੀ...?'' ਹੌਲਦਾਰ ਖੀਂ-ਖੀਂ ਕਰਕੇ ਹੱਸਿਆ।

ਸਾਰੇ ਸਿਪਾਹੀ ਮੀਤੀ ਵੱਲ ਇੰਜ ਝਾਕ ਰਹੇ ਸਨ, ਜਿਵੇਂ ਉਸ ਨੂੰ ਹੜੱਪ ਕਰਨਾ ਹੋਵੇ। ਉਹ ਬੁੱਲ੍ਹਾਂ ਤੇ ਜੀਭ ਫੇਰ ਕੇ ਅੱਖਾਂ ਮਾਰ ਰਹੇ ਸਨ। ਹੌਲਦਾਰ ਨੇ ਤਾਂ ਬੇਸ਼ਰਮ ਜਿਹਾ ਹੋ ਕੇ ਮੀਤੀ ਨੂੰ, ''ਕਿਉਂ ਮੰਨਦੈ ਚਿੱਤ...?'' ਵੀ ਪੁੱਛ ਲਿਆ ਸੀ। ਪਰ ਮੀਤੀ ਸਾਹ ਘੁੱਟੀ ਉਹਨਾਂ ਦੀਆਂ ਹਰਕਤਾਂ ਦੇਖ ਰਹੀ ਸੀ। ਉਹ ਡੁੱਬੀਆਂ ਨਜ਼ਰਾਂ ਨਾਲ ਇੰਜ ਤੱਕਦੀ ਸੀ, ਜਿਵੇਂ ਉਸ ਨੂੰ ਕੋਈ

ਸੁਰਤ ਹੀ ਨਹੀਂ ਸੀ। ਉਸ ਦੀਆਂ ਅੱਖਾਂ ਪੱਥਰ ਬਣੀਆਂ ਖੜ੍ਹੀਆਂ ਸਨ।

(ਚਲਦਾ)

ਜੱਟ ਵੱਢਿਆ ਬੋਹੜ ਦੀ ਛਾਵੇਂ
(ਕਿਸਤ ਤੀਜੀ)

ਬਿੱਲੂ ਦੀ ਹਾਲਤ ਹੁਣ ਕੁਝ ਸੁਧਰ ਗਈ ਸੀ। ਜ਼ਖ਼ਮ ਅਜੇ ਅੱਲੇ ਸਨ। ਪਰ ਉਹ ਟੀਕਿਆਂ ਅਤੇ ਦੁਆਈਆਂ ਦੀ ਤਾਕਤ ਨਾਲ ਕੁਝ ਸੁਰਤ ਸਿਰ ਸੀ। ਉਸਦਾ ਚਿਹਰਾ ਬੱਗਾ ਹੱਡ ਵਰਗਾ ਹੋ ਗਿਆ ਸੀ। ਉਸ ਨੂੰ ਗ਼ੁਲੂਕੋਜ਼ ਅਜੇ ਵੀ ਦਿੱਤਾ ਜਾ ਰਿਹਾ ਸੀ। ਪੱਟੀਆਂ ਅਜੇ ਬੱਝੀਆਂ ਹੋਈਆਂ ਸਨ। ਟਾਂਕੇ ਲੱਗੇ ਹੋਏ ਸਨ।

ਮਾਂ ਦਿਨ-ਰਾਤ ਬਿੱਲੂ ਦੇ ਸਿਰਹਾਣੇ ਬੈਠੀ ਹੰਝੂ ਕੇਰਦੀ ਰਹਿੰਦੀ। ਬਾਪੂ ਅਤੇ ਮਾਮਾ ਮੁਕੱਦਮੇ ਦੀ ਚੰਗੀ ਪੈਰਵਾਈ ਕਰਦੇ ਸਨ।

ਤਕਰੀਬਨ ਸਾਰਾ ਪਿੰਡ ਹੀ ਬਿੱਲੂ ਦੀ ਖਬਰ ਲੈਣ ਆਇਆ ਸੀ। ਜਿਸ ਕਰਕੇ ਬਿੱਲੂ ਦੇ ਮਨ ਨੂੰ ਕੁਝ ਹੌਂਸਲਾ ਸੀ। ਟਿਕਾਅ ਸੀ। ਮਾਂ ਵੀ ਹੌਂਸਲੇ ਵਿੱਚ ਬੈਠੀ ਸੀ। ਮਾਮੀ ਆਥਣ ਸਵੇਰ ਰੋਟੀ, ਚਾਹ, ਦੁੱਧ ਲੈ ਕੇ ਆਉਂਦੀ। ਉਸ ਦਾ ਦਿਲ ਬਿੱਲੂ ਦੀ ਹਾਲਤ ਦੇਖ ਕੇ ਦਹਿਲ ਜਾਂਦਾ। ਜਿਸ ਕਰਕੇ ਉਹ ਬਹੁਤ ਚਿਰ ਉਥੇ ਨਾ ਬੈਠ ਸਕਦੀ।

ਬਿੱਲੂ ਦੇ ਕਾਲਿਜ ਦੇ ਯਾਰ ਦੋਸਤ ਆਏ। ਜਿਹਨਾਂ ਨੇ ਬਿੱਲੂ ਨੂੰ ਹੌਂਸਲਾ ਦਿੱਤਾ। ਗਰਮ ਖਿਆਲੀ ਦੋਸਤ ਬਦਲਾ ਲੈਣ ਦੀਆਂ ਗੱਲਾਂ ਵੀ ਕਰਦੇ ਸਨ। ਪਰ ਬਿੱਲੂ ਓਪਰਿਆਂ ਵਾਂਗ ਉਹਨਾਂ ਦੇ ਚਿਹਰਿਆਂ ਵੱਲ ਤੱਕਦਾ ਰਹਿੰਦਾ। ਕੋਈ ਦਿਲਾਸਾ, ਕੋਈ ਹੌਂਸਲਾ ਉਸਦੇ ਦਿਲ ਦਿਮਾਗ਼ ਉਪਰ ਅਸਰ ਨਹੀਂ ਕਰਦਾ ਸੀ। ਬੱਸ! ਉਹ ਤਾਂ ਸਿਆਣਾ ਜਿਹਾ ਬਣ ਕੇ ਮੰਜੇ ਉਪਰ ਪਿਆ ਰਹਿੰਦਾ ਸੀ।

ਦਿਨ ਦੇ ਛੁਪਾਅ ਨਾਲ ਅੜਿੱਕਾ, ਪ੍ਰੀਤਮ ਅਤੇ ਜਿੰਦਰ ਪਾਸ ਪਹੁੰਚਿਆ। ਅੜਿੱਕੇ ਦਾ ਪਲ਼ਿਆ ਜਿਹਾ ਮੂੰਹ ਉਦਾਸ ਦੇਖ ਕੇ ਦੋਹਾਂ ਦੇ ਮੱਥੇ ਠਣਕੇ।

ਅੜਿੱਕੇ ਨੇ ਆ ਕੇ ਸਾਈਕਲ ਖੜ੍ਹਾ ਕੀਤਾ। ਰੋਟੀਆਂ ਅਤੇ ਦੇਸੀ ਸ਼ਰਾਬ ਦੀਆਂ ਦੋ ਬੋਤਲਾਂ ਅੱਗੇ ਰੱਖ ਦਿੱਤੀਆਂ।

''ਕਿਉਂ ਕਿਵੇਂ ਹੋਈ...?'' ਜਿੰਦਰ ਨੇ ਬੋਤਲ ਦੇ ਮੂੰਹ 'ਚੋਂ ਮੱਕੀ ਦੀ ਗੁੱਲ ਖਿੱਚਦਿਆਂ ਪੁੱਛਿਆ।

''ਮੂਲੋਂ ਈ ਜਾਅਦੇ ਮਾੜੀ ਹੋਈ...।'' ਅੜਿੱਕੇ ਨੇ ਸਿਰ ਫੇਰਿਆ।

''ਤਾਂ ਵੀ...?'' ਜਿੰਦਰ ਨੇ ਦਾਰੂ ਨਾਲ ਫੌਜੀ ਕੱਪ ਭਰ ਲਿਆ।

''ਚਾਚੀ ਤੇ ਗੁੱਡੀ ਠਾਣੇ 'ਚ ਐ।''

''ਹੈਂ...!''ਪ੍ਰੀਤਮ ਦਾ ਤਰਾਹ ਨਿਕਲ ਗਿਆ।

''ਤੇ ਹੋਰ...! ਉਹ ਕੰਜਰ ਤਾਂ ਸਾਰਾ ਮਾਲ ਢਾਂਡਾ ਵੀ ਹੱਕ ਕੇ ਲੈ ਗਏ।''

''ਅੱਛਾ...!''

''ਸਾਰੀ ਫਸਲ ਵੀ ਉਜਾੜਤੀ ਸਹੁਰਿਆਂ ਮੇਰਿਆਂ ਨੇ - ।'' ਅੜਿੱਕਾ ਗੰਢੇ ਪੁੱਟਣ ਉੱਠ ਗਿਆ।

ਪ੍ਰੀਤਮ ਅਤੇ ਜਿੰਦਰ ਦੇ ਕੰਨਾਂ ਵਿਚ ਬਿੰਡੇ ਟਿਆਂਕ ਰਹੇ ਸਨ।

''ਚਾਚਾ, ਜੇ ਤੁਸੀ ਕੱਲ੍ਹ ਤੱਕ ਪੇਸ਼ ਨਾ ਹੋਏ ਤਾਂ ਘਰ ਵੀ ਢਾਹ ਦੇਣਗੇ।'' ਉਸ ਨੇ ਭੂਕਾਂ ਸਮੇਤ ਗੰਢਿਆਂ ਦੀ ਸੱਥਰੀ ਉਹਨਾਂ ਦੇ ਅੱਗੇ ਲਿਆ ਸੁੱਟੀ।

''ਬਾਈ, ਪੇਸ਼ ਤਾਂ ਇਕ ਦਿਨ ਹੋਣਾਂ ਈ ਪਊ।'' ਜਿੰਦਰ ਨੂੰ ਕੋਈ ਰਾਹ ਨਹੀਂ ਲੱਭ ਰਿਹਾ ਸੀ।

''ਕਿਉਂ ਨਾ ਫਿਰ ਕੱਲ੍ਹ ਨੂੰ ਈ ਪੇਸ਼ ਹੋ ਜਾਈਏ...?''

''ਗੱਲ ਸੋਲ੍ਹਾਂ ਆਨੇ ਐ - ਤੁਸੀਂ ਨੰਬਰਦਾਰ ਨੂੰ ਨਾਲ ਲਓ ਤੇ ਪੇਸ਼ ਹੋਵੋ - ਨਹੀਂ ਤਾਂ ਆਪਣਾ ਬਾਹਲਾ ਨਛਕਾਨ ਹੋ ਜਾਊ।'' ਅੜਿੱਕੇ ਦੀ ਗੱਲ ਸਹੀ ਅਤੇ ਅਸੂਲੀ ਸੀ।

''ਇਕ ਵਾਰੀ ਤਾਂ ਹੂਲ਼ਾ ਫੱਕਣਾਂ ਈ ਪਊ।''

''ਜੇ ਤੁਸੀਂ ਬਹੁਤੇ ਦਿਨ ਲੁਕੇ ਰਹੇ - ਮੁਕੱਦਮਾਂ ਹੋਰ ਖਤਰਨਾਕ ਬਣ ਜਾਊ।''

''ਆਪਣੇ ਵਾਰੰਟ ਵੀ ਕੱਢ ਸਕਦੇ ਐ।''

''ਹਾਂ, ਪੁਲਸ ਹੱਥ ਜਾਨ ਐਂ - ਕੁਛ ਵੀ ਕਰ ਸਕਦੀ ਐ।''

''ਗੱਲ ਅੜਿੱਕੇ ਦੀ ਅਸੂਲ ਦੀ ਐ।''

ਤਿੰਨਾਂ ਨੇ ਦੋਨੋਂ ਬੋਤਲਾਂ ਬੜੀ ਤੇਜ਼ੀ ਨਾਲ ਖਾਲੀ ਕਰ ਦਿੱਤੀਆਂ। ਫ਼ੌਜੀ ਕੱਪ ਅਤੇ ਬਾਕੀ ਬਚੇ ਗੰਢੇ ਦੂਰ ਵਗਾਹ ਮਾਰੇ।

ਸੂਰਜ ਛੁਪ ਗਿਆ। ਹਨ੍ਹੇਰਾ ਡਰ ਵਾਂਗ ਹੀ ਫ਼ੈਲ ਗਿਆ। ਅਸਮਾਨ ਸਾਫ਼ ਸੀ। ਤਾਰੇ ਟਹਿਕ ਰਹੇ ਸਨ। ਅੱਧਾ ਕੁ ਟੁਕੜਾ ਚੰਦ ਜਿਵੇਂ ਉਹਨਾਂ ਤੇ ਹੱਸ ਰਿਹਾ ਸੀ।

ਉਹਨਾਂ ਨੇ ਅਖੀਰਲੀ ਬੱਸ ਫੜੀ ਅਤੇ ਪਿੰਡ ਆ ਗਏ। ਉਹ ਘਰ ਜਾਣ ਦੀ ਬਜਾਏ ਦੱਬਵੇਂ ਪੈਰੀਂ ਨੰਬਰਦਾਰ ਦੇ ਘਰੇ ਪਹੁੰਚੇ। ਨੰਬਰਦਾਰ ਰੋਟੀ ਖਾ ਕੇ ਹਟਿਆ ਹੀ ਸੀ। ਧੌੜੀ ਦੀ ਜੁੱਤੀ ਲਾਹ ਕੇ ਉਹ ਮੰਜੇ ਤੇ ਲੋਟ ਹੋਇਆ ਬੈਠਾ ਸੀ।

''ਆਓ ਬਈ ਧਾਲੀਆਲੋ...!'' ਨੰਬਰਦਾਰ ਪਹਿਲਾਂ ਹੀ ਬੋਲ ਪਿਆ। ਸ਼ਾਇਦ ਉਸ ਨੇ ਘੁੱਟ ਲਾ ਰੱਖੀ ਸੀ, ਜਿਹੜਾ ਕੰਡੇ ਨਾਲ ਗੱਲ ਕਰਦਾ ਸੀ।

''ਬੱਸ, ਆਏ ਤਾਏ ਦਿਆ ਪੁੱਤਾ।'' ਪ੍ਰੀਤਮ ਸਿੰਘ ਨੇ ਆਖਿਆ।

''ਤੁਸੀਂ ਟੈਮ ਬਹੁਤ ਲਾ ਦਿੱਤਾ?''

''ਤਾਏ ਦਿਆ ਪੁੱਤਾ - ਤੈਨੂੰ ਪਤਾ ਈ ਐ ਬਈ ਜਦੋਂ ਬੰਦੇ ਦੇ ਮਨ 'ਚ ਡਰ ਹੋਵੇ-।''

''ਧਾਲੀਆਲੋ, ਥੋਡੀ ਖਾਤਰ ਤਾਂ ਮੈਂ ਵੀ ਛਿੱਤਰ ਖਾ ਬੈਠਾ - ਤੇ ਨਾਲੇ ਸੁਣੇ ਸਲੋਕ।''

''ਭਰਾਵਾਂ ਦੀ ਖਾਤਰ ਭਰਾ ਦੁੱਖ ਸਹਿੰਦੇ ਈ ਆਏ ਐ।'' ਪ੍ਰੀਤਮ ਸਿੰਘ ਬੜੀ ਤੇਜ਼ ਨਜ਼ਰ ਨਾਲ ਦੇਖ ਰਿਹਾ ਸੀ ਕਿ ਨੰਬਰਦਾਰ ਲੱਤ ਚੁੱਕ ਰਿਹਾ ਸੀ।

''ਖੈਰ...! ਭੱਜੇ ਤਾਂ ਨਹੀਂ ਸਰਨਾ - ਹੱਥ ਪੈਰ ਤਾਂ ਹਿਲਾਉਣਾ ਈ ਪਊ।''

''ਤਾਏ ਦਿਆ ਪੁੱਤਾ - ਜਿਵੇਂ ਤੂੰ ਕਹੇਂ ਕਰ ਲੈਨੇ ਆਂ - ਅਸੀਂ ਤੈਥੋਂ ਨਾਬਰ ਆਂ?'' ਪ੍ਰੀਤਮ ਸਿੰਘ 'ਦਾਸ' ਬਣਿਆ ਖੜ੍ਹਾ ਸੀ। ਗਲ ਵਿੱਚ ਪੱਲੂ ਪਾਈ, ਪੈਰੀਂ ਪੈਣ ਲਈ ਤਿਆਰ ਸੀ।

ਉਦਾਸ ਜਿਹੀਆਂ ਗੱਲਾਂ ਕਰਦੇ ਉਹ ਉਥੇ ਹੀ ਮੰਜਾ ਡਾਹ ਕੇ ਪੈ ਗਏ। ਨਸ਼ੇ ਦੇ ਬਾਵਜੂਦ ਵੀ ਦੋਹਾਂ ਨੂੰ ਨੀਂਦ ਨਾ ਪਈ। ਪਰ ਨੰਬਰਦਾਰ ਘੁਰਾੜਿਆਂ ਦਾ ਖਰਾਸ ਬਣਾਈ ਫਿਰਦਾ ਸੀ। ਨੰਬਰਦਾਰ ਦੇ ਘੁਰਾੜੇ ਟਿਕੀ ਰਾਤ ਵਿੱਚ ਆਰੀ ਵਾਂਗ ਵਾਢ ਕਰ ਰਹੇ ਸਨ।

ਪਾਠੀ ਬੋਲਦੇ ਹੀ ਉਹਨਾਂ ਨੇ ਨੰਬਰਦਾਰ ਨੂੰ ਜਗਾਇਆ। ਚਾਹ ਪੀਤੀ ਅਤੇ ਪਹਿਲੀ ਬੱਸ ਫੜਕੇ ਮੋਗੇ ਪਹੁੰਚ ਗਏ।

''ਆਪਾਂ ਡਾਕਟਰੀ ਕਰਵਾ ਕੇ ਪੇਸ਼ ਹੋਈਏ।'' ਪ੍ਰੀਤਮ ਸਿੰਘ ਨੇ ਕਿਹਾ। ਜਿਉਂ ਜਿਉਂ ਠਾਣਾਂ ਨੇੜੇ ਆ ਰਿਹਾ ਸੀ, ਉਸ ਦਾ ਦਿਲ ਘਿਰਦਾ ਸੀ। ਜਾਨ ਸਹਿ ਸਹਿ ਕਰਦੀ ਸੀ। ਕਾਲਜਾ ਜ਼ੋਰ ਨਾਲ ਧੜਕ ਰਿਹਾ ਸੀ। ਪਰ ਜਿੰਦਰ ਕੁਝ ਸ਼ਾਂਤ ਨਜ਼ਰ ਆ ਰਿਹਾ ਸੀ।

''ਜੇ ਆਪਾਂ ਡਾਕਟਰੀ ਕਰਵਾ ਕੇ ਪੇਸ਼ ਹੋਏ - ਠਾਣੇਦਾਰ ਹੋਰ ਚਿੜ ਜਾਊ - ਉਹ ਤਾਂ ਅੱਗੇ ਨਹੀਂ ਮਾਨ, ਪਤੰਦਰ ਦੰਦੀਆਂ ਵੱਢਦਾ ਫਿਰਦੈ।'' ਨੰਬਰਦਾਰ ਨੇ ਕਿਹਾ। ਗੱਲ ਅਸੂਲੀ ਸੀ।

''ਨਾਲੇ ਡਾਕਟਰੀ ਰਿਪੋਰਟ ਕਿਸੇ ਨੇ ਪੁੱਛਣੀ ਐਂ?'' ਨੰਬਰਦਾਰ ਉਸ ਦੀ ਗੱਲ ਤੇ ਹੱਸਿਆ।

''ਪੁਲਸ ਕਿਤੇ ਨਿਆਣੀ ਐਂ? ਬਾਹਲਾ ਗਿਆ - ਗੱਲ ਹੱਥੋਂ ਨਿੱਕਲਦੀ ਦਿਸੀ, ਤਾਂ ਰਿਮਾਂਡ ਲੈ ਲਊ।''

''ਇਹ ਵੀ ਠੀਕ ਐ।''

ਸੂਰਜ ਨਿਕਲਣ ਤੇ ਉਹ ਠਾਣੇ ਪੁੱਜ ਗਏ। ਸੰਤਰੀ ਉਨ੍ਹਾਂ ਵੱਲ ਕੌੜ ਝਾਕਣੀ ਝਾਕਿਆ। ਮੁਨਸ਼ੀ ਨਹਾ ਕੇ ਅਜੇ ਦਫਤਰ ਵਿੱਚ ਆਇਆ ਹੀ ਸੀ। ਪਰ ਠਾਣੇਦਾਰ ਅਜੇ ਪਹੁੰਚਿਆ ਨਹੀਂ ਸੀ।

''ਆ ਗਿਐ ਚੌਰਿਆ...! ਬੰਦਾ ਵੱਢ ਕੇ ਲੁਕਦਾ ਫਿਰਦੈ, ਤੇਰੀ ਧੀਅ ਤੇ ਚੜ੍ਹਜਾਂ ਮੈਂ...!'' ਮੁਣਸ਼ੀ ਨੇ ਸ਼ਬਦ ਪੜ੍ਹਿਆ।

''......!'' ਸਾਰਿਆਂ ਨੇ ਨੀਵੀਂ ਪਾ ਲਈ।

ਮੁਣਸ਼ੀ ਦੇ ਪਹਿਲੇ ਸੁਆਗਤ ਨੇ ਹੀ ਉਹਨਾਂ ਨੂੰ ਠੰਢਾ ਠਾਰ ਕਰ ਦਿੱਤਾ ਸੀ। ਉਹ ਮੂਤ ਦੀ ਝੱਗ ਵਾਂਗ ਬੈਠ ਗਏ।

"ਮੁਨਸ਼ੀ ਜੀ-ਸਰਦਾਰ ਸਾਹਬ ਕਿੱਥੇ ਐ?'' ਨੰਬਰਦਾਰ ਨੇ ਦਿਲ ਕਰੜਾ ਕਰ ਕੇ ਪੁੱਛਿਆ।

''ਸਰਦਾਰ ਨੂੰ ਸਾਕ ਕਰਨੈ...? ਬਹਿ ਜਾਹ, ਆ ਜਾਂਦੈ - ਉਏ ਮੁੰਡਿਓ...! ਐਹਨਾਂ ਨੂੰ ਸਿੱਟੋ ਅੰਦਰ ਇਹਨਾਂ ਦੀ ਧੀਅ ਤੇ ਮੈਂ ਕਾਠੀ ਸਿੱਟਲਾਂ...।'' ਮੁਣਸ਼ੀ ਨੇ ਹੋਕਰਾ ਮਾਰਿਆ।

ਸਿਪਾਹੀਆਂ ਨੇ ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਨੂੰ ਫੜ ਕੇ ਹਵਾਲਾਤ ਵਿੱਚ ਤਾੜ ਦਿੱਤਾ। ਸੀਖਾਂ ਵਿੱਚੋਂ ਦੀ ਉਹ ਕੁੱਕੜਾਂ ਵਾਂਗ ਝਾਕਦੇ ਸਨ। ਡਰ ਨਾਲ ਉਹਨਾਂ ਦੇ ਹੱਥ ਪੈਰ ਕੰਬ ਰਹੇ ਸਨ। ਰਾਤ ਨੂੰ ਹੋਣ ਵਾਲੇ ਸਲੂਕ ਦੀ ਉਹ ਉਡੀਕ ਕਰਨ ਲੱਗ ਪਏ।

ਅਚਾਨਕ ਠਾਣੇਦਾਰ ਪਹੁੰਚ ਗਿਆ।

ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਪੇਸ਼ ਹੋਏ ਦੇਖ ਕੇ ਉਸ ਨੇ ਕੁਝ ਸੁੱਖ ਦਾ ਸਾਹ ਲਿਆ। ਪਰ ਗੁੱਸਾ ਉਸ ਅੰਦਰ ਬਰੂਦ ਬਣ ਗਿਆ ਸੀ। ਪਰ ਕੁਝ ਸੋਚ ਕੇ ਉਸ ਨੇ ਚੁੱਪ ਵੱਟ ਲਈ। ਤੱਤਾ ਲੱਕਣਾ ਬੇਵਕੂਫ਼ੀ ਸੀ।

''ਹਾਂ-ਤੂੰ ਦੱਸ...?'' ਠਾਣੇਦਾਰ ਨੇ ਨੰਬਰਦਾਰ ਨੂੰ ਕੌੜ ਕੇ ਪੁੱਛਿਆ।

''ਹਜੂਰ-ਬੰਦੇ ਤਾਂ ਪੇਸ਼ ਕਰ ਦਿੱਤੇ ਤੇ ਬੁੜ੍ਹੀਆਂ ਨੂੰ ਤਾਂ ਭਾਵੇਂ ਹੁਣ ਛੱਡ ਹੀ ਦਿੰਦੇ...?"

''ਬੰਦੇ ਪੇਸ਼ ਕਰਵਾਏ ਐ ਡਾਂਗ ਨੇ - ਤੂੰ ਨਹੀਂ ਕਰਵਾਏ।'' ਮੁਣਸ਼ੀ ਨੇ ਦਾਹੜੀ ਦੀ ਗੁੱਟੀ 'ਚ ਉਂਗਲ ਫਸਾ ਕੇ ਕਿਹਾ।

''......।'' ਨੰਬਰਦਾਰ ਚੁੱਪ ਵੱਟ ਗਿਆ।

''ਐਵੇਂ ਫੋਕੀ ਸ਼ਾਬਾਸ਼ੇ ਨਾ ਭਾਲਿਆ ਕਰ...!''

''......।''

''ਤੂੰ ਜਾਹ ਆਪ ਦਾ ਕੰਮ ਕਰ - ਜਦੋਂ ਅਸੀਂ ਕਾਰਵਾਈ ਕਰ ਲਈ - ਛੱਡ ਦਿਆਂਗੇ।'' ਠਾਣੇਦਾਰ ਨੇ ਉਸ ਨੂੰ ਗਰਦ ਵਾਂਗ ਝਾੜ ਦਿੱਤਾ ਸੀ।

ਨੰਬਰਦਾਰ ਢਿੱਲਾ ਜਿਹਾ ਹੋ ਕੇ ਤੁਰ ਪਿਆ।

''ਕੱਲ੍ਹ ਨੂੰ ਗੇੜਾ ਮਾਰ ਜਾਈਂ...!'' ਮੁਣਸ਼ੀ ਨੇ ਉੱਚੀ ਸਾਰੀ ਕਿਹਾ।

ਨੰਬਰਦਾਰ ਨੂੰ ਸੁਣ ਤਾਂ ਗਿਆ ਸੀ ਪਰ ਉਸ ਨੇ ਕੋਈ ਹੁੰਗਾਰਾ ਨਾ ਭਰਿਆ । ਉਹ ਘੁੱਗੂ ਹੀ ਬਣ ਗਿਆ ਸੀ। ਉਹ ਸੋਚਦਾ ਸੀ ਕਿ ਉਸ ਦਾ ਤਾਂ ਕੋਈ ਮੁੱਲ ਹੀ ਨਹੀਂ ਰਹਿ ਗਿਆ ਸੀ। ਉਹ ਬਹੁਤ ਹੀ ਕਚੂਚ ਅਤੇ ਮਾਯੂਸ ਜਿਹਾ ਹੋ ਗਿਆ ਸੀ।

ਦੁਪਹਿਰੋਂ ਬਾਅਦ ਨਾਹਰ ਸਿੰਘ ਅਤੇ ਬਲਵੰਤ ਸਿੰਘ ਆਏ। ਉਹਨਾਂ ਨੂੰ ਦੋਸ਼ੀ ਪੇਸ਼ ਹੋਇਆਂ ਦੀ ਖਬਰ ਮਿਲ ਗਈ ਸੀ।

''ਆਓ ਬਈ ਸਰਦਾਰੋ, ਬੈਠੋ...!'' ਮੁਣਸ਼ੀ ਨੇ ਅਦਬ ਜ਼ਾਹਿਰ ਕੀਤਾ। ਉਹ ਬੈਠ ਗਏ।

''ਦੇਖਿਆ ਸਰਦਾਰੋ - ਬੰਦੇ ਇਉਂ ਪੇਸ਼ ਕਰਵਾਈਏ ਐ।'' ਮੁਣਸ਼ੀ ਨੇ ਚੌੜਾ ਹੋ ਕੇ ਦੱਸਿਆ।

''ਮੁਣਸ਼ੀ ਜੀ -ਬੁੜ੍ਹੀਆਂ ਨੂੰ ਛੱਡ ਦਿਓ - ਇਹਨਾਂ ਵਿਚਾਰੀਆਂ ਦਾ ਕੀ ਕਸੂਰ ਐ?'' ਨਾਹਰ ਸਿੰਘ ਨੇ ਕਿਹਾ। ਉਹ ਇਸ ਮਾਮਲੇ ਨੂੰ ਬਹੁਤ ਸਾਊ ਆਦਮੀ ਸੀ। ਦਿਲ ਦਾ ਨਰਮ ਸੀ।

ਕਿਸੇ ਔਰਤ ਦੀ ਬੇਇਜ਼ਤੀ ਨਹੀਂ ਸਹਿ ਸਕਦਾ ਸੀ।

''ਸਰਦਾਰੋ, ਥੋਨੂੰ ਕੀ ਪਤਾ ਐ? ਤਾੜੀ ਦੋਨ੍ਹਾਂ ਹੱਥ ਨਾਲ ਵੱਜਦੀ ਐ - ਤੁਸੀਂ ਤਾਂ ਖੂਹ ਦੇ ਡੱਡੂ ਐਂ - ਬੁੜ੍ਹੀਆਂ ਨੂੰ ਛੱਡਾਂਗੇ - ਇਹ ਕੰਮ ਪੁਲਸ ਦਾ ਐ - ਥੋਡਾ ਨਹੀਂ ।'' ਮੁਣਸ਼ੀ ਸੱਚੀਆਂ ਸੁਣਾ ਰਿਹਾ ਸੀ ।

''......।'' ਦੋਨੋਂ ਚੁੱਪ ਸਨ।

''ਤੁਸੀਂ ਹੁਣ ਜਾਓ-ਜਾਓ ਤੁਸੀਂ...!" ਮੁਣਸ਼ੀ ਨੇ ਬੁਸ਼ਕਰਾਂ ਮਾਰ-ਮਾਰ ਕੇ ਕਿਹਾ। ਉਹ ਮੱਝ 'ਨਵੀਂ ਕਰਵਾਉਣ' ਵਾਲਿਆਂ ਵਾਂਗ ਸੀਟੀਆਂ ਮਾਰਦਾ ਸੀ।

ਨਾਹਰ ਸਿੰਘ ਅਤੇ ਬਲੰਵਤ ਸਿੰਘ ਉਠ ਕੇ ਤੁਰ ਗਏ।

ਸ਼ਾਮ ਹੋਈ।

ਦੋ-ਦੋ ਪੈੱਗ ਲਾ ਕੇ ਠਾਣੇਦਾਰ ਅਤੇ ਮੁਣਸ਼ੀ ਹਵਾਲਾਤ ਦੁਆਲੇ ਹੋ ਗਏ। ਇਸ਼ਾਰੇ ਨਾਲ ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਨੂੰ ਬਾਹਰ ਕੱਢ ਲਿਆ ਗਿਆ। ਦੋ ਕਾਗਜ਼ਾਂ ਤੇ ਅੰਗੂਠੇ ਲੁਆ ਲਏ ਗਏ।

''ਕਿਉਂ...? ਹੁਣ ਤਾਂ ਲੁਕ ਕੇ ਰੱਬ ਕੋਲੇ ਪਹੁੰਚ ਗਏ ਹੋਵੋਂਗੇ?''

''ਤੁਸੀਂ ਰੱਬ ਕੋਲੇ ਵੀ ਜਾ ਲੁਕਦੇ-ਅਸੀਂ ਫੇਰ ਵੀ ਖਿੱਚ ਲਿਆਉਂਦੇ।'' ਮੁਣਸ਼ੀ ਨੂੰ ਡੌਲਿਆਂ ਤੇ ਮਾਣ ਸੀ।

''......।''

''ਕੋਈ ਆਈ ਸੁਰਤ ਟਿਕਾਣੇ?''

''......।'' ਉਹ ਚੁੱਪ ਸਨ।

''ਗੁਰਦੀਪ......!'' ਠਾਣੇਦਾਰ ਨੇ ਸਿਪਾਹੀ ਨੂੰ ਹਾਕ ਮਾਰੀ।

''ਹਾਂ ਜੀ...!'' ਸਿਪਾਹੀ ਬੰਦੂਕ ਸੰਭਾਲਦਾ ਹਾਜ਼ਰ ਹੋ ਗਿਆ।

''ਸਿੱਟੋ ਇਹਨਾਂ ਨੂੰ ਅੰਦਰ-ਇਹਨਾਂ ਨੂੰ ਰਾਤ ਨੂੰ ਪਾਵਾਂਗੇ ਨਿਔਂਦਾ...!'' ਠਾਣੇਦਾਰ ਦਾ ਹੁਕਮ ਸੀ।

ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਨੂੰ ਫੜ੍ਹ ਕੇ ਫਿਰ ਹਵਾਲਾਤ ਵਿੱਚ ਬੰਦ ਕਰ ਦਿੱਤਾ। ਮੀਤੀ ਅਤੇ ਮੀਤੀ ਦੀ ਮਾਂ ਕਰਮੋ ਨੂੰ ਛੱਡ ਦਿੱਤਾ ਗਿਆ। ਪਸ਼ੂ ਉਹਨਾਂ ਦੇ ਅੱਗੇ ਹੱਕ ਦਿੱਤੇ। ਕਣਕ ਅਤੇ ਮੱਕੀ ਦੀਆਂ ਬੋਰੀਆਂ ਪਤਾ ਨਹੀਂ ਕਿਸ-ਕਿਸ ਦੇ ਘਰੇ ਪਹੁੰਚ ਗਈਆਂ ਸਨ? ਭਲਾ ਹੋਵੇ ਵਿਚਾਰੇ ਬਿੱਲੂ ਦਾ, ਜਿਸ ਨੇ ਸੱਟਾਂ ਖਾ ਕੇ ਸਿਪਾਹੀਆਂ ਦੇ ਭੁੱਖੇ ਮਰਦੇ ਬੱਚੇ ਬਚਾਏ ਸਨ। ਪ੍ਰਮਾਤਮਾਂ ਜਾਣੀ ਜਾਣ ਹੈ - ਉਹ ਸਭ ਦਾ ਫ਼ਿਕਰ ਕਰਦਾ ਹੈ।

ਸੂਰਜ ਛੁਪਿਆ।

ਹਨ੍ਹੇਰਾ, ਗਰਦ ਵਾਂਗ ਧਰਤੀ ਤੇ ਛਾ ਗਿਆ। ਮੁਣਸ਼ੀ ਅਤੇ ਠਾਣੇਦਾਰ ਨੇ ਸਾਂਝਾ ਪੈਗ ਪੀਤਾ। ਸਗੋਂ ਕਈ ਪੈੱਗ ਪੀਤੇ।

ਹਨ੍ਹੇਰਾ ਗੂੜ੍ਹਾ ਹੋਇਆ। ਪਸ਼ੂ ਅੰਦਰੋਂ ਬਾਹਰ ਕਰਨ ਵਾਂਗ ਪ੍ਰੀਤਮ ਸਿੰਘ ਤੇ ਜਿੰਦਰ ਹਵਾਲਾਤ 'ਚੋਂ ਬਾਹਰ ਕੱਢ ਲਏ ਗਏ। ਹੁਣ ਉਹ ਕੁਝ ਡਰੇ ਹੋਏ ਸਨ। ਭਿਆਨਕ ਰਾਤ ਇਹਨਾਂ ਦੇ ਸਿਰ ਤੇ ਸੀ। ਉਹ ਮਨ ਵਿੱਚ ਰੱਬ ਨੂੰ ਯਾਦ ਕਰ ਰਹੇ ਸਨ। ਸਿਪਾਹੀਆਂ ਦੀ ਖਿੱਚੀ ਤਿਆਰੀ ਦੇਖ ਕੇ ਉਹਨਾਂ ਦੀ ਜਾਨ ਨਿਕਲਦੀ ਸੀ।

''ਹਾਂ ਬਈ ਬੋਲੋ, ਕੀ ਰਾਇ ਐ...?'' ਠਾਣੇਦਾਰ ਨੇ ਗਲਾ ਸਾਫ ਕਰਦੇ ਪੁੱਛਿਆ। ਉਸ ਦੇ ਹੱਥ ਜੇਬਾਂ ਵਿੱਚ ਫਸਾਏ ਹੋਏ ਸਨ। ਸਿਰ ਤੋਂ ਪੱਗ ਲਾਹੀ ਹੋਈ ਸੀ।

''ਮਾਲਕੋ, ਸਭ ਕੁਝ ਥੋਡੇ ਹੱਥ ਵੱਸ ਐ।'' ਪ੍ਰੀਤਮ ਸਿੰਘ ਨੇ ਤਰਲਾ ਭਰਿਆ। ਉਹ ਪੈਰੀਂ ਡਿੱਗਣ ਲਈ ਤਿਆਰ ਸੀ।

''ਖੈਰ, ਮਿੰਨਤਾਂ-ਮੁੰਨਤਾਂ ਨਾਲ ਤਾਂ ਘਾਣੀ ਨਹੀਂ ਬਣਨੀ।'' ਉਸ ਨੇ ਸੁੱਕਾ ਜਿਹਾ ਥੁੱਕ ਥੁੱਕਿਆ।

‘‘ਦਫਾ ਤਿੰਨ ਸੌ ਸੱਤ – ਇਰਾਦਾ ਕਤਲ ਦਾ ਕੇਸ ਐ – ਸਿੱਧਾ ਸੱਤ ਸਾਲ ਲਈ ਅੰਦਰ ਜਾਵੋਂਗੇ!’’ ਮੁਣਸ਼ੀ ਨੇ ਅੱਗਾ ਵਲਿਆ।

‘‘ਬੱਚਿਆਂ ਆਲਿਆਂ ਤੇਰੇ ਰੱਖਣ ਦੇ ਆਂ।’’ ਪ੍ਰੀਤਮ ਸਿੰਘ ਦੀ ਧਾਹ ਨਿਕਲ ਗਈ।

‘‘ਖੈਰ–ਰੋਇਆਂ ਕੰਮ ਨਹੀਂ ਬਣਨਾ–ਅਗਲਾ ਬੱਕਰੇ ਆਂਗੂੰ ਕੁਤਰਿਆ ਪਿਐ।’’

‘‘ਮਾਈ ਬਾਪ, ਕੀ ਕਰਦੇ? ਮਰਦਿਆਂ ਨੇ ਅੱਕ ਚੱਬਿਐ।’’

‘‘ਕਿਉਂ, ਐਡੇ ਕੀ ਥੋੜੇ ਉਹ ਖੁਰ ਵੱਢਦਾ ਸੀ?’’

‘‘ਜੀ, ਧੀਆਂ ਤਕੌਂਦਾ ਸੀ।’’

‘‘ਧੀਆਂ ਤਕੌਂਦਾ ਸੀ...? ਧੀ ਭਾਵੇਂ ਜਾਣ ਬੁੱਝ ਕੇ ਚੁੱਭੀ ਮਾਰਨ ਦੀ ਸ਼ੌਕੀਨ ਹੋਵੇ?’’ ਪਾਸਿਓਂ ਹੌਲਦਾਰ ਨੇ ਸੁਆਦ ਦੀ ਘੁੱਟ ਭਰੀ। ਮੂੰਹ ਵਿੱਚੋਂ ਸੋਨੇ ਦਾ ਦੰਦ ਝਾਤੀਆਂ ਮਾਰਦਾ ਸੀ।

‘‘ਮਾੜੀ ਧਾੜ ਚਮਿਆਰਾਂ ਤੇ – ਪਿੱਛੋਂ ਮਾੜੇ ਮੁੰਡੇ।’’ ਇਕ ਸਿਪਾਹੀ ਨਲੀ ਸੁਣਕ ਕੇ ਰੁਮਾਲ ਨਾਲ ਨਾਸਾਂ ਸਾਫ ਕਰਦਾ ਹੋਇਆ ਬਲਿਆ।

‘‘ਕਿੰਨਾ ਕੁ ਚਿਰ ਹੋ ਗਿਆ ਧੀਆਂ ਤਕਾਉਂਦੇ ਨੂੰ?’’ ਠਾਣੇਦਾਰ ਮੁੱਛਾਂ ਵਿੱਚੋਂ ਦੀ ਹੱਸਿਆ। ਕੁੜੀ ਦੇ ਨਾਂ ਨੇ ਉਸ ਦੇ ਕੁਤਕੁਤੀਆਂ ਕੱਢ ਦਿੱਤੀਆਂ ਸਨ।

‘‘ਜੀ ਦੋ ਸਾਲ ਹੋਣ ਆਲੇ ਐ।’’

‘‘ਕੰਜਰਾ ਪਹਿਲਾਂ ਰਿਪੋਟ ਨਾ ਕੀਤੀ?’’ ਮੁਣਸ਼ੀ ਗੱਲੀਂ ਬਾਤੀ ਪ੍ਰੀਤਮ ਦੇ ਕਰੜੇ ਡੰਡੇ ਮਾਰ ਗਿਆ।

‘‘......।’’ ਪ੍ਰੀਤਮ ਸਿੰਘ ਨਿਰੁੱਤਰ ਸੀ।

‘‘ਇਹ ਸੋਚਦਾ ਹੋਊ ਜੀ ਬਈ ਕੀ ਘਸਦੈ...? ਇਕ ਵਾਰੀ ਰਮਾਂ ਤਾਂ ਹੋਣ ਦਿਓ...!’’ ਪਾਸਿਓਂ ਫਿਰ ਉਹੀ ਸਿਪਾਹੀ ਬੋਲਿਆ। ਸ਼ਾਇਦ ਉਸ ਨੂੰ ਜ਼ੁਕਾਮ ਲੱਗਿਆ ਹੋਇਆ ਸੀ। ਜਿਸ ਕਰਕੇ ਉਹ ਵਾਰ ਵਾਰ ਨਲੀ ਸੁਣਕਦਾ, ਨੱਕ ਦੀਆਂ ਪੀਪਣੀਆਂ ਵਜਾ ਰਿਹਾ ਸੀ।

ਸਿਪਾਹੀ ਦੀ ਅਸ਼ਲੀਲ ਗੱਲ ਪ੍ਰੀਤਮ ਸਿੰਘ ਦੇ ਦਿਲ ਵਿੱਚ ਛੁਰੇ ਵਾਂਗ ਵੱਜੀ। ਪਰ ਉਹ ਚੁੱਪ ਸੀ।

''ਰੁਪਈਆਂ ਚਾਰ ਹਜ਼ਾਰ ਲਊਂ - ਇਕ ਦਿਨ ਦੀ ਸਜਾ ਨਹੀਂ ਹੋਣ ਦਿੰਦਾ।'' ਠਾਣੇਦਾਰ ਨੇ ਸੌਦਾ ਦੱਸਿਆ।

''ਮਾਪਿਓ, ਕੁਛ ਰਹਿਮ ਕਰੋ!'' ਉਸ ਨੇ ਹੱਥ ਜੋੜੇ।

''ਮੇਰਿਆ ਸਹੁਰਿਆ, ਬੰਦਾ ਵੱਢਣਾ ਸੌਖੈ?'' ਠਾਣੇਦਾਰ ਨੇ ਪ੍ਰੀਤਮ ਦੀਆਂ ਉਂਗਲਾਂ ਤੇ ਰੂਲ ਮਾਰਿਆ।

''ਸਰਦਾਰਾ, ਕੁੱਟਣ ਦੀ ਲੋੜ ਨਹੀਂ - ਤੁਸੀਂ ਕਲਮ ਚਲਾਓ...!'' ਜਿੰਦਰ ਸਿੱਧਾ ਹੋ ਗਿਆ।

''ਇਹਨੂੰ ਢਾਹ ਲਓ...!'' ਠਾਣੇਦਾਰ ਨੇ ਹੁਕਮ ਕੀਤਾ। ਉਸ ਦੇ ਮੂੰਹ ਦਾ ਸੁਆਦ ਬਕਬਕਾ ਹੋ ਗਿਆ ਸੀ। ਅਚਾਨਕ ਹੀ ਜਿੰਦਰ ਨੇ ਰੰਗ ਵਿੱਚ ਭੰਗ ਪਾ ਦਿੱਤੀ ਸੀ।

ਸਿਪਾਹੀਆਂ ਨੇ ਥੋੜ੍ਹੇ ਚਿਰ ਵਿੱਚ ਹੀ ਜਿੰਦਰ ਦਾ ਮੋਰ ਬਣਾ ਦਿੱਤਾ। ਉਹ ਜਖਮੀਂ ਜਾਨਵਰ ਵਾਂਗ ਸਹਿਕ ਰਿਹਾ ਸੀ। ਨਿੱਸਲ ਕੀਤੇ ਜਿੰਦਰ ਨੂੰ ਤੱਕ ਕੇ ਪ੍ਰੀਤਮ ਸਿੰਘ ਦੇ ਸਾਹ ਸੰਘ ਵਿੱਚ ਹੀ ਰੁਕ ਗਏ। ਉਹ ਹੱਥ ਜੋੜੀ ਬੈਠਾ, ''ਬੱਸ ਕਰੋ ਮਾਪਿਓ - ਹੁਣ ਬੱਸ ਕਰੋ...।'' ਕਹੀ ਜਾ ਰਿਹਾ ਸੀ।

ਡੰਡੇ ਰੁਕ ਗਏ।

''ਹਾਂ ਹੁਣ ਬੋਲ...?'' ਠਾਣੇਦਾਰ ਪ੍ਰੀਤਮ ਸਿੰਘ ਨੂੰ ਹੀ ਕੌੜਿਆ।

''ਜਿਵੇਂ ਤੁਸੀਂ ਚਾਹੋਂ ਮਾਈ ਬਾਪ - ਕਰ ਦਿਆਂਗੇ ਕਿਵੇਂ ਨਾ ਕਿਵੇਂ ਬੰਨ੍ਹ ਸੁੱਬ।'' ਪ੍ਰੀਤਮ ਸਿੰਘ ਨੇ ਜੂਲਾ ਜਿਵੇਂ ਠਾਣੇਦਾਰ ਦੇ ਮੋਢੇ 'ਤੇ ਰੱਖ ਦਿੱਤਾ ਸੀ।

''ਪੂਰਾ ਚਾਰ...?''

''ਹਜੂਰ! ਬਚਨ ਹੋ ਗਿਆ।''

''ਛਿੱਤਰਾਂ ਮਾਰੀ ਨੌਂ ਮਣ ਝੜਦੀ ਐ।'' ਮੁਣਸ਼ੀ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ।

''ਪਰ ਜੀ, ਮੈਂ ਪ੍ਰਬੰਧ ਕਿਵੇਂ ਕਰੂੰ? ਮੈਂ ਤਾਂ ਅੰਦਰ ਬੈਠੈਂ?'' ਪ੍ਰੀਤਮ ਸਿੰਘ ਨੇ ਮੁਸ਼ਕਿਲ ਦੱਸੀ।

''ਜਿਹੜਾ ਥੋਡੀ ਰੋਟੀ ਲੈ ਕੇ ਆਇਆ – ਉਹਨੂੰ ਕਹਿ ਦੇਣਾਂ।'' ਤੇ ਠਾਣੇਦਾਰ ਤੁਰ ਗਿਆ।

ਠਾਣੇਦਾਰ ਅਤੇ ਮੁਣਸ਼ੀ ਨੇ ਦਫਤਰ ਵਿੱਚ ਬੈਠ ਕੇ ਕੇਸ ਲਿਖਿਆ ਨਹੀਂ, ਮੜ੍ਹਿਆ ਸੀ। ਕੇਸ ਬਹੁਤ ਹੀ ਸੂਝ, ਸਮਝ ਨਾਲ ਤਿਆਰ ਕੀਤਾ ਸੀ। ਦੋ ਗਵਾਹ ਖੜ੍ਹੇ ਕਰ ਲਏ ਗਏ। ਮੁਕੱਦਮਾਂ ਬੜੇ ਸੁਲਝੇ ਢੰਗ ਨਾਲ ਪੈਰਾਂ ਤੇ ਖੜ੍ਹਾ ਕਰ ਦਿੱਤਾ ਸੀ।

ਬਿੱਲੂ ਦੇ ਲਏ ਬਿਆਨ ਇਲਾਕਾ ਮੈਜਿਸਟਰੇਟ ਤੋਂ ਤਸਦੀਕ ਕਰਵਾ ਲਏ ਸਨ।

''ਸਾਨੂੰ ਵੀ ਕੁਛ ਮਿਲੂ?'' ਠਾਣੇਦਾਰ ਦੇ ਜਾਣ ਤੋਂ ਬਾਅਦ ਸਿਪਾਹੀ ਨੇ ਮੁਣਸ਼ੀ ਨੂੰ ਪੁੱਛਿਆ।

''ਇਕ ਬੋਤਲ...!'' ਮੁਣਸ਼ੀ ਨੇ ਉਂਗਲ ਤੀਰ ਵਾਂਗ ਖੜ੍ਹੀ ਕਰ ਦਿੱਤੀ।

''ਸਿਰਫ...?''

''ਚੱਲ ਦੋ ਸਹੀ...!''

''ਕੁਛ ਨਗਦੀ...?''

''ਬਿਲਕੁਲ ਨਹੀਂ...!''

''ਕਾਰਨ...?''

''ਅਗਲਾ ਫੱਟੜ ਐ, ਮਰਿਆ ਨਹੀਂ।''

''ਮੈਨੂੰ ਦਸਦੇ, ਮੈਂ ਪਾਰ ਬੁਲਾ ਆਉਂਦਾ।''

‘‘ਕੇਸ ਤੇਰਾ ਬੁੜ੍ਹਾ ਸੰਭਾਲਦਾ?’’

‘‘ਮੇਰੇ ਸਾਲਿਆਂ ਤੋਂ ਜੁਆਕ ਜਿਆ ਵੀ ਨਹੀਂ ਮਾਰਿਆ ਗਿਆ।’’ ਅੱਕੇ ਸਿਪਾਹੀ ਨੇ ਹਵਾਲਾਤ ਦੀਆਂ ਸੀਖਾਂ ਵਿੱਚੋਂ ਪ੍ਰੀਤਮ ਸਿੰਘ ਦੇ ਸੋਟੀ ਦੀ ਹੁੱਝ ਮਾਰੀ, ਉਹ ਦਰਦ ਨਾਲ ਕੁਰਲਾ ਉੱਠਿਆ।

‘‘ਇਹਨਾਂ ਨੂੰ ਸਾਡੇ ਜੋਗਾ ਰਹਿਣ ਦੇ! ਨਹੀਂ ਤਾਂ ਬੋਤਲਾਂ ਵੀ ਨਹੀਂ ਮਿਲਣੀਆਂ!’’ ਮੁਣਸ਼ੀ ਨੇ ਸਿਪਾਹੀ ਨੂੰ ਸੰਖੇਪ ਸੁਣਾਈ ਕੀਤੀ, ਖ਼ਬਰਦਾਰ ਕੀਤਾ।

‘‘ਭੈਣ ਦੇ ਲੱਕੜ, ਦਾਰੂ ਨਾਲ ਰੱਜੇ, ਆਸੇ ਪਾਸੇ ਈ ਖੁਰ ਵੱਢ ਕਰਦੇ ਰਹੇ! ਬਈ ਮੇਰਿਓ ਸਾਲਿਓ, ਘੰਡੀ ਵੱਢ ਕੇ ਪਰ੍ਹਾਂ ਕਰੋ...!" ਸਿਪਾਹੀ ਫਿਰ ਕੁਦਾੜ ਕੇ ਆਇਆ। ਪਰ ਪ੍ਰੀਤਮ ਪਿੱਛੇ ਹਟ ਗਿਆ। ਬਚਾਓ ਵਿਚ ਹੀ ਬਚਾਓ ਸੀ!

‘‘......।’’

‘‘ਲੰਘੀ ਨੂੰ ਘੋੜੇ ਨਹੀਂ ਮਿਲਦੇ - ਨਾ ਕਲਪ ਵਾਧੂ ਦਾ!’’ ਮੁਣਸ਼ੀ ਨੇ ਫਿਰ ਪਾਣੀ ਛਿੜਕਿਆ।

‘‘ਭੈਣ ਦਾ ਕੰਢਾ ਦੇਣੇ ਬੋਂਡੀਆਂ ਨੂੰ, ਬੰਦਾ ਵੀ ਨੀ ਮਾਰਨਾ ਆਉਂਦਾ -ਹੋਰ ਤੁਸੀਂ ਕੁੜੀ ਦੀ...ਕਰੋਂਗੇ?’’ ਉਹ ਫਿਰ ਹੁੱਝ ਮਾਰਨ ਆਇਆ। ਪਰ ਪ੍ਰੀਤਮ ਸਿੰਘ ਸੀਖਾਂ ਤੋਂ ਪਿੱਛੇ ਹੱਟ ਗਿਆ। ਬਚਾਓ ਵਿੱਚ ਹੀ ਬਚਾਓ ਸੀ।

‘‘ਉਏ ਹੁਣ ਬੱਸ ਵੀ ਕਰ ਖਸਮਾਂ...! ਆ ਪੈੱਗ ਲੁਆਮਾਂ!’’ ਮੁਣਸ਼ੀ ਨੇ ਲਾਲਚ ਦਿੱਤਾ। ਅਸਲ ਵਿੱਚ ਜਦ ਇਸ ਸਿਪਾਹੀ ਨੂੰ ਦਾਰੂ ਨਹੀਂ ਮਿਲਦੀ ਸੀ ਤਾਂ ਉਸ ਦਾ ਦਿਮਾਗ ਸੱਤਵੇਂ ਅਸਮਾਨ ਚੜ੍ਹ ਜਾਂਦਾ ਸੀ ਅਤੇ ਹਵਾਲਾਤੀਆਂ ਦੀ ਸ਼ਾਮਤ ਆ ਜਾਂਦੀ ਸੀ। ਤੇ ਹੁਣ ਉਹ ਮੁਣਸ਼ੀ ਦੀ ‘ਮੁਰਗੀ’ ਨੂੰ ਖਿਝ ਖਿਝ ਕੇ ਪੈ ਰਿਹਾ ਸੀ। ਜਿਸ ਕਰਕੇ ਮੁਣਸ਼ੀ ਦੇ ਹੌਲ ਪਈ ਜਾ ਰਹੇ ਸਨ। ਕਿਉਂਕਿ ਚਾਰ ਹਜ਼ਾਰ ’ਚੋਂ ਸਿੱਧਾ ਹਜ਼ਾਰ ਮੁਣਸ਼ੀ ਨੂੰ ਜਾਣਾ ਸੀ। ਸਿਪਾਹੀ ਨੂੰ ਆਪਣੇ ਪੱਲਿਓਂ

ਪੈੱਗ ਲੁਆ ਕੇ ਮੁਣਸ਼ੀ ਫਿਰ ਵੀ ਘਾਟੇ ਵਿੱਚ ਨਹੀਂ ਸੀ।

ਅਖੀਰ ਰਾਤ ਸਾਢੇ ਕੁ ਅੱਠ ਵਜੇ ਪ੍ਰੀਤਮ ਸਿੰਘ ਦੀ ਭੂਆ ਦਾ ਲੜਕਾ ਬਚਨਾ ਰੋਟੀ ਲੈ ਕੇ ਠਾਣੇ ਆਇਆ। ਸੰਤਰੀ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪਰ ਮੁਣਸ਼ੀ ਦੇ ਇਸ਼ਾਰੇ ਨਾਲ ਉਸਨੂੰ ਸਿੱਧਾ ਅੰਦਰ ਜਾਣ ਦੀ ਇਜ਼ਾਜਤ ਮਿਲ ਗਈ।

''ਕਿਉਂ...? ਬਚਗੇ ਜਾਂ ਲੱਗ ਗਿਆ ਰਾੜ੍ਹਾ?'' ਬਚਨੇ ਨੇ ਸਹਿ-ਸੁਭਾਅ ਪੁੱਛਿਆ।

''ਕਿੱਥੇ...! ਮੇਰੇ 'ਚ ਤਾਂ ਪਾ ਦਿੱਤੇ ਸਾਲਿਆਂ ਨੇ, ਚਿੱਬ!'' ਜਿੰਦਰ ਧੀਮਾਂ ਬੋਲਿਆ।

''ਕੁਛ ਨੀਂ ਵਿਗੜਿਆ!'' ਰੋਟੀ ਖਾਂਦੇ ਪ੍ਰੀਤਮ ਸਿੰਘ ਨੇ ਗੱਲ ਚਲਾਈ।

''ਜੇ ਮਾੜਾ ਮੋਟਾ ਖੜਕਾ ਦੜਕਾ ਨਾ ਹੋਵੇ, ਫੇਰ ਇਹਨਾਂ ਨੂੰ ਪੁਲਸ ਆਲੇ ਕੌਣ ਕਹੇ?''

''ਖੈਰ ਛੱਡ! ਮਾਸੀ ਦਿਆ ਪੁੱਤਾ, ਇਕ ਕੰਮ ਕਰਨਾ ਪਊ!'' ਪ੍ਰੀਤਮ ਸਿੰਘ ਨੇ ਆਖਿਆ।

''ਹੁਕਮ ਕਰ - ਮੈਂ ਭੱਜਿਐਂ?'' ਬਚਨੇ ਨੇ ਹਿੱਕ ਥਾਪੜ ਕੇ ਆਖਿਆ।

''ਪੂਰੇ ਚਾਰ ਹਜ਼ਾਰ ਦਾ ਪ੍ਰਬੰਧ ਕਰਨਾ ਪਊ - ਜੇਲ੍ਹ ਆਪਾਂ ਨੂੰ ਇਕ ਦਿਨ ਦੀ ਨਹੀਂ ਹੁੰਦੀ।''

''ਚਾਰ ਤਾਂ ਕੀ ਪੰਜ ਕਰ ਦਿਆਂਗੇ! ਪਰ ਇਹਨਾਂ ਕੰਜਰਾਂ ਦਾ 'ਤਬਾਰ ਕੋਈ ਨਹੀਂ -ਪੈਸੇ ਖਾ ਕੇ ਵੀ ਕਿਤੇ......?''

''ਸਰਦਾਰ ਨੇ ਮੈਨੂੰ ਖੁਦ ਕਿਹੈ -ਬੰਦੇ ਦੀ ਜਬਾਨ ਵੀ ਹੁੰਦੀ ਐ।''

''ਜਬਾਨ ਬੰਦੇ ਦੀ ਹੁੰਦੀ ਐ ਪ੍ਰੀਤਮ ਸਿੰਆਂ-ਇਹ ਤਾਂ ਪੁਲਸ ਆਲੇ ਐ।''

''ਤੂੰ ਕਰ ਸਕਦੈਂ ਕਿ ਮੈਂ ਕੋਈ ਆਪ ਬੰਨ੍ਹ ਸੁੱਬ ਕਰਾਂ?'' ਪ੍ਰੀਤਮ ਸਿੰਘ ਵੱਟ ਖਾ ਗਿਆ।

''ਕੀ ਭੈੜੀਆਂ ਗੱਲਾਂ ਕਰਦੈ ਪ੍ਰੀਤਮ ਸਿਆਂ? ਕੱਲ ਨੂੰ ਦੁਪਹਿਰ ਦੀ ਰੋਟੀ ਦੇ ਨਾਲ ਹੀ

ਰਕਮ ਮਿਲਜੂ, ਹੋਰ ਦੱਸ?'' ਬਚਨੇ ਨੇ ਬੜ੍ਹਕ ਮਾਰੀ ।

ਜਿੰਦਰ ਨੇ ਰੋਟੀ ਦੀਆਂ ਚਾਰ ਬੁਰਕੀਆਂ ਹੀ ਭੰਨੀਆਂ ਸਨ। ਉਸ ਦੇ ਹੱਡ 'ਟੱਸ-ਟੱਸ' ਕਰ ਰਹੇ ਸਨ। ਅੰਦਰੋਂ ਪੀੜਾਂ ਦਾ ਹਾਉਕਾ ਉਠਦਾ ਸੀ। ਪ੍ਰੀਤਮ ਸਿੰਘ ਉਸ ਨੂੰ ਦਿਲਾਸੇ ਦਿੰਦਾ, ਵਿੱਚ ਬੋਲਣ ਤੋਂ ਮਨ੍ਹਾਂ ਕਰ ਰਿਹਾ ਸੀ। ਠਾਣੇਦਾਰ ਤਾਂ ਬਿਲਕੁਲ ਗਊ ਸੀ। ਪਰ ਕੋਹੜਿਆ ਜਿੰਦਰ ਵਿਆਹ 'ਚ ਬੀਅ ਦਾ ਲੇਖਾ ਦੇਈ ਜਾਂਦਾ ਸੀ।

''ਬਣਿਆ ਬਣਾਇਆ ਕੰਮ ਨਾ ਵਿਗਾੜ ਲਿਓ - ਇਹਨਾਂ ਜਮਦੂਤਾਂ ਮੂਹਰੇ ਕੋਈ ਜੋਰ ਨਹੀਂ-ਪੈਸਿਆਂ ਦਾ ਕੀ ਐ? ਹੱਥਾਂ ਦੀ ਮੈਲ ਐ।'' ਬਚਨੇ ਨੇ ਕੰਨ ਕੀਤੇ।

''ਜੇ ਘਰੇ ਨਾ ਹੋਏ, ਚਾਹੇ ਆੜ੍ਹਤੀਏ ਤੋਂ ਫੜਲੀਂ - ਪਰ ਘੌਲ ਨਾ ਕਰੀਂ ਮੇਰਾ ਵੀਰ-ਹੋਰ ਨਾ ਕੀਤਾ ਕਰਾਇਆ ਸਾਰਾ ਖੂਹ 'ਚ ਪੈਜੇ-ਕੁੱਟ ਮਾਰ ਦਾ ਤਾਂ ਸਰ ਜਾਊ - ਪਰ ਜੇਲ੍ਹ ਕੱਟਣੀ ਮੁਸ਼ਕਿਲ ਹੋਜੂ ਬਚਨਿਆਂ - ਘਰ ਮੂਧਾ ਵੱਜ ਜਾਊ - ਬਾਕੀ ਤੂੰ ਆਪ ਸਿਆਣਾ ਐਂ।''

''ਮੈਂਖਿਆ ਪ੍ਰੀਤਮ ਸਿਆਂ ਪ੍ਰਵਾਹ ਕਾਹਦੀ ਕਰਦੈਂ - ਐਹੋ ਜਿਹੇ ਮਾਮਲੇ 'ਚ ਘੌਲ ਦਾ ਕੀ ਕੰਮ? ਹੈ ਕਮਲਾ, ਮੈਂ ਹੁਣੇਂ ਈ ਕਰ ਕਰਾ ਕੇ ਨਿਹਾਲੇ ਆਲੇ ਜਾਨੈਂ ਆੜ੍ਹਤੀਏ ਕੋਲ - ਬੱਸ ਤੁਸੀਂ ਡਰਿਓ ਡੋਲਿਓ ਨਾ, ਥੋਡੀ ਖਾਤਰ ਚਿੜੀਆਂ ਦਾ ਦੁੱਧ ਕਿਉਂ ਨਾ ਲਿਆ ਦਿਆਂ...!''

''ਆਹ ਡਿਊਟੀ ਆਲੇ ਚਪਾਹੀ ਨੂੰ ਪੰਜ ਕੁ ਰੁਪਈਏ ਦੇ ਜਾਈਂ ਜਾਂਦਾ ਹੋਇਆ - ਸਹੁਰੇ ਬਾਲ੍ਹੀਆਂ ਲਾਲਾਂ ਜੀਆਂ ਸਿੱਟਦੇ ਐ।''

''ਦੇ ਜਾਊਂਗਾ...।'' ਤੇ ਬਚਨਾ ਭਾਂਡੇ ਇਕੱਠੇ ਕਰਕੇ ਤੁਰ ਗਿਆ।

ਬਚਨਾਂ ਠਾਣੇ ਤੋਂ ਬਾਹਰ ਨਿੱਕਲਿਆ ਤਾਂ ਉਸ ਨੂੰ ਪੰਜਗਰਾਈਆਂ ਵਾਲਾ ਜੁੰਡੀ ਦਾ ਯਾਰ ਜਸਵੀਰ ਗਿੱਲ ਜੀਪ ਲਈ ਆਉਂਦਾ ਮਿਲ ਗਿਆ।

''ਤੁਸੀਂ ਐਸ ਵੇਲੇ, ਸੁੱਖ ਐ?'' ਬਚਨੇ ਨੇ ਗਿੱਲ ਨੂੰ ਪੁੱਛਿਆ।

''ਸੁੱਖ ਈ ਐ।'' ਜਸਬੀਰ ਗਿੱਲ ਬੋਲਿਆ।

''ਆਹ ਮਗਰ ਕਿਹੜਾ ਲਿਟਿਆ ਜਿਆ ਪਿਆ ਐ?'' ਬਚਨੇ ਨੇ ਲੰਮੀ ਧੌਣ ਕਰਕੇ ਦੇਖਿਆ।

''ਵੱਡਾ ਬਾਈ ਮੰਦਰ ਐ।''

''ਕਿਤੇ ਢਿੱਲਾ ਮੱਸਾ ਤਾਂ ਨਹੀਂ?''

''ਨਹੀਂ! ਘਣੀਏਂ ਆਲਾ ਬਰਾੜ ਤੇ ਇਹੇ ਪੀਂਦੇ ਸੀ – ਬਰਾੜ ਤਾਂ ਉਥੇ ਈ ਰਹਿ ਪਿਆ ਤੇ ਵੱਡਾ ਬਾਈ ਰਿਹਾੜ ਕਰਦਾ ਸੀ, ਕਹਿੰਦਾ ਪਿੰਡ ਜਰੂਰੀ ਜਾਣੈ।''

''ਤੂੰ ਠਾਣਿਓਂ – ਸੁੱਖ ਐ?''

''ਕਾਹਦੀ ਸੁੱਖ ਐ ਯਾਰ – ਮਾਸੀ ਦੇ ਮੁੰਡੇ ਤੋਂ ਇਕ ਜੁਆਕ ਜੇ ਦੇ ਸੱਟਾਂ ਵੱਜੀਆਂ – ਉਹ ਐਥੇ ਐ ਹਵਾਲਾਤ 'ਚ।"

"ਕਿਉਂ – ਕਾਹਤੋਂ ਮਾਰੀਆਂ?''

''ਲੰਮੀ ਘਾਣੀ ਐਂ – ਤੂੰ ਇਉਂ ਕਰ – ਮੰਦਰ ਨੂੰ ਲਾਹ ਪਿੰਡ ਤੇ ਮੈਨੂੰ ਨਿਹਾਲੇ ਆਲੇ ਛੱਡ ਕੇ ਆ।'' ਅਸਲ ਗੱਲ ਬਚਨਾ ਛੁਪਾ ਗਿਆ।

''ਚੱਲ ਬੈਠ।''

''ਬਚਨਾ ਪਲਾਕੀ ਮਾਰ ਕੇ ਬੈਠ ਗਿਆ। ਭਾਂਡੇ ਉਸ ਨੇ ਪਿੱਛੇ ਜੀਪ ਵਿੱਚ ਸੁੱਟ ਦਿੱਤੇ। ਜੀਪ ਤੁਰ ਗਈ।

ਮੰਦਰ ਨੂੰ ਪੰਜਗਰਾਈਂ ਲਾਹ ਕੇ ਉਹ ਨਿਹਾਲ ਸਿੰਘ ਵਾਲੇ ਨੂੰ ਸਿੱਧੇ ਹੋ ਗਏ।

ਸਰਦ ਹਵਾ ਚੀਰਦੀ ਜੀਪ ਡੇਢ ਕੁ ਘੰਟੇ ਵਿੱਚ ਨਿਹਾਲ ਸਿੰਘ ਵਾਲੇ ਪੁੱਜ ਗਈ।

ਰਾਤ ਦਾ ਇਕ ਵੱਜ ਗਿਆ ਸੀ।

ਉਹ ਸ਼ਾਦੀ ਰਾਮ ਆੜ੍ਹਤੀਏ ਦੀ ਦੁਕਾਨ ਅੱਗੇ ਖੜੇ ਜੱਕਾਂ-ਤੱਕਾਂ ਕਰ ਰਹੇ ਸਨ। ਅਸਮਾਨ ਖਿੜਿਆ ਖੜ੍ਹਾ ਸੀ। ਅੱਧ ਚਾਨਣੀ ਰਾਤ ਵਿੱਚ ਅਸਮਾਨੋਂ ਸਰਦੀ ਵਰ੍ਹ ਰਹੀ ਸੀ।

''ਤੂੰ ਹੁਣ ਜਾਣਾ ਐਂ ਤਾਂ ਮੁੜ ਜਾਹ-ਜੇ ਰਹਿਣਾ ਐਂ ਤਾਂ ਬਾਣੀਏ ਕੋਲ ਹੀ ਰਹਿ ਪੈਨੇ ਐਂ।'' ਬਚਨੇ ਨੇ ਗਿੱਲ ਨੂੰ ਕਿਹਾ।

''ਨਹੀਂ, ਮੈਂ ਮੁੜੂੰਗਾ-ਤੜਕਿਓਂ ਗੁਰਮੇਲ ਨੇ ਜੀਪ ਲੈ ਕੇ ਕੋਟਕਪੂਰੇ ਜਾਣੈ।''

''ਚੰਗਾ, ਤੂੰ ਮੁੜ ਫਿਰ-ਰੱਬ ਤੇਰਾ ਭਲਾ ਕਰੇ।'' ਜੀਪ ਤੁਰ ਗਈ।

ਬਚਨੇ ਨੇ ਸ਼ਾਦੀ ਰਾਮ ਆੜ੍ਹਤੀਏ ਦੀ ਦੁਕਾਨ ਦਾ ਦਰਵਾਜਾ ਖੜਕਾਇਆ।

ਕਾਫੀ ਚਿਰ ਬਾਅਦ, ''ਕੌਣ ਐ...?'' ਦੀ ਆਵਾਜ ਆਈ।

''ਸੇਠਾ, ਮੈਂ ਆਂ ਬਚਨ ਸਿਉਂ - ਛੇਤੀ ਬਾਰ ਖੋਲ੍ਹ! ਠਾਰੀ ਕੋਕੜਾਂ ਕਰੀ ਜਾਂਦੀ ਐ।''

ਸੇਠ ਨੇ ਆਵਾਜ ਪਹਿਚਾਣ ਕੇ ਦਰਵਾਜ਼ਾ ਖੋਲ੍ਹ ਦਿੱਤਾ। ਅੰਦਰੋ ਖਲ ਅਤੇ ਗੁੜ ਦੀ ਹੌਂਕ ਮਗਜ ਨੂੰ ਚੜ੍ਹੀ।

''ਐਡੇ ਨ੍ਹੇਰੇ...?''

''ਆਹੋ ਸੇਠਾ, ਕੰਮ ਐਂ!''

''ਲੈ ਕੰਬਲ ਲੈ ਲਾ-ਠਾਰੀ ਐ-ਚਾਹ ਬਣਾਵਾਂ?'' ਸੇਠ ਬੜੀ ਤੇਜੀ ਨਾਲ ਬਚਨੇ ਨੂੰ ਪੜ੍ਹਨ ਦਾ ਯਤਨ ਕਰ ਰਿਹਾ ਸੀ।

''ਨਹੀਂ, ਚਾਹ ਨਹੀਂ ਸੇਠਾ-ਰੁਪਈਆਂ ਸਾਢੇ ਚਾਰ ਹਜ਼ਾਰ ਕਰ-ਕਿਤੋਂ ਕਰ!''

''ਸਾਢੇ ਚਾਰ ਹਜ਼ਾਰ...!'' ਸੇਠ ਦੇ ਸਾਹ ਦਿਮਾਗ ਨੂੰ ਚੜ੍ਹ ਗਏ।

''ਹਾਂ ਪੂਰੇ ਸਾਢੇ ਚਾਰ ਹਜ਼ਾਰ।''

''ਸਹੁੰ ਦੇਵੀ ਮਾਤਾ ਦੀ-ਐਸ ਮੌਕੇ ਤਾਂ ਸਾਢੇ ਚਾਰ ਸੌ ਵੀ ਹੈਨੀਂਗਾ।''

''ਸਵੇਰੇ ਅੱਠ ਵਜੇ ਤੋਂ ਪਹਿਲਾਂ ਪਹਿਲਾਂ ਸੇਠਾ, ਮੈਨੂੰ ਪੈਸੇ ਚਾਹੀਦੇ ਐ ਤੇ ਨਹੀਂ ਆਪਣਾ ਨਾਤਾ ਖਤਮ।''

''ਹੋ ਜਾਊ-ਹੋ ਜਾਊ...! ਬਚਨ ਸਿਆਂ, ਐਨਾ ਚਿਰ ਹੋ ਗਿਆ ਆਪਣੇ ਲੈਣ-ਦੇਣ ਨੂੰ

ਕਦੇ ਸ਼ਕਾਇਤ ਦਾ ਮੌਕਾ ਦਿਤੈ? ਅਰਾਮ ਕਰ – ਤੜਕਿਓਂ ਸੱਤ ਵਜੇ ਰਕਮ ਮਿਲਜੂ – ਬੇਚਿੰਤ ਹੋ ਕੇ ਸੌਂ ਜਾਹ।''

''ਕਿਤੇ ਤੜਕਿਓਂ ਨਾ ਹੱਸ ਕੇ ਦਿਖਾਦੀਂ?''

''ਬਾਬਾ ਗੁਰੂ, ਇਕ ਵਾਰੀ ਕਹਿਤਾ! ਥੋਨੂੰ ਜੱਟਾਂ ਨੂੰ ਇਤਬਾਰ ਕਿਉਂ ਨਹੀਂ ਬਾਣੀਏ ਜਾਤ 'ਤੇ?''

''ਨਹੀਂ ਤੇਰੇ ਤਾਂ 'ਤਬਾਰ ਐ ਸੇਠਾ।''

''ਪਰ ਸਹੁੰ ਦੇਵੀ ਮਾਤਾ ਦੀ, ਊਂ ਤਾਂ ਪੁੱਛਣ ਨੂੰ ਦਿਲ ਵੀ ਨਹੀਂ ਕਰਦਾ – ਪਰ ਐਡੀ ਵੱਡੀ ਕੀ ਬਿਪਤਾ ਆ ਪਈ –ਬਚਨ ਸਿਆਂ?'' ਉਹ ਧੋਤੀ ਦਾ ਲੜ ਟੰਗ ਕੇ ਬਚਨੇ ਦੇ ਸਾਹਮਣੇ ਹੋ ਕੇ ਬੈਠ ਗਿਆ।

''ਆਪਣੇ ਪ੍ਰੀਤਮ ਸਿਉਂ 'ਤੇ ਇਰਾਦਾ ਕਤਲ ਦਾ ਕੇਸ ਬਣ ਗਿਆ–ਉਹ ਅੰਦਰ ਐ, ਹਵਾਲਾਤ 'ਚ।''

''ਅੱਛਿਆ! ਠਾਣੇਦਾਰ ਨੂੰ ਦੇਣਾਂ ਹੋਊ?'' ਉਸ ਨੇ ਗੋਲ ਐਨਕ ਉਪਰੋਂ ਦੀ ਕੋਚਰੀਆਂ ਅੱਖਾਂ ਅੱਡ ਲਈਆਂ।

''ਆਹੋ।''

''ਸਹੁੰ ਦੇਵੀ ਮਾਤਾ ਦੀ – ਅਸੀਂ ਬਾਣੀਆਂ ਕੌਮ ਸਰਫੇ ਕਰ–ਕਰ ਵੀ ਮਹੀਨੇ ’ਚ ਐਨੀ ਰਕਮ ਨਹੀਂ ਕਮਾਉਂਦੇ – ਤੇ ਠਾਣੇਦਾਰ ਮਿੰਟ ’ਚ ਖੱਟ ਗਿਆ।"

''ਸੇਠਾ, ਤੂੰ ਡੌਂਡੀ ਪਿੱਟਣੀਂ ਐਂ?'' ਬਚਨਾ ਬਾਣੀਏ ਨੂੰ ਘੂਰ ਕੇ ਪਿਆ।

''ਸਹੁੰ ਦੇਵੀ ਮਾਤਾ ਦੀ, ਬਚਨ ਸਿਆਂ – ਮੈਂ ਤਾਂ ਊਂਈ ਕਿਹਾ ਸੀ।''

''ਬਾਹਰ ਨਾ ਭੌਂਕਣ ਲੱਗ ਜੀਂ ਕੁੱਤੇ ਮਾਂਗੂੰ।''

''ਲੈ...! ਤੇ ਮੈਂ ਕਮਲੈਂ –? ਤੂੰ ਬਚਨ ਸਿਆਂ ਦੋ ਘੰਟੇ ਸੌਂ ਲੈ ਬੇਫਿਕਰ ਹੋ ਕੇ – ਰਕਮ

ਦਾ ਫਿਕਰ ਨਾ ਕਰ।'' ਸੇਠ ਨੇ ਖੂੰਜੇ ਖੜ੍ਹੀ ਮੰਜੀ ਡਾਹ ਦਿੱਤੀ। ਬਚਨਾ ਕੰਬਲ ਲੈ ਕੇ ਪੈ ਗਿਆ।

''ਲੈ, ਠਾਣੇਦਾਰ ਮਿੰਟ'ਚ ਖੱਟ ਗਿਆ - ਮਹਾਤੜ ਮਹੀਨੇ'ਚ ਨਹੀਂ ਕਮਾਉਂਦਾ।'' ਥੜ੍ਹੀ ਜਿਹੀ ਤੇ ਪੈਂਦਾ ਸੇਠ ਬਰੜਾਹਟ ਕਰੀ ਜਾ ਰਿਹਾ ਸੀ।

''ਸੇਠਾ, ਫੇਰ ਉਹੀ ਗੱਲ?''

''ਸਹੁੰ ਦੇਵੀ ਦੀ, ਹੁਣ ਨਹੀਂ ਕਹਿੰਦਾ।''

ਬਚਨਾ ਸੌਂ ਗਿਆ। ਪਰ ਸੇਠ ਨੂੰ ਸਾਰੀ ਰਾਤ ਨੀਂਦ ਨਾ ਪਈ। ਉਸਨੂੰ ਰੱਬ ਤੇ ਗੁੱਸਾ ਸੀ, ਜਿਸ ਨੇ ਉਸ ਨੂੰ ਠਾਣੇਦਾਰ ਨਹੀਂ ਸੀ ਬਣਾਇਆ?

ਸਵੇਰੇ ਸੱਤ ਵਜੇ ਤੋਂ ਪਹਿਲਾਂ ਹੀ ਸੇਠ ਨੇ ਬਚਨੇ ਨੂੰ ਸਾਢੇ ਚਾਰ ਹਜ਼ਾਰ ਰੁਪੈ ਦੀ ਰਕਮ ਦੇ ਦਿੱਤੀ। ਵਹੀ ਤੇ ਅੰਗੂਠਾ ਲੁਆ ਲਿਆ।

''ਅਨਾਜ ਆਪਣੀ ਦੁਕਾਨ ਤੇ ਆਵੇ, ਬਚਨ ਸਿਆਂ।'' ਸੇਠ ਨੇ ਪੱਕਾ ਕੀਤਾ।

''ਸੇਠਾ, ਅੱਗੇ ਕਿਤੇ ਹੋਰ ਜਾਂਦੈ?''

''ਸਹੁੰ ਦੇਵੀ ਦੀ, ਮੈਂ ਆਖਿਐ...?'' ਉਹ ਉਂਗਲਾਂ ਮਲ਼ ਕੇ ਮਿਰਚਾਂ ਜਿਹੀਆਂ ਭੋਰ ਰਿਹਾ ਸੀ।

''ਚੰਗਾ ਸੇਠਾ।'' ਚਾਹ ਪੀਣ ਤੋਂ ਬਾਅਦ ਬਚਨੇ ਨੇ ਤੁਰਦਿਆ ਕਿਹਾ, ''ਗੱਲ ਆਪਦੇ ਕੋਲੇ ਈ ਰੱਖੀ!''

''ਰਾਮ ਰਾਜੀ ਰੱਖੇ - ਫਿਕਰ ਨਾ ਕਰ।''

ਠਰਿਆ ਹੋਇਆ ਸੂਰਜ ਮੀਟਰ ਕੁ ਉਚਾ ਉਠ ਖੜ੍ਹਿਆ ਸੀ। ਮੁਣਸ਼ੀ ਲਿਸ਼ਕ ਪੁਸ਼ਕ ਕੇ ਦਫਤਰ ਵਿੱਚ ਪਹੁੰਚ ਗਿਆ ਸੀ। ਠਾਣੇਦਾਰ ਡਿਊਟੀ ਤੇ ਟਾਈਮ ਤੋਂ ਪਹਿਲਾਂ ਹੀ ਆਇਆ ਬੈਠਾ ਸੀ। ਮੁਣਸ਼ੀ ਹੈਰਾਨ ਹੋਇਆ! ਪਰ ਕੁਝ ਸੋਚ ਕੇ ਮੁਸਕੜੀਏਂ ਹੱਸਿਆ ਅਤੇ ਚੁੱਪ ਕਰਕੇ ਸਾਹਮਣੇ ਬੈਠ ਮੁੱਛਾਂ ਚੱਬਣ ਲੱਗ ਪਿਆ।

ਦਸ ਕੁ ਵਜੇ ਦੇ ਕਰੀਬ ਬਚਨਾ ਅਤੇ ਨੰਬਰਦਾਰ ਪਹੁੰਚ ਗਏ। ਮੁਣਸ਼ੀ ਦੇ ਦਿਲ ਅੰਦਰ ਖੁਸ਼ੀ ਦੀਆਂ ਘੰਟੀਆਂ ਖੜਕੀਆਂ। ਉਸ ਨੇ ਨੰਬਰਦਾਰ ਅਤੇ ਬਚਨੇ ਦਾ ਸੁਆਗਤ ਇਕ ਅਜੀਬ ਮੁਸਕਰਾਹਟ ਨਾਲ ਕੀਤਾ। ਠਾਣੇਦਾਰ ਕਾਗਜ਼ਾਂ ਵਿੱਚ ਰੁੱਝਿਆ ਹੋਇਆ ਸੀ।

''ਸਾਸਰੀਕਾਲ ਜੀ!''

''ਸਾਸਰੀਕਾਲ! ਬੈਠੋ, ਚਾਹ ਮੰਗਾਵਾਂ?'' ਮੁਣਸ਼ੀ ਨੇ ਬਚਨੇ ਦੀ ਜੇਬ ਦਾ ਭਾਰ ਅੱਖਾਂ ਰਾਹੀਂ ਹੀ ਤੋਲ ਕੇ ਪੁੱਛਿਆ, ''ਪੂਰੇ ਐ......?'' ਪੁੱਛਣ ਲਈ ਉਹ ਉਤਾਵਲਾ ਹੋਇਆ ਪਿਆ ਸੀ।

''ਚਾਹ ਜੀ ਅਸੀਂ ਪੀ ਕੇ ਆਏ ਐਂ।''

''ਮੁਣਸ਼ੀ! ਕੌਣ ਐ?'' ਅੰਦਰੋਂ ਠਾਣੇਦਾਰ ਨੇ ਪੁੱਛਿਆ। ਫਾਈਲ ਉਸਨੇ ਬੰਦ ਕਰ ਦਿੱਤੀ।

''ਆਪਣੇ ਪ੍ਰੀਤਮ ਸਿਉਂ ਦਾ ਬੰਦਾ ਐ ਜੀ।'' ਠਾਣੇਦਾਰ ਦੀ ਅਵਾਜ ਮੁਣਸ਼ੀ ਦੇ ਡਾਂਗ ਵਾਂਗ ਵੱਜੀ ਸੀ।

''ਚੰਗਾ ਅੰਦਰ ਭੇਜ?'' ਅੰਦਰੋਂ ਹੁਕਮ ਆਇਆ। ਬਚਨਾ ਅਤੇ ਨੰਬਰਦਾਰ ਦਫ਼ਤਰ ਅੰਦਰ ਚਲੇ ਗਏ। ਢੰਗ ਨਾਲ ਨੰਬਰਦਾਰ ਨੂੰ ਦਫਤਰ ਵਿਚੋਂ ਬਾਹਰ ਭੇਜ ਕੇ ਠਾਣੇਦਾਰ ਨੇ ਬਚਨੇ ਦੀ ਜੇਬ ਖਾਲੀ ਕਰਵਾ ਲਈ।

''ਠੀਕ ਐ - ਪੂਰਾ ਐ - ਤੁਸੀਂ ਜਾ ਸਕਦੇ ਹੋ।''

''ਤੇ ਜੀ ਬੰਦੇ - ?'' ਬਚਨਾ ਚੌਂਕਿਆ।

''ਬੰਦਿਆਂ ਤੋਂ ਅਸੀਂ ਮੇਹੜ ਤਾਂ ਨਹੀਂ ਪੁਆਉਣੀ? ਜਿਵੇਂ ਅਸੀਂ ਬੰਦਿਆਂ ਨੂੰ ਚੋਣਾਂ ਹੁੰਦੈ -ਜਮਾਨਤ ਕਰਵਾ ਕੇ ਛੱਡ ਦਿਆਂਗੇ - ਜਾਹ ਸਾਡਾ ਟਾਈਮ ਨਾ ਖਰਾਬ ਕਰ-!''

ਦੋਸ਼ੀਆਂ ਨੂੰ ਇਲਾਕਾ ਮੈਜਿਸਟਰੇਟ ਦੇ ਪੇਸ਼ ਕਰਕੇ ਉਹਨਾਂ ਦੇ ਰੱਸੇ ਲਾਹ ਦਿੱਤੇ। ਰਿਮਾਂਡ

ਦੀ ਕੋਈ ਜਰੂਰਤ ਨਹੀਂ ਸੀ। ਜੋ ਪੁੱਛ ਗਿੱਛ ਕਰਨੀ ਸੀ, ਕੀਤੀ ਜਾ ਚੁੱਕੀ ਸੀ। ਮੁਲਜ਼ਮ ਜਮਾਨਤ ਤੇ ਪਿੰਡ ਆ ਗਏ। ਉਹਨਾਂ ਦੇ ਹੌਸਲੇ ਬੁਲੰਦ ਸਨ। ਉਹ ਧਰਤੀ 'ਤੇ ਪੈਰ ਨਹੀਂ ਲਾਉਂਦੇ ਸਨ। ਠਾਣੇਦਾਰ ਉਹਨਾਂ ਦੇ ਹੱਕ ਵਿੱਚ ਸੀ। ਠਾਣੇਦਾਰ ਨਰ ਬੰਦਾ ਹੋ ਨਿੱਬੜਿਆ ਸੀ, ਜਿਸ ਨੇ ਬਚਨ ਦੇ ਕੇ ਪੁਗਾਏ ਸਨ। ਪ੍ਰੀਤਮ ਅਤੇ ਜਿੰਦਰ ਨੂੰ ਹੁਣ ਕੇਸ ਦਾ ਕੋਈ ਬਹੁਤਾ ਫਿਕਰ ਨਹੀਂ ਰਹਿ ਗਿਆ ਸੀ।

''ਅਸੀਂ ਤਾਂ ਪਹਿਲੀ ਪੇਸ਼ੀ ਤੇ ਬਰੀ ਹੋਏ ਲਓ...!'' ਉਹ ਮਿਲਦੇ ਕਰਦੇ ਨੂੰ ਬੜੇ ਹੰਕਾਰ ਨਾਲ ਹਿੱਕ ਠੋਕ ਕੇ ਆਖਦੇ।

(ਚਲਦਾ)

ਜੱਟ ਵੱਢਿਆ ਬੋਹੜ ਦੀ ਛਾਵੇਂ
(ਕਿਸਤ ਚੌਥੀ)

ਬਿੱਲੂ ਨੂੰ ਹਸਪਤਾਲ ਵਿੱਚੋਂ ਛੁੱਟੀ ਮਿਲ ਗਈ। ਛੁੱਟੀ ਤੋਂ ਬਾਅਦ ਉਸਨੂੰ ਨਾਨਕੀ ਨਹੀਂ ਸਗੋਂ ਪਿੰਡ ਲਿਆਂਦਾ ਗਿਆ। ਪਿੰਡ ਦਾ ਤਕਰੀਬਨ ਹਰ ਬੰਦਾ ਉਸ ਦੀ ਖਬਰ ਨੂੰ ਆਇਆ। ਬੁੱਢੇ ਠੇਰੇ ਬਿੱਲੂ ਦਾ ਦਿਲ ਧਰਾਉਂਦੇ ਸਨ।

''ਦੇਖਗਾਂ, ਕਿਮੇਂ ਮੂੰਹ ਬਣਾਇਐ...!''

''ਉਏ, ਐਹੋ ਜੀਆਂ ਸੱਟਾਂ ਫ਼ੇਟਾਂ ਨੂੰ ਗੱਭਰੂ ਮੁੰਡੇ ਕੀ ਗੌਲਦੇ ਐ...?''

''ਸ਼ੇਰ ਬਣੀਂਦੈ ਸ਼ੇਰ...!''

''ਮੂੰਹ ਦੇਖ ਕਿਮੇਂ ਹੁਕਮ ਦੇ ਗੋਲੇ ਅਰਗਾ ਕਰੀ ਪਿਐ...।''

''ਹੌਂਸਲਾ ਰੱਖੀਦੈ, ਜੁਆਨਾਂ...!''

ਪਰ ਬਿੱਲੂ ਚੁੱਪ ਸੀ। ਉਸ ਦੇ ਜ਼ਖ਼ਮ ਠੀਕ ਠਾਕ ਸਨ। ਟਾਂਕੇ ਕੱਟੇ ਜਾ ਚੁੱਕੇ ਸਨ।

ਪੱਟੀਆਂ ਖੁੱਲ੍ਹ ਗਈਆਂ ਸਨ। ਟੀਕਿਆਂ ਦਾ ਉਹ ਥਾਂ-ਥਾਂ ਤੋਂ ਪਰੋਇਆ ਪਿਆ ਸੀ। ਪਰ ਦੁਆਈ ਉਹ ਅਜੇ ਵੀ ਖਾ ਰਿਹਾ ਸੀ।

ਉਹ ਆਮ ਚੁੱਪ ਹੀ ਰਹਿੰਦਾ। ਪਤਾ ਨਹੀਂ ਉਹ ਦੁਖੀ ਸੀ, ਜਾਂ ਕੁਝ ਸੋਚਦਾ ਸੀ? ਗੁੱਸੇ ਵਿੱਚ ਸੀ ਜਾਂ ਉਸਨੂੰ ਮੀਤੀ ਦੀ ਯਾਦ ਸਤਾ ਰਹੀ ਸੀ? ਸ਼ਾਇਦ ਉਸਨੂੰ ਖ਼ੁਦ ਨੂੰ ਵੀ ਨਹੀਂ ਪਤਾ ਸੀ। ਆਪ ਦਾ ਘਰ ਹੀ ਜਿਵੇਂ ਉਸ ਦੇ ਪੈਰਾਂ ਦੀਆਂ ਬੇੜੀਆਂ ਬਣ ਗਿਆ ਸੀ। ਇਕ ਜੇਲ੍ਹ ਬਣ ਗਿਆ ਸੀ, ਜਿਥੋਂ ਉਹ ਬਾਹਰ ਨਹੀਂ ਨਿੱਕਲ ਸਕਦਾ ਸੀ। ਕਈ ਵਾਰ ਉਹ ਸੁੱਤਾ ਪਿਆ ਬਰੜਾਹਟ ਕਰ ਕੇ ਉਠਦਾ। ਬਿੱਲੂ ਦੀ ਮਾਂ ਅਤੇ ਬਾਪ ਉਸ ਦੀ ਹਾਲਤ ਤੋਂ ਕਾਫ਼ੀ ਚਿੰਤਤ ਸਨ।

ਮਾਂ ਉਸ ਨੂੰ ਕਈ ਕੁਝ ਬਣਾ ਕੇ ਖੁਆਉਂਦੀ। ਪਰ ਬਿੱਲੂ ਦੀ ਕਿਸੇ ਚੀਜ਼ ਨੂੰ ਰੂਹ ਹੀ ਨਾ ਕਰਦੀ। ਉਹ ਮੰਜੇ ਤੇ ਗੁਆਚਿਆਂ ਵਾਂਗ, ਚੌਂਧੀ ਲੱਗਿਆਂ ਵਾਂਗ ਬੈਠਾ ਰਹਿੰਦਾ। ਡਰਿਆਂ ਵਾਂਗ ਝਾਕਦਾ। ਬਿੱਲੂ ਦੀ ਮਾਂ ਅਤੇ ਭੈਣ ਉਸਦੀ ਹਾਲਤ ਵੱਲ ਦੇਖ ਦੇਖ ਹੀ ਰੋਂਦੀਆਂ ਰਹਿੰਦੀਆਂ।

ਦੁਪਿਹਰ ਢਲੀ।

ਬਿੱਲੂ ਨੀਮ ਪਾਗਲਾਂ ਵਾਂਗ ਚਿੱਟੀ ਚਾਦਰ ਲਈ ਮੰਜੇ ਤੇ ਪਿਆ ਸੀ। ਮੂੰਹ ਤੇ ਮੱਖੀਆਂ ਭਿਣਕ ਰਹੀਆਂ ਸਨ। ਉਸ ਵਿੱਚੋਂ ਸੱਤਿਆ ਜਿਵੇਂ ਉੱਡ ਹੀ ਗਈ ਸੀ।

ਮਾਂ ਰਸੋਈ ਵਿੱਚ ਕੰਮ ਕਰ ਰਹੀ ਸੀ। ਭੈਣ ਗੁਸਲਖਾਨੇ ਵਿੱਚ ਨਹਾ ਰਹੀ ਸੀ।

ਅਚਾਨਕ ਮੱਖਣ ਆ ਗਿਆ।

ਮੱਖਣ, ਬਿੱਲੂ ਨਾਲ ਕਾਲਜ ਵਿੱਚ ਪੜ੍ਹਦਾ ਸੀ। ਉਹ ਦੋਨੋਂ ਜਿਗਰੀ ਯਾਰ ਸਨ। ਹਮ ਪਿਆਲਾ, ਹਮ ਨਿਵਾਲਾ! ਇਕ ਦੂਜੇ ਦੇ ਸਾਹਾਂ ਵਿੱਚ ਸਾਹ ਲੈਣ ਵਾਲੇ। ਮੱਖਣ ਨੂੰ ਤੱਕ ਕੇ ਬਿੱਲੂ ਦੀਆਂ ਪਥਰਾਈਆਂ ਅੱਖਾਂ ਵਿੱਚੋਂ ਇਕ ਦਮ ਪਾਣੀ ਵਹਿ ਤੁਰਿਆ। ਅੱਖਾਂ ਵਿੱਚੋਂ ਪਾਣੀ ਹੜ੍ਹ ਵਾਂਗ ਚੱਲਣ ਲੱਗ ਪਿਆ। ਪਤਾ ਨਹੀਂ ਪਾਣੀ ਕਿੱਧਰੋਂ ਆ ਗਿਆ ਸੀ?

ਯਾਰਾਂ ਨੇ ਇਕ ਦੂਜੇ ਨੂੰ ਘੁੱਟ ਕੇ ਗਲਵੱਕੜੀ ਪਾਈ। ਕਿੰਨਾ ਹੀ ਚਿਰ ਪਾਈ ਰੱਖੀ।

ਸ਼ਾਇਦ ਗਲਵੱਕੜੀ ਛੱਡਣ ਦਾ ਉਹਨਾਂ ਨੂੰ ਚੇਤਾ ਹੀ ਨਹੀਂ ਰਿਹਾ ਸੀ।

''ਬੇਬੇ ਚਾਹ ਬਣਾਓ...!'' ਬਿੱਲੂ ਨੇ ਕਿਹਾ।

''ਬਣਾਉਨੀ ਆਂ ਪੁੱਤ...!'' ਬੇਬੇ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਕਈ ਦਿਨਾਂ ਬਾਅਦ ਬਿੱਲੂ ਅੱਜ ਗੜ੍ਹਕੇ ਨਾਲ, ਖੁੱਲ੍ਹ ਕੇ ਬੋਲਿਆ ਸੀ। ਨਹੀਂ ਤਾਂ ਉਹ ਗੂੰਗਿਆਂ ਵਾਂਗ ਸਿਰ ਸੁੱਟੀ ਬੈਠਾ ਰਹਿੰਦਾ। ਬੇਬੇ ਦੇ ਭਾਅ ਦਾ ਤਾਂ ਮੱਖਣ ਅੱਜ ਰੱਬ ਬਣ ਕੇ ਆਇਆ ਸੀ, ਜਿਸ ਨੇ ਬਿੱਲੂ ਦੇ ਤੌਰ-ਤਰੀਕੇ ਹੀ ਬਦਲ ਦਿੱਤੇ ਸਨ।

ਮਾਂ ਚਾਹ ਬਣਾਉਣ ਲੱਗ ਪਈ।

ਮੱਖਣ ਨੇ ਤੈਹਾਂ ਮਾਰ ਕੇ ਬੰਦ ਕੀਤੀ ਚਿੱਠੀ ਬਿੱਲੂ ਨੂੰ ਦਿੱਤੀ। ਬਿੱਲੂ ਨੇ ਸੁਆਲੀ ਨਜ਼ਰਾਂ ਨਾਲ ਮੱਖਣ ਨੂੰ ਤੱਕਿਆ ਅਤੇ ਫਿਰ ਖੋਲ੍ਹ ਕੇ ਪੜ੍ਹਨੀ ਸ਼ੁਰੂ ਕੀਤੀ।

''ਮੇਰੇ ਸੁਪਨਿਆਂ ਦੇ ਚੰਦ...! ਮੇਰੇ ਸਾਹਾਂ ਦੀ ਮੁਸਕਾਨ...!!

ਕੀ ਲਿਖਾਂ...? ਕਿਸ ਤਰ੍ਹਾਂ ਲਿਖਾਂ...? ਕੋਈ ਸਮਝ ਨਹੀਂ ਪੈਂਦੀ ਕਿ ਦਿਲਾਂ ਦਾ ਦੁੱਖ ਕਿਵੇਂ ਤੇਰੀਆਂ ਅੱਖਾਂ ਅੱਗੇ ਉਜਾਗਰ ਕਰਾਂ? ਮੇਰੇ ਬੇਕਿਰਕ ਚਾਚੇ ਅਤੇ ਬਾਪ ਨੇ ਤੁਹਾਨੂੰ ਕੋਹਿਆ, ਜਿਸ ਦੇ ਦੁੱਖ ਨਾਲ ਮੈਂ ਕਰਾਹ ਰਹੀ ਹਾਂ! ਅੱਖ ਮੇਰੇ ਯਾਰ ਦੀ ਦੁਖੇ ਤੇ ਲਾਲੀ ਮੇਰੀਆਂ ਅੱਖਾਂ ਵਿਚ ਰੜਕੇ! ਬਿੱਲੂ, ਤੇਰੀ ਮੀਤੀ ਬਿਲਕੁਲ ਬੇਕਸੂਰ ਹੈ! ਬਿਲਕੁਲ ਬੇਕਸੂਰ...! ਇਸ ਦਾ ਬਦਲਾ ਤੂੰ ਨਹੀਂ, ਮੈ ਲਵਾਂਗੀ। ਇਹ ਬਦਲਾ ਮੈਂ ਤੇਰੇ ਖ਼ੂਨ ਨਾਲ ਆਪਣੀ ਹਿੱਕ ਤੇ ਲਿਖ ਲਿਆ ਹੈ। ਜਦ ਇਕ ਔਰਤ ਬਦਲਾ ਲੈਣ ਤੇ ਤੁਲਦੀ ਹੈ ਤਾਂ ਹਜ਼ਾਰਾਂ ਪਹਾੜ ਸਾੜ ਕੇ ਰਾਖ ਕਰ ਦਿੰਦੀ ਹੈ।

ਮੇਰੀ ਜ਼ਿੰਦਗੀ ਦੀ ਮੰਜ਼ਿਲ ਸਿਰਫ਼ ਤੂੰ ਹੈਂ...! ਸਿਰਫ਼ ਅਤੇ ਸਿਰਫ਼ ਤੂੰ...!! ਤੇਰੇ ਬਿਨਾਂ ਮੈਨੂੰ ਸਾਰਾ ਜੱਗ ਹਨ੍ਹੇਰਾ, ਕਾਲ਼ਾ ਨਜ਼ਰ ਆਉਂਦਾ ਹੈ। ਪਿੰਡ ਮੈਨੂੰ ਰਾਕਸ਼ਸਾਂ ਦੀ ਬਸਤੀ ਲੱਗਦੀ ਹੈ। ਤੇਰੇ ਬਿਨਾਂ ਮੈਨੂੰ ਆਪਣੀ ਜ਼ਿੰਦਗੀ ਸ਼ਮਸ਼ਾਨਘਾਟ ਵਾਂਗ ਸੁੰਨੀ ਅਤੇ ਡਰਾਉਣੀ ਦਿਸਦੀ ਹੈ।

ਖੈਰ! ਅੱਜ ਰਾਤ ਨੂੰ ਪੂਰੇ ਦਸ ਵਜੇ ਮੈਂ ਬੌਰੀਆਂ ਦੇ ਖੇਤ ਕੋਲ ਤੇਰੀ ਉਡੀਕ ਕਰਾਂਗੀ। ਮੱਖਣ ਨੂੰ ਸਭ ਕੁਝ ਪਤਾ ਹੈ। ਅੱਜ ਰਾਤ ਜਰੂਰ ਮਿਲਣਾਂ। ਨਹੀਂ ਤਾਂ ਤੈਨੂੰ ਮੀਤੀ ਸਾਰੀ ਜ਼ਿੰਦਗੀ ਭਾਲੀ ਨਹੀਂ ਥਿਆਵੇਗੀ।

ਉਡੀਕ ਵਿੱਚ ਤੇਰੀ,

ਮੀਤੀ।''

ਚਿੱਠੀ ਪੜ੍ਹਕੇ ਬਿੱਲੂ ਨੇ ਬੰਦ ਕਰ ਦਿੱਤੀ। ਉਸ ਨੇ ਅੰਗੜਾਈ ਲਈ। ਮਰਦੇ ਨੂੰ ਪਾਣੀ ਮਿਲਣ ਵਾਂਗ ਉਸਨੂੰ ਅੰਦਰੂਨੀ ਸਹਾਰਾ ਜਿਹਾ ਮਿਲਿਆ। ਪਰ ਅਗਲੇ ਪਲ ਹੀ ਜਿਵੇਂ ਉਹ ਪਹਾੜ ਦੀ ਚੋਟੀ ਤੋਂ ਥੱਲੇ ਆ ਡਿੱਗਿਆ ਹੋਵੇ। ਉਹ ਕਿਸੇ ਉਲਝਣ, ਕਿਸੇ ਦੁਬਿਧਾ ਵਿੱਚ ਫ਼ਸ ਗਿਆ।

''ਦੇਖਿਐ...? ਇਉਂ ਕਰੀਦੀ ਐ ਕਮਾਲ...!'' ਮੱਖਣ ਮੀਸਣਾਂ ਜਿਹਾ ਹਾਸਾ ਹੱਸਿਆ।

''.......!''ਬਿੱਲੂ ਚੁੱਪ ਸੀ।

''ਚੁੱਪ ਦਾ ਕੋਈ ਕਾਰਨ...?''

''ਬਾਪੂ, ਬੇਬੇ ਤਾਂ ਘਰੋਂ ਪੈਰ ਨਹੀਂ ਪੱਟਣ ਦਿੰਦੇ - ਤੇ ਨਾਲੇ ਨਾਨਕੀਂ ਤਾਂ ਮੈਨੂੰ ਜਾਣ ਈ ਨੀ ਦੇਣਾ - ਬੇਬੇ ਨੇ ਤਾਂ ਐਥੋਂ ਤੱਕ ਕਹਿ ਰੱਖਿਐ ਕਿ ਮੈਂ ਨਾਨਕਿਆਂ ਦਾ ਨਾਂ ਤੱਕ ਨਹੀਂ ਲੈ ਸਕਦਾ...।'' ਬਿੱਲੂ ਨੇ ਪਹਾੜ ਜਿੱਡੀ ਮੁਸ਼ਕਿਲ ਦੱਸੀ।

''ਇਹ ਸਾਰਾ ਕੰਮ ਮੇਰੇ ਤੇ ਛੱਡ...!'' ਜਿਵੇਂ ਮੱਖਣ ਹੱਲ ਲੱਭੀ ਬੈਠਾ ਸੀ।

''ਕਿਵੇਂ...?''

''ਸਾਡੇ ਪਿੰਡ ਚੱਲਾਂਗੇ - ਉਥੋਂ ਬੌਰੀਆਂ ਦੇ ਖੇਤ ਸਿਰਫ ਇਕ ਕਿਲੋਮੀਟਰ ਦੂਰ ਐ - ਰਾਤ ਨੂੰ ਸੈਂਕਲ ਚੱਕਾਂਗੇ - ਉਥੇ ਜਾ ਵੱਜਾਂਗੇ ।'' ਮੱਖਣ ਪੂਰਾ ਘਤਿੱਤੀ ਸੀ।

''ਤੂੰ ਮਾਰੀ ਜਾਨੈਂ ਯੱਭਲੀਆਂ - ਅਖੇ ਡੁੱਬੀ ਤਾਂ-ਤਾਂ ਜੇ ਸਾਹ ਆਇਆ ਬੇਬੇ ਬਾਪੂ ਜਾਣ ਦੇਣਗੇ ਤਾਂ ਈ ਐ ਨਾ...?''

‘‘ਇਹ ਫ਼ਿਕਰ ਸਾਡਾ - ਤੂੰ ਬੱਸ ਕਾਇਮ ਹੋ ਕੇਰਾਂ...!’’ ਬੇਬੇ ਚਾਹ ਕੈ ਲੇ ਆ ਗਈ।

ਉਸਨੇ ਮੱਖਣ ਨੂੰ ਪਿਆਰ ਦਿੱਤਾ। ਸਿਰ ਪਲੋਸਿਆ। ਸੁੱਖ-ਸਾਂਦ ਪੁੱਛੀ।

ਦੋਹਾਂ ਨੇ ਚਾਹ ਪੀਤੀ ਅਤੇ ਇੱਧਰਲੀਆਂ-ਉਧਰਲੀਆਂ ਗੱਲਾਂ ਮਾਰਨ ਲੱਗ ਪਏ। ਉੱਚੀ-ਉੱਚੀ ਹੱਸਣ ਲੱਗ ਪਏ। ਬਿੱਲੂ ਦਾ ਚਿਹਰਾ ਟਹਿਕ ਉਠਿਆ ਸੀ। ਇੰਜ ਜਾਪਦਾ ਸੀ, ਜਿਵੇਂ ਕਦੇ ਉਸ ਦੇ ਸੱਟਾਂ ਵੱਜੀਆਂ ਹੀ ਨਹੀਂ ਸਨ। ਉਹ ਬਿਲਕੁਲ ਤਾਜ਼ਾ ਨਜ਼ਰ ਆ ਰਿਹਾ ਸੀ। ਚਿਹਰੇ ਤੇ ਖੁਸ਼ੀ ਸੀ। ਗੱਲ੍ਹਾਂ ਤੇ ਲਾਲੀ ਉਤਰ ਆਈ ਸੀ।

‘‘ਬੇਜੀ-ਮੈਂ ਤੁਹਾਡੇ ਨਾਲ ਇਕ ਗੱਲ ਕਰਨੀ ਐਂ।’’ ਮੱਖਣ ਨੇ ਤੋਰਾ ਤੋਰਿਆ।

‘‘ਬੋਲ ਸ਼ੇਰਾ...!’’ ਮਾਂ ਪੀੜ੍ਹੀ ਲੈ ਕੇ ਸਾਹਮਣੇ ਬੈਠ ਗਈ।

‘‘ਨਾਂਹ ਤਾਂ ਨਹੀਂ ਕਰਦੇ...?’’

‘‘ਸ਼ੇਰਾ ਨਾਂਹ ਕਾਹਤੋਂ ਕਰਨੀ ਐਂ - ਮਾਂ ਸਦਕੇ...!’’

‘‘ਕੱਲ੍ਹ ਨੂੰ ਵੱਡੇ ਬਾਈ ਜੀ ਨੂੰ ਸ਼ਗਨ ਪੈਣੈਂ - ਤੇ ਮੈਂ ਬਿੱਲੂ ਨੂੰ ਲੈਣ ਆਇਐਂ।’’

ਮਾਂ ਸੋਚੀਂ ਪੈ ਗਈ।

ਮੱਖਣ ਨੂੰ ਕੀ ਉਤਰ ਦੇਵੇ?

‘‘ਪੁੱਤ, ਤੂੰ ਐਥੇ ਰਹਿ - ਰਾਤ ਨੂੰ ਇਹਦਾ ਪਿਓ ਆ ਜਾਊਗਾ ਤੇ ਉਹਨੂੰ ਪੁੱਛ ਕੇ ਤੂੰ ਸਵੇਰੇ ਲੈ ਜਾਈਂ।’’

‘‘ਰੌਲ਼ਾ ਤਾਂ ਅੱਜ ਰਾਤ ਦਾ ਐ।’’ ਅਚਾਨਕ ਮੱਖਣ ਦੇ ਮੂੰਹ ’ਚੋਂ ਨਿੱਕਲ ਗਿਆ।

‘‘ਕੀ ਕਿਹਾ, ਪੁੱਤ...?’’ ਸ਼ਾਇਦ ਬੇਬੇ ਨੂੰ ਸੁਣਿਆ ਨਹੀਂ ਸੀ।

‘‘ਮੇਰਾ ਮਤਲਬ ਐ ਬੇਜੀ, ਬਈ ਅੱਜ ਸਾਰੇ ਰਿਸ਼ਤੇਦਾਰਾਂ, ਯਾਰਾਂ-ਮਿੱਤਰਾਂ ਨੇ ਆਉਣਾ ਐਂ।’’ ਮੱਖਣ ਨੇ ਤੇਜ਼ੀ ਨਾਲ ਗੱਲ ਬੋਚੀ।

‘‘ਤੀਆਂ ਮਗਰੋਂ ਕੀ ਕਿਸੇ ਨੇ ਲੂੰਗੀ ਫੂਕਣੀ ਐਂ...?’’ ਬਿੱਲੂ ਵਿੱਚੋਂ ਹੀ ਬੋਲ ਪਿਆ।

''ਦੇਖਿਐ ਵਿਗੜਿਆ ਬਾਂਦਰ...!''

''ਬੇਜੀ, ਤੁਸੀਂ ਕਿਸੇ ਗੱਲ ਦੀ ਚਿੰਤਾ ਨਾ ਕਰੋ।''

''ਚਿੰਤਾ ਤਾਂ ਨਹੀਂ ਪੁੱਤ - ਪਰ ਥੋੜੇ ਨਾਲ ਦਾ ਪਿੰਡ ਬਹੁਤ ਚੰਦਰਾ ਐ।'' ਮਾਂ ਉਦਾਸ ਹੋ ਗਈ। ਪੁਰਾਣੇ ਖਰੀਂਢ ਉੱਚੜ ਗਏ ਸਨ। ਕੋਈ ਮਨਹੂਸ ਗੱਲ ਸੋਚ ਕੇ ਸਿਰ ਨੂੰ ਘੇਰ ਚੜ੍ਹੀ ਸੀ।

''ਬੇਜੀ, ਅਸੀਂ ਨਾਲ ਦੇ ਪਿੰਡ ਕਰਨ ਵੀ ਕੀ ਜਾਣੈਂ?'' ਮੱਖਣ ਨੇ ਵਿਸ਼ਵਾਸ਼ ਦੁਆਇਆ।

''ਕਰਨ ਤਾਂ ਪੁੱਤ ਕੁਛ ਨਹੀਂ ਜਾਣਾ - ਪਰ ਮੇਰਾ ਡੁੱਬੜਾ ਦਿਲ ਪਿੱਛੇ ਨਹੀਂ ਪੈਂਦਾ।''

''ਬੇਜੀ, ਛੱਡਿਆ ਕਰੋ ਐਹੋ ਜਿਹੀਆਂ ਗੱਲਾਂ ਨੂੰ - ਅੱਜ ਰਾਤ ਨੂੰ ਈ ਅਸੀਂ ਨੱਚਣਾ ਟੱਪਣਾ ਐਂ - ਕੱਲ੍ਹ ਨੂੰ ਆ ਕੇ ਮੈਂ ਆਪੇ ਬਿੱਲੂ ਨੂੰ ਛੱਡ ਜਾਊਂ।''

''ਲੈ ਪੁੱਤ - ਸਵੇਰੇ ਛੱਡ ਜਾਈਂ।''

''ਮੈਂ ਕਹਿੰਨੈ ਬੇਜੀ, ਤੁਸੀਂ ਫ਼ਿਕਰ ਕਾਹਦਾ ਕਰਦੇ ਹੋ - ਚੱਲ ਬਈ ਬਿੱਲੂ ਸਿਆਂ, ਖਿੱਚ ਤਿਆਰੀ ਫੇਰ - ਪਾਈਏ ਚਾਲੇ...!''

ਬਿੱਲੂ ਨਹਾਉਣ ਲੱਗ ਪਿਆ।

ਉਸ ਨੇ ਕੱਪੜੇ ਪਾਏ ਅਤੇ ਤਿਆਰ ਹੋ ਗਿਆ।

''ਨ੍ਹੀ ਅੱਜ ਮੇਰੇ ਓਸ ਨੇ ਆਉਣਾਂ - ਜੀਹਦਾ ਡਰਦੀ ਲਵਾਂ ਨਾਂ ਮੈਂ, ਨਾਂ ।'' ਉਹ ਪਗੜੀ ਦੇ ਪੇਚ ਜਚਾਉਂਦਾ ਕਵੀਸ਼ਰੀ ਕਰਨ ਲੱਗ ਪਿਆ।

''ਲੈ ਸ਼ੇਰਾ - ਇਹਨੂੰ ਪੀਣ ਪੂਣ ਨਾ ਦਿਓ!'' ਬੇਬੇ ਨੇ ਚਿਤਾਵਨੀ ਦਿੱਤੀ।

''ਬੇਜੀ - ਤੁਸੀਂ ਚਿੰਤਾ ਨਾ ਕਰੋ...!''

ਤੁਰਦੇ ਮੱਖਣ ਨੂੰ ਬੇਬੇ ਨੇ ਪੰਜਾਹ ਰੁਪਏ ਅਤੇ ਇਕ ਖੇਸ ਦਿੱਤਾ। ਮੱਖਣ ਨੇ ਬਥੇਰੀ ਨਾਂਹ-ਨੁੱਕਰ ਕੀਤੀ ਪਰ ਬੇਬੇ ਬਜ਼ਿੱਦ ਸੀ।

‘‘ਪੁੱਤ, ਤੇਰੇ ਆਉਣ ਨਾਲ ਮੇਰਾ ਜਿਉਣ ਜੋਕਰਾ ਟੱਲੀ ਅਰਗਾ ਹੋ ਗਿਆ ਥੋਡੇ ਨਾਲੋਂ ਚੀਜ਼ਾਂ ਚੰਗੀਐਂ ਸ਼ੇਰਾ?’’

ਦੋਨੋਂ ਤੁਰ ਗਏ।

ਜਾਂਦੇ ਪੁੱਤ ਵੱਲ ਮਾਂ ਦੂਰ ਤੱਕ ਤੱਕਦੀ ਰਹੀ। ਉਹ ਚਿੰਤਾ ਦੀ ਮੂਰਤ ਬਣੀ ਖੜ੍ਹੀ ਸੀ।

ਸ਼ਾਮ ਨੂੰ ਬਲਵੰਤ ਸਿੰਘ ਘਰ ਆਇਆ।

‘‘ਬਿੱਲੂ ਕਿੱਧਰ ਗਿਆ? ਮੰਜਾ ਖਾਲੀ ਜਿਆ ਪਿਐ...?’’ ਬਾਪੂ ਨੇ ਪੁੱਛਿਆ।

‘‘ਉਹ ਤਾਂ ਕਿਸੇ ਦੋਸਤ ਨੂੰ ਮਿਲਣ ਗਿਐ।’’ ਬੇਬੇ ਨੇ ਸੰਖੇਪ ਉੱਤਰ ਦਿੱਤਾ।

‘‘ਅੱਗੇ ਦੇਖਿਆ ਨਹੀਂ ਦੋਸਤਾਂ ਦਾ ਸੁਆਦ...?’’ ਬਲਵੰਤ ਸਿੰਘ ਗੁੱਸੇ ਨਾਲ ਰੱਤਾ ਹੋ ਗਿਆ।

‘‘ਵੇ ਭਰਮਾਂ ਦਿਆਂ ਪੱਟਿਆ...! ਉਹਦਾ ਦੋਸਤ ਆਇਆ ਸੀ - ਆਪਦੇ ਭਰਾ ਦੇ ਮੰਗਣੇ ਤੇ ਲੈ ਕੇ ਗਿਆ ਐ - ਭਲਕੇ ਆਜੂਗਾ।’’

‘‘ਬਾਬੇ ਦੇ ਯਾਰ ਗਿੱਦੜ ਤੇ ਬਘਿਆੜ - ਜੇ ਕੋਈ ਘਾਣੀ ਬੀਤਗੀ...?’’

‘‘ਸੁੱਖ ਭਾਲਿਆ ਕਰ ਰੱਬ ਤੋਂ...!’’

‘‘ਮੂੰਹ ਬੰਦ ਕਰਲਾ...! ਸੁੱਖ ਭਾਲਿਆ ਕਰ ਰੱਬ ਤੋਂ - ਤੇਰੀ ਗੁਤਨੀ ਪੱਟਦੂੰ ਜਿਹੜੀ ਲਈ ਫਿਰਦੀ ਐਂ - ਕਾਟੋ ਦੀ ਪੂਛ ਅਰਗੀ।’’ ਬਾਪੂ ਹਰਖ ਗਿਆ ਸੀ। ਉਸ ਨੇ ਬੇਬੇ ਦੀ ਸਾਂਗ ਲਾਈ।

‘‘ਗੁੱਤ ਈ ਪੱਟਣੀ ਐਂ - ਹੋਰ ਸੱਗੀਫੁੱਲ ਤਾਂ ਨੀ ਲਿਆ ਕੇ ਦੇਣੇ...?’’

‘‘ਕਰਦੀ ਐਂ ਚੁੱਪ ਕਿ ਕਰਾਂ ਬੱਤ ?’’ ਬਾਪੂ ਭੂਸਰ ਗਿਆ ਸੀ।

‘‘.......!’’ ਬੇਬੇ ਦੜ ਵੱਟ ਗਈ।

‘‘ਅੱਗਿਓਂ ਕਿਵੇਂ ਜਬਾੜ੍ਹੇ ਮਾਰਦੀ ਐ...!’’ ਬਲਵੰਤ ਸਿੰਘ ਚੌਂਕੇ ਵੱਲ ਨੂੰ ਵਧਿਆ। ਪਰ

ਬਿੱਲੂ ਦੀ ਭੈਣ ਨੇ ਚੁੱਪ ਕਰਵਾ ਦਿੱਤਾ। ਸ਼ਾਂਤੀ ਵਰਤ ਗਈ। ਬੇਬੇ ਦੁੱਧ ਨੂੰ ਜਾਗ ਲਾਉਂਦੀ ਗੁੱਝੀ-ਗੁੱਝੀ ਰੋ ਰਹੀ ਸੀ।

ਰਾਤ ਹੋ ਗਈ ਸੀ।

ਮੱਖਣ ਅਤੇ ਬਿੱਲੂ ਨੇ ਖੇਤ ਬਹਿ ਕੇ ਦਾਰੂ ਪੀਤੀ, ਕੁੱਕੜ ਖਾਧਾ ਅਤੇ ਦਸ ਵੱਜਣ ਦੀ ਉਡੀਕ ਕਰਨ ਲੱਗੇ। ਇੰਤਜ਼ਾਰ ਦੀ ਤੜਪ ਦਿਲ ਵਿੱਚ ਖੌਰੂ ਪਾ ਰਹੀ ਸੀ। ਖੈਰ! ਉਹਨਾਂ ਨੇ ਘਰੇਲੂ ਗੱਲਾਂ ਕਰਕੇ ਬੜੀ ਮੁਸ਼ਕਿਲ ਨਾਲ ਟਾਈਮ ਟਪਾਇਆ।

ਸਾਢੇ ਕੁ ਨੌਂ ਵਜੇ ਉਹ ਬੌਰੀਆਂ ਦੇ ਖੇਤਾਂ ਵੱਲ ਨੂੰ ਹੋ ਤੁਰੇ। ਇਹ ਖੇਤ ਬੌਰੀਆਂ ਦੇ ਮਾਮਲੇ ਤੇ ਲਏ ਹੋਏ ਸਨ। ਜਿਹਨਾਂ ਵਿੱਚ ਸਮੇਂ-ਸਮੇਂ ਸਿਰ ਆਮ ਸਬਜ਼ੀਆਂ ਹੁੰਦੀਆਂ ਸਨ।

ਬੌਰੀਆਂ ਦੇ ਕੁੱਤੇ ਭੌਂਕੇ। ਟਿਕੀ ਰਾਤ ਵਿੱਚ ਭੁਚਾਲ ਜਿਹਾ ਆ ਗਿਆ।

''ਹੱਟ ਕਤੀੜ੍ਹੇ...!'' ਮੱਖਣ ਨੇ ਪੈਰ ਦੜੱਕਾ ਮਾਰਿਆ।

ਇਕ ਚੁੱਪ ਛਾ ਗਈ।

ਮੱਖਣ ਅਤੇ ਬਿੱਲੂ ਨੇ ਪੈਹਾ ਟੱਪਿਆ। ਫਿਰ ਚਿਰਾਗਦੀਨ ਵਾਲਾ ਪਿੱਪਲ ਲੰਘ ਕੇ ਕੱਸੀ ਪੈ ਗਏ। ਰਾਹ ਤੋਂ ਪਿੱਛੇ ਹਟ ਕੇ ਉਹ ਭੂਤਾਂ ਵਾਲੇ ਪਿੱਪਲ ਹੇਠ ਸ਼ਹਿ ਲਾ ਕੇ ਬੈਠ ਗਏ। ਉਹਨਾਂ ਦੀਆਂ ਅੱਖਾਂ ਰਾਹ ਤੇ ਟਿਕੀਆਂ ਹੋਈਆਂ ਸਨ।

ਰਾਤ ਕਾਲੀ ਬੋਲੀ ਅਤੇ ਡਰਾਉਣੀ ਸੀ। ਕਾਲ਼ਸ ਭਰੀ ਰਾਤ 'ਸਾਂ-ਸਾਂ' ਕਰਦੀ ਸੀ। ਕੰਬਲਾਂ ਵਿੱਚ ਦੀ ਸਰਦੀ ਦੰਦੀਆਂ ਭਰਦੀ ਸੀ। ਘੜੀ ਦੀ ਸੂਈ ਦਸ ਤੇ ਪਹੁੰਚਣ ਵਾਲੀ ਸੀ। ਪਰ ਮੀਤੀ ਦਾ ਕਿਤੇ ਝਾਉਲਾ ਵੀ ਨਹੀਂ ਪੈਂਦਾ ਸੀ। ਸਾਰਾ ਜਹਾਨ ਸਰਦ ਰਾਤ ਵਿੱਚ ਨੀਂਦ ਦੀ ਬੁੱਕਲ ਵਿੱਚ ਹੁਲਾਰੇ ਲੈ ਰਿਹਾ ਸੀ। ਜੇ ਜਾਗਦੇ ਸਨ ਤਾਂ ਆਸ਼ਕ! ਹਰ ਝਾੜ, ਬੂਟਾ ਜਿਵੇਂ ਬਿੱਲੂ ਦੀਆਂ ਅੱਖਾਂ ਅੱਗੇ ਮੀਤੀ ਬਣ ਬਣ ਖੜ੍ਹਦਾ ਸੀ।

ਮੱਖਣ ਉੱਠ ਕੇ ਪਿਸ਼ਾਬ ਕਰਨ ਲੱਗਿਆ ਤਾਂ ਨਸ਼ੇ ਕਾਰਨ ਸਰੀਰ ਡੋਲ ਗਿਆ ਅਤੇ ਉਹ

ਇਕ ਬੂਝੇ 'ਚ ਅੜ੍ਹਕ ਕੇ ਡਿੱਗ ਪਿਆ।

''ਬਚਕੇ ਮੋੜ ਤੋਂ...!'' ਬਿੱਲੂ ਬੋਲਿਆ।

''ਸਹੁਰੀ ਦਾ ਨਸ਼ਾ ਕੀ ਐ, ਕਹਿਰ ਐ ਕਹਿਰ...! ਖਸਮਾਂ ਨੂੰ ਖਾਣਾਂ, ਬੂਝਾ ਈ ਨਹੀਂ ਦਿਸਿਆ।'' ਮੱਖਣ ਨੇ ਸਪੱਸ਼ਟੀਕਰਨ ਦਿੱਤਾ।

ਘੜੀ ਨੇ ਸਾਢੇ ਦਸ ਵਜਾ ਦਿੱਤੇ।

ਪਰ ਮੀਤੀ ਨਾ ਬਹੁੜੀ । ਦੋਨੋਂ ਹੀ ਬਹੁਤ ਮਾਯੂਸ ਹੋਏ ਬੈਠੇ ਸਨ। ਜਿਤਨੀ ਆਸ ਅਤੇ ਖੁਸ਼ੀ ਨਾਲ ਉਹ ਆਏ ਸਨ। ਉਤਨੀ ਹੀ ਮਾਯੂਸੀ ਦਾ ਸਾਹਮਣਾ ਕਰਨਾ ਪਿਆ ਸੀ। ਉਹਨਾਂ ਨੇ ਮੁੜਨ ਦੀ ਤਿਆਰੀ ਕੀਤੀ। ਅਚਾਨਕ ਬਿੱਲੂ ਨੂੰ ਕਿਸੇ ਆਕਾਰ ਜਿਹੇ ਦਾ ਭੁਲੇਖਾ ਪਿਆ।

''ਮੈਨੂੰ ਕੋਈ ਆਉਂਦਾ ਲੱਗਦੈ...!'' ਖੁਸ਼ੀ ਬਿੱਲੂ ਦੇ ਕੰਨਾਂ ਵਿੱਚੋਂ ਬਾਹਰ ਡੁੱਲ੍ਹਣ ਲੱਗ ਪਈ।

''ਤੂੰ ਈ ਦੇਖਲਾ, ਮੈਨੂੰ ਤਾਂ ਦੋ-ਦੋ ਦੀਂਹਦੇ ਐ। '' ਮੱਖਣ ਦਾਰੂ ਦੇ ਨਸ਼ੇ ਨਾਲ 'ਬਾਬੂ' ਬਣਿਆ ਬੈਠਾ ਸੀ।

''ਚੁੱਪ ਕਰ...!''

ਹੌਲੀ-ਹੌਲੀ ਕੋਈ ਨੇੜੇ ਆਉਂਦਾ ਗਿਆ। ਬਿੱਲੂ ਨੇ ਮੀਤੀ ਦੀ ਤੋਰ ਪਛਾਣ ਲਈ। ਮੀਤੀ ਨੇ ਸਿਰ ਤੇ ਖੇਸ ਦਾ ਮੜਾਸਾ ਮਾਰ ਰੱਖਿਆ ਸੀ। ਦੂਰੋਂ ਉਹ ਕਿਸੇ ਮਾਨੁੱਖ ਦਾ ਭੁਲੇਖਾ ਪਾਉਂਦੀ ਸੀ।

''ਸਦਕੇ ਜਾਵਾਂ - ਕੀ ਪਾਪੜ ਵੇਲਦੀ ਫਿਰਦੀ ਐਂ!'' ਬਿੱਲੂ ਨੇ ਉਸ ਨੂੰ ਲੱਕੋਂ ਚੁੱਕ ਲਿਆ। ਮੀਤੀ ਗਲਵੱਕੜੀ ਪਾ ਕੇ ਸਿਸਕਣ ਲੱਗ ਪਈ। ਛਾਤੀ ਨਾਲ ਛਾਤੀ ਖਹੀ ਤਾਂ ਨਿੱਘ ਭਰ ਗਿਆ। ਸਰੂਰ ਨਾਲ ਬਿੱਲੂ ਸੁੱਧ-ਬੁੱਧ ਹੀ ਭੁੱਲ ਗਿਆ। ਸੱਤੇ ਬਹਿਸ਼ਤਾਂ ਉਸ ਦੀ ਝੋਲੀ ਆ ਡਿੱਗੀਆਂ ਸਨ।

''ਕੌਣ ਕਹਿੰਦੈ ਬਈ ਮਿਰਜ਼ੇ ਤੋਂ ਬਾਅਦ ਇਸ਼ਕ ਦਾ ਖਾਤਮਾ ਹੋ ਗਿਆ? ਸੱਸੀਆਂ, ਸੋਹਣੀਆਂ ਅਤੇ ਸ਼ੀਰੀਆਂ ਅਜੇ ਵੀ ਜਿਉਂਦੀਐ!'' ਦੋਨਾਂ ਨੂੰ ਤੱਕ ਕੇ ਮੱਖਣ ਨੇ ਜਿਵੇਂ ਆਪਣੇ ਆਪ ਤੋਂ ਪੁੱਛਿਆ ਸੀ।

ਦੋਨਾਂ ਦੀ ਗਲਵਕੜੀ ਖੁੱਲ੍ਹੀ। ਉਹ ਮਦਹੋਸ਼ ਹੋਏ ਕਿਸੇ ਸਵਰਗ 'ਚੋਂ ਪਰਤੇ ਸਨ।

''ਸੀਨੇ ਖਿੱਚ ਜਿਹਨਾਂ ਨੇ ਖਾਧੀ - ਉਹ ਕਰ ਅਰਾਮ ਨਹੀਂ ਬਹਿੰਦੇ - ਇਉਂ ਆਉਂਦੈ ਐ ਆਸ਼ਕ ਕਰੜੇ ਪਹਿਰੇ ਚੀਰ ਕੇ।'' ਮੱਖਣ ਕਿਸੇ ਅੰਦਰਲੇ ਖਲਾਅ ਵਿੱਚੋਂ ਬੋਲ ਰਿਹਾ ਸੀ।

''ਕੁਰਬਾਨ ਹੋਜਾਂ - ਐਨੇ ਕਰੜੇ ਪਹਿਰੇ ਚੀਰ ਕੇ ਤੂੰ ਆਈ ਕਿਵੇਂ? ਮੈਂ ਤਾਂ ਸੁਣਿਐਂ ਤੇਰੇ 'ਤੇ ਘਰੇ ਦਫ਼ਾ ਚੌਤਾਲੀ ਲੱਗੀ ਵੀ ਐ...?'' ਕਾਫੀ ਦੇਰ ਬਾਅਦ ਬਿੱਲੂ ਨੇ ਚੁੱਪ ਤੋੜੀ।

''ਬਾਪੂ ਤੇ ਚਾਚਾ ਮੋਗੇ ਵਕੀਲ ਦਾ ਮਸ਼ਵਰਾ ਲੈਣ ਗਏ ਵੇ ਐ - ਅੱਜ ਉਥੇ ਈ ਰਹਿਣਗੇ।''

''ਤੇ ਬੇਬੇ...?''

''ਉਸ ਨੂੰ ਮੈਂ ਦਾਲ 'ਚ ਨੀਂਦ ਆਲੀਆਂ ਗੋਲੀਆਂ ਘੋਲ ਕੇ ਦੇ ਦਿੱਤੀਆਂ ਸੀ - ਘੁਰਾੜੇ ਮਾਰੀ ਜਾਂਦੀ ਐ।'' ਉਹ ਹੱਸੀ।

''ਨਹੀਂ ਰੀਸਾਂ ਸ਼ੇਰਨੀ ਦੀਆਂ...!'' ਬਿੱਲੂ ਬੁੱਕਿਆ।

''ਲੋੜ ਕਾਢ ਦੀ ਮਾਂ ਐ!'' ਮੱਖਣ ਨੇ ਕਿਹਾ।

''ਵਾਕਿਆ ਹੀ ਲੋੜ ਕਾਢ ਦੀ ਮਾਂ ਐ।''

''ਬਿੱਲੂ...!''

''ਹਾਂ...?''

''ਤੈਨੂੰ ਮੇਰੇ ਤੇ ਤਾਂ ਕੋਈ ਗੁੱਸਾ ਨਹੀਂ ਨਾ?" ਮੀਤੀ ਹੱਦੋਂ ਵੱਧ ਸੰਜੀਦਾ ਹੋ ਗਈ। ਜਿਵੇਂ ਹੁਣੇ ਰੋ ਪਵੇਗੀ।

''ਆਪਣਿਆਂ ਤੇ ਕਾਹਦਾ ਗੁੱਸਾ...?''

''ਮੇਰੇ ਬਾਪੂ ਨੇ ਤੇ ਚਾਚੇ ਨੇ –।''

''ਮੇਰੇ ਸੱਟਾਂ ਮਾਰੀਆਂ...? ਜੇ ਉਹ ਮੈਨੂੰ ਮਾਰ ਵੀ ਦਿੰਦੇ ਤਾਂ ਵੀ ਕੋਈ ਗਿਲਾ ਨਹੀ ਸੀ।'' ਬਿੱਲੂ ਨੇ ਮੀਤੀ ਦਾ ਵਹਿਮ ਦੂਰ ਕਰ ਦਿੱਤਾ।

''ਆਸ਼ਕ ਮਰਦ ਦਲੇਰ ਨੂੰ – ਸਿਵਾ ਉਡੀਕੇ ਗੋਰ।'' ਮੱਖਣ ਇਕ ਪਾਸੇ ਪਿਆ ਕਵੀਸ਼ਰੀ ਕਰੀ ਜਾ ਰਿਹਾ ਸੀ।

''ਬਿੱਲੂ, ਇਕ ਗੱਲ ਲੜ ਬੰਨ੍ਹ ਲਵੀਂ – ਸੂਰਜ ਚਾਹੇ ਪੂਰਬ ਛੱਡ ਪੱਛਮ ਤੋਂ ਚੜ੍ਹਨਾ ਸ਼ੁਰੂ ਕਰ ਦੇਵੇ – ਚਾਹੇ ਸਾਰਾ ਜ਼ਮਾਨਾਂ ਇਕ ਪਾਸੇ ਹੋ ਕੇ ਖੜ੍ਹ ਜਾਵੇ – ਪਰ ਮੇਰੀ ਰੂਹ – ਮੇਰਾ ਵਜੂਦ ਤੇਰੀ ਅਮਾਨਤ ਹੈ।'' ਉਹ ਹਨ੍ਹੇਰੇ ਵਿੱਚ ਬਿੱਲੂ ਦੇ ਜ਼ਖ਼ਮ ਟੋਹ ਰਹੀ ਸੀ।

ਗਲਵਕੜੀ ਫਿਰ ਕਸੀ ਗਈ। ਬਿੱਲੂ, ਮੀਤੀ ਦੀ ਗਲਵਕੜੀ ਵਿੱਚ ਬੇਹੋਸ਼ਾਂ ਵਾਂਗ ਲਟਕ ਜਿਹਾ ਰਿਹਾ ਸੀ।

''ਮੈਂ ਜਲਦੀ ਮੁੜਨੈਂ।''

''ਫਿਰ ਕਦ ਮਿਲੇਂਗੀ? ਤੇਰੇ ਨਾਲ ਗੱਲਾਂ ਕਰਨ ਨੂੰ ਤਾਂ ਜਿਵੇਂ ਮੈਂ ਜੁੱਗੜਿਆਂ ਤੋਂ ਤਰਸਿਆ ਪਿਐਂ।''

''ਜਦ ਮੇਰਾ ਕਰਤੱਵ ਪੂਰਾ ਹੋ ਗਿਆ।'' ਮੀਤੀ ਨੇ ਕਿਹਾ।

''ਕਿਹੜਾ ਕਰਤੱਵ?'' ਉਹ ਚੌਂਕਿਆ।

''ਜਿਹੜਾ ਪੂਰਾ ਕਰਨ ਤੋਂ ਪਹਿਲਾਂ ਮੈ ਕਿਸੇ ਨੂੰ ਦੱਸਣਾਂ ਨਹੀਂ।''

''ਪਰ ਮੈਂ 'ਕਿਸੇ' ਵਿੱਚ ਨਹੀਂ ਆਉਂਦਾ।''

''ਕਈ ਵਾਰ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਆਪਣਿਆਂ ਨੂੰ ਵੀ 'ਕੋਈ' ਬਣਾਉਣਾ ਪੈਂਦੈ।''

''ਫੇਰ ਵੀ...?''

''ਜਰੂਰ ਦੱਸਾਂਗੀ ਮੇਰੇ ਸੋਹਣਿਆਂ...! ਟਾਈਮ ਆਉਣ 'ਤੇ ਦੱਸਾਂਗੀ – ਉਸ ਟਾਈਮ ਦਾ ਇੰਤਜ਼ਾਰ ਕਰ –ਉਹ ਟਾਈਮ ਆਵੇਗਾ ਜ਼ਰੂਰ ਅਤੇ ਆਵੇਗਾ ਵੀ ਬਹੁਤ ਜਲਦੀ।''

''ਮੈਨੂੰ ਮਾਰੇ ਤੇਰੀ ਸਾਦਗੀ – ਦੁੱਖ ਦੇਵਣ ਤੜ੍ਹੀਆਂ।'' ਮੱਖਣ ਤੋਂ ਫਿਰ ਨਾ ਰਿਹਾ ਗਿਆ।

''ਇਹਨੂੰ ਭੌਂਕੀ ਜਾਣਦੇ, ਤੂੰ ਗੱਲ ਕਰ...!''

''ਨਹੀਂ ਸੋਹਣਿਆ! ਇਹ ਹੀ ਤਾਂ ਆਪਣੇ ਵਿੱਚ ਇਕ ਮਾਧਿਅਮ ਐ – ਨਹੀਂ ਵਿੱਛੜਿਆਂ ਨੂੰ ਕੌਣ ਮੇਲੇ?''

''ਗਾਲ੍ਹਾਂ ਵਿਚੋਲਿਆਂ ਨੂੰ – ਕੱਢਦੇ ਵਿਆਹ ਕਰਵਾਕੇ – ਹੁਣ ਮੇਲੇ 'ਚ ਚੱਕੀਰਾਹੇ ਨੂੰ ਕੌਣ ਪੁੱਛਦੈ...?'' ਮੱਖਣ ਨੇ ਸ਼ਿਕਵਾ ਜ਼ਾਹਿਰ ਕੀਤਾ।

''ਜਿਉਂਦੇ ਰਹੇ ਤਾਂ ਮਿਲਾਂਗੇ ਲੱਖ ਵਾਰੀ – ਕੋਈ ਮਰਿਆ ਨੂੰ ਮੋੜ ਲਿਆਂਵਦਾ ਨਹੀਂ।'' ਤੇ ਮੀਤੀ ਬਿੱਲੂ ਦੀਆਂ ਬਾਹਾਂ 'ਚੋਂ ਨਿਕਲ ਕੇ ਤੁਰ ਗਈ। ਬਿੱਲੂ ਦੀ ਜਿੰਦ ਤੁਰ ਗਈ। ਰੂਹ ਤੁਰ ਗਈ।

''ਮੀਤ......!'' ਬਿੱਲੂ ਦੀ ਆਵਾਜ ਵਿੱਚ ਚੰਘਿਆੜ ਸੀ। ਪਰ ਮੀਤੀ ਨੇ ਮੁੜ ਕੇ ਨਾ ਤੱਕਿਆ। ਬਿੱਲੂ ਉਸ ਦੇ ਪਿੱਛੇ ਦੌੜਨ ਲੱਗਿਆ। ਪਰ ਮੱਖਣ ਨੇ ਉਠ ਕੇ ਫੜ੍ਹ ਲਿਆ।

ਬਿੱਲੂ ਮੁੱਠੀਆਂ ਮੀਟ ਕੇ ਰਹਿ ਗਿਆ। ਕਈ ਸੋਚਾਂ, ਕਈ ਅਜੀਬ ਸੁਆਲ ਉਸਦੇ ਮਨ ਵਿੱਚ ਬੜੀ ਤੇਜੀ ਨਾਲ ਚੱਕਰ ਕੱਟ ਰਹੇ ਸਨ। ਉਹ ਗੂਹੜੇ ਹਨ੍ਹੇਰੇ ਵਿੱਚ ਡੌਰ-ਭੌਰ ਜਿਹਾ ਝਾਕ ਰਿਹਾ ਸੀ। ਉਸਦੀਆਂ ਅੱਖਾਂ ਅੱਡੀਆਂ ਹੋਈਆਂ ਸਨ। ਉਹ ਬਿੱਲੂ ਨਹੀਂ ਸਗੋਂ, ਖੂਹ ਵਾਲੇ ਖੇਤਾਂ ਦਾ ਭੂਤ ਲੱਗਦਾ ਸੀ।

ਉਸ ਦੇ ਦਿਮਾਗ ਅੰਦਰ ਸੋਚਾਂ ਦੀ ਘੋੜ ਦੌੜ ਜਾਰੀ ਸੀ। ਉਹ ਅੱਕੀਂ ਪਲਾਹੀਂ ਹੱਥ ਮਾਰ

ਰਿਹਾ ਸੀ। ਪਰ ਉਸ ਦੇ ਕੁਝ ਪੱਲੇ ਨਹੀਂ ਪੈਂਦਾ ਸੀ।

ਮੱਖਣ ਨੇ ਫੜ ਕੇ ਉਸ ਨੂੰ ਰਾਹ ਪਾ ਲਿਆ।

''ਤੇਰਾ ਦਿਮਾਗ ਕੀ ਕਹਿੰਦੈ, ਬਈ ਮੀਤੀ ਦਾ ਕੀ ਕਰਤੱਵ ਹੋ ਸਕਦੈ...?'' ਬਿੱਲੂ ਨੇ ਮੱਖਣ ਨੂੰ ਸੁਆਲ ਕੀਤਾ।

''ਜੋ ਗੱਲ ਅੱਜ ਭਲ਼ਕ ਸਾਹਮਣੇ ਆ ਹੀ ਜਾਣੀ ਐਂ - ਉਸ 'ਤੇ ਸੋਚਣਾ ਬੇਮਤਲਬ ਐ।'' ਮੱਖਣ ਨੇ ਆਖਿਆ। ਜਿਵੇਂ ਮੱਖਣ ਨੂੰ ਗੱਲਾਂ ਦੀ ਸਮਝ ਆ ਗਈ ਸੀ। ਜਾਂ ਫਿਰ ਉਸ ਨੂੰ ਮੀਤੀ ਦੇ 'ਕਰਤੱਵ' ਬਾਰੇ ਜਾਣਕਾਰੀ ਸੀ, ਸ਼ਾਇਦ।

ਪਰ ਬਿੱਲੂ ਨੂੰ ਕੁਝ ਵੀ ਸਮਝ ਨਹੀਂ ਪਿਆ ਸੀ। ਅੰਨ੍ਹੇ ਦੇ ਹਨ੍ਹੇਰੇ ਵਿੱਚ ਭਟਕਣ ਵਾਂਗ, ਉਹ ਭਟਕ ਜਿਹਾ ਗਿਆ ਸੀ।

''ਯਾਰ ਮੱਖਣਾਂ, ਇਕ ਗੱਲ ਦੱਸ?''

''ਬੋਲ...?''

''ਮੀਤੀ ਨੇ ਚਿੱਠੀ ਤੇਰੇ ਤੱਕ ਕਿਵੇਂ ਪਹੁੰਚਾਈ?''

''ਤੂੰ ਅੰਬ ਖਾਣੇ ਐਂ ਜਾਂ ਦਰਖ਼ਤ ਗਿਣਨੇ ਐ?''

''ਦੋਨੋਂ ਕੁਛ ਈ ਕਰਨੈ।"

''ਸਾਡੇ ਪਿੰਡ ਦਾ ਡਾਕੀਆ ਇਹਨਾਂ ਦੇ ਪਿੰਡ ਡਾਕ ਵੰਡਣ ਜਾਂਦੈ - ਮੇਰੀ ਉਹਦੇ ਨਾਲ ਚੰਗੀ ਮੱਤ ਮਿਲਦੀ ਐ - ਉਹ ਡਾਕ ਵੰਡਣ ਗਿਆ - ਇਹਤੋਂ ਚਿੱਠੀ ਫੜ੍ਹ ਲਿਆਇਆ।''

''ਵਾਕਿਆ ਹੀ ਲੋੜ ਕਾਢ ਦੀ ਮਾਂ ਐ - ਪਰ ਉਹ ਕਿਸੇ ਕੋਲੇ ਭੇਦ ਤਾਂ ਨਹੀਂ ਖੋਲ੍ਹਦੂ? ਹੋਰ ਨਾ ਇਹ ਰਾਹ ਵੀ ਬੰਦ ਹੋਜੇ...।''

''ਬਿਲਕੁਲ ਨਹੀਂ - ਤੂੰ ਉਹਦੇ ਸਾਹਮਣੇ ਬੰਦਾ ਮਾਰ ਕੇ ਦੱਬ ਦੇ, ਮੁਸ਼ਕ ਨਹੀਂ ਕੱਢਦਾ - ਉਹ ਤਾਂ ਐਹੋ ਜਿਆ ਘੈਂਟ ਐ, ਸਾਲ਼ੇ ਨੂੰ ਕੱਚ ਖੁਆਦੇ, ਕੱਚ ਹਜ਼ਮ ਕਰਜੇ...!''

‘‘ਮੈਂ ਤੇਰਾ ਦੇਣਾਂ ਕਿੱਥੇ ਦਿਊਂ ਦੋਸਤਾ?’’ ਬਿੱਲੂ ਨੇ ਮੱਖਣ ਗਲ਼ ਲੱਗ ਕੇ ਧਾਹ ਮਾਰੀ।

‘‘ਦੋਸਤ ਦਾ ਕੀਤਾ ਅਹਿਸਾਸ ਮੰਨ ਕੇ ਦੋਸਤੀ ਦੀ ਤੌਹੀਨ ਨਹੀਂ ਕਰੀਦੀ।’’ ਮੱਖਣ ਨੇ ਉਸ ਦੀ ਪਿੱਠ ਥਾਪੜੀ ।

(ਚਲਦਾ)

ਜੱਟ ਵੱਢਿਆ ਬੋਹੜ ਦੀ ਛਾਵੇਂ
(ਕਿਸਤ ਪੰਜਵੀਂ)

ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਦੇ ਮੁਕੱਦਮੇ ਦੀ ਤਾਰੀਖ਼ ਆ ਗਈ।

ਅਦਾਲਤ ਖ਼ਚਾ-ਖ਼ਚ ਭਰੀ ਹੋਈ ਸੀ। ਦੋਸ਼ੀਆਂ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ। ਹਥਿਆਰ ਪੇਸ਼ ਕਰ ਦਿੱਤੇ ਗਏ। ਪੁਲੀਸ ਦੇ ਗਵਾਹ ਪੇਸ਼ ਹੋਏ। ਠਾਣੇਦਾਰ ਵੀ ਕੇਸ ਤੇ ਪੁੱਜਿਆ ਸੀ। ਪਰ ਉਹ ਮੁਲਜਮਾਂ ਨਾਲ ਸਿੱਧੀ ਨੀਅਤ ਨਾਲ ਅੱਖ ਨਹੀਂ ਮਿਲਾ ਰਿਹਾ ਸੀ। ਉਸਦੀ ਉੱਡਦੀ-ਉੱਡਦੀ ਨਜ਼ਰ ਮੁਲਜਮਾਂ ਦੇ ਉਪਰ ਦੀ ਲੰਘ ਜਾਂਦੀ ਸੀ।

ਦੋਨੋਂ ਵਕੀਲ ਆਪਸ ਵਿੱਚ ਝਗੜੇ।

ਗਵਾਹੀਆਂ ਭੁਗਤ ਗਈਆਂ।

ਪ੍ਰੀਤਮ ਸਿੰਘ ਹੁਰਾਂ ਦੇ ਵਕੀਲ ਨੇ ਕਾਫ਼ੀ ਸਾਰੇ ਪੁਆਇੰਟ ਨੋਟ ਕਰਵਾਏ। ਪਰ ਪਰਨਾਲਾ ਥਾਂ ਦੀ ਥਾਂ ਹੀ ਰਿਹਾ। ਕੇਸ ਸੂਤ ਭਰ ਵੀ ਹੌਲ਼ਾ ਨਾ ਹੋਇਆ। ਸ਼ਾਮ, ਦਿਨ ਖੜ੍ਹੇ ਦਾ ਵਾਕਾ ਸੀ। ਗੰਭੀਰ ਫ਼ੱਟੜ ਹੋਇਆ ਬਿੱਲੂ ਸਾਹਮਣੇ ਸੀ। ਡਾਕਟਰੀ ਰਿਪੋਰਟ ਸਾਹਮਣੇ ਪਈ ਸ਼ਾਹਦੀ ਭਰ ਰਹੀ ਸੀ। ਖੈਰ! ਅੱਖਾਂ ਵਿੱਚ ਘੱਟਾ ਨਾ ਪਾਇਆ ਜਾ ਸਕਿਆ।

ਜੱਜ ਨੇ ਫੈਸਲਾ ਸੁਣਾਇਆ।

ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਨੂੰ ਸੱਤ-ਸੱਤ ਸਾਲ ਦੀ ਕੈਦ! ਬਿੱਲੂ ਨੂੰ ਦਸ ਹਜ਼ਾਰ ਰੁਪਏ ਮੁਆਵਜ਼ਾ!! ਮੁਆਵਜ਼ਾ ਨਾ ਤਾਰਨ ਦੀ ਸੂਰਤ ਵਿੱਚ ਤਿੰਨ-ਤਿੰਨ ਮਹੀਨੇ ਹੋਰ ਸਜ਼ਾ ਦੇ ਹੱਕਦਾਰ!!!

ਅਦਾਲਤ ਵਿੱਚ ਸਨਸਨੀ ਫੈਲ ਗਈ!

ਫ਼ੈਸਲੇ ਨੇ ਮੁਲਜਮਾਂ ਦੇ ਚਿਹਰੇ ਬੱਗੇ ਫ਼ੱਕ ਕਰ ਦਿੱਤੇ। ਬਚਨੇ ਨੂੰ ਜੋ ਡਰ ਸੀ, ਉਹ ਹੋ

ਗਿਆ ਸੀ। ਉਹ ਅਦਾਲਤ ਦੇ ਬੈਂਚ ਉਪਰ ਝੂਠਾ ਜਿਹਾ ਹੋਇਆ ਬੈਠਾ ਸੀ। ਨਾਹਰ ਸਿੰਘ, ਬਿੱਲੂ ਅਤੇ ਬਲਵੰਤ ਸਿੰਘ ਚੁੱਪ-ਚਾਪ ਉਠ ਕੇ ਤੁਰ ਗਏ। ਉਹਨਾਂ ਦੇ ਚਿਹਰਿਆਂ ਤੇ ਕੋਈ ਖੁਸ਼ੀ ਨਹੀਂ ਨੱਚੀ ਸੀ। ਸਗੋਂ ਸੰਤੁਸ਼ਟੀ ਹੋਈ ਸੀ ਕਿ ਦੋਸ਼ੀਆਂ ਨੇ ਆਪਣਾ ਕੀਤਾ ਪਾ ਲਿਆ ਸੀ।

ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਪਾੜ ਖਾਣੀਆਂ ਨਜ਼ਰਾਂ ਨਾਲ ਠਾਣੇਦਾਰ ਵੱਲ ਝਾਕੇ। ਠਾਣੇਦਾਰ ਆਪਣਾ ਬੈਗ ਸੰਭਾਲ ਕੇ ਤੁਰ ਗਿਆ। ਉਸਦੇ ਤਾਂ ਦੋਹੀਂ ਹੱਥੀਂ ਲੱਡੂ ਸਨ। ਦੋਸ਼ੀਆਂ ਵੱਲੋਂ ਰਕਮ ਮਿਲ ਗਈ ਸੀ ਅਤੇ ਅਦਾਲਤ ਪਹੁੰਚਿਆ ਮੁਕੱਦਮਾ ਸਿਰੇ ਲੱਗ ਗਿਆ ਸੀ।

ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਨੂੰ ਫਿਰ ਪਤਾ ਨਹੀਂ ਸਿਪਾਹੀ ਕਿੱਧਰ ਨੂੰ ਧੂਹ ਕੇ ਲੈ ਗਏ।

ਬਚਨਾ ਠਾਣੇ ਪੁੱਜ ਗਿਆ।

ਮੁਣਸ਼ੀ ਕੋਈ ਲਿਸਟਾਂ ਜਿਹੀਆਂ ਤਿਆਰ ਕਰ ਰਿਹਾ ਸੀ। ਉਸਨੇ ਬਚਨੇ ਵੱਲ ਤੱਕ ਕੇ ਫਿਰ ਲਿਖਣਾ ਸ਼ੁਰੂ ਕਰ ਦਿੱਤਾ।

''ਬੋਲ...?''

''ਮੁਣਸ਼ੀ ਜੀ, ਸਰਦਾਰ ਕਿੱਥੇ ਐ...?'' ਬਚਨਾ ਗੁੱਸੇ ਨਾਲ ਅੰਦਰੋਂ ਉੱਬਲ ਰਿਹਾ ਸੀ। ਪਰ ਖੱਲ ਲਹਿਣ ਦੇ ਡਰੋਂ ਜਜ਼ਬਾਤ ਸਾਂਭ ਕੇ ਗੱਲ ਕਰ ਰਿਹਾ ਸੀ।

''ਅੰਦਰ ਐ - ਲੰਘ ਜਾਹ।''

ਬਚਨਾ ਦਫ਼ਤਰ ਅੰਦਰ ਚਲਾ ਗਿਆ। ਪਿੱਛੇ ਹੀ ਮੁਣਸ਼ੀ ਆ ਗਿਆ।

''ਸਰਦਾਰ ਜੀ - ਮੁਕੱਦਮਾ ਤਾਂ ਉਈਂ ਮੂਧਾ ਵੱਜ ਗਿਆ...?'' ਬਚਨੇ ਨੇ ਕੁਰਸੀ ਤੇ ਬੈਠ ਕੇ ਮੇਜ਼ ਤੇ ਕੂਹਣੀਆਂ ਧਰ ਲਈਆਂ।

''ਥੋਡਾ ਵਕੀਲ ਈ ਘੁਸੇ ਘੱਟਾ ਸੀ - ਜੇ ਮੁਕੱਦਮਾ ਜਿੱਤਣਾ ਸੀ, ਵਕੀਲ ਤਾਂ ਚੱਜ ਦਾ ਕਰਦੇ! ਹੋਰ ਈ ਕਰਾੜ ਜਿਆ ਫੜ੍ਹ ਲਿਆਏ - ਸਾਲ਼ਾ ਗਵਾਹਾਂ ਤੋਂ ਕੋਈ ਚੱਜ ਦਾ ਸੁਆਲ ਵੀ

ਨਹੀਂ ਪੁੱਛ ਸਕਿਆ।'' ਠਾਣੇਦਾਰ ਨੇ ਠੂਣਾਂ ਬਚਨੇ ਸਿਰ ਭੰਨਿਆਂ।

''ਪਰ ਸਰਦਾਰ ਜੀ, ਇਕ ਗੱਲ ਸਮਝ ਨਹੀਂ ਆਈ ਬਈ ਮੌਕੇ ਦੇ ਗਵਾਹ ਕਿੱਥੋਂ ਆ ਗਏ? ਆਪਣੇ ਬੰਦੇ ਤਾਂ ਆਖਦੇ ਸੀ ਬਈ ਉਥੇ ਹੈ ਈ ਕੋਈ ਨਹੀਂ ਸੀ?''

''ਇਹ ਫੱਟੜ ਵਾਰਸਾਂ ਤੋਂ ਪੁੱਛ - ਜਿਹਨਾਂ ਨੇ ਮੁਕੱਦਮਾ ਲੜਿਐ।'' ਠਾਣੇਦਾਰ ਤੱਟ-ਫੱਟ ਉਤਰ ਮੋੜ ਰਿਹਾ ਸੀ।

''ਤੁਸੀਂ ਮੁਕੱਦਮੇ 'ਚ ਗਵਾਹਾਂ ਦਾ ਨਾਂ ਈ ਨਹੀਂ ਪਾਉਣਾਂ ਸੀ - ਗਵਾਹ ਕਿਵੇਂ ਭੁਗਤ ਜਾਂਦੇ?''

''ਕਿਉ...? ਬਾਪੂ ਦਾ ਰਾਜ ਸੀ...? ਅਗਲੇ ਆਪ ਦਾ ਵਕੀਲ ਲੈ ਕੇ ਇਲਾਕਾ ਮੈਜਿਸਟਰੇਟ ਦੇ ਜਾ ਪੇਸ਼ ਹੁੰਦੇ - ਫੇਰ ਅਸੀਂ ਕੀਹਦੀ ਮਾਂ ਨੂੰ ਮਾਸੀ ਆਖਦੇ...? ਜੇ ਪੁਲਸ ਤੋਂ ਪਾਸੇ ਜਾ ਕੇ ਅਗਲੇ ਗਵਾਹਾਂ ਦੇ ਬਿਆਨ ਕਲਮਬੱਧ ਕਰਵਾ ਦਿੰਦੇ - ਤਾਂ ਸਾਡੀਆਂ ਤਾਂ ਫੇਰ ਪੇਟੀਆਂ ਗਈਆਂ ਸੀ...।"

''ਤੇ ਮਹਾਰਾਜ, ਆਪਣੀ ਤਾਰੀ ਰਕਮ ਤਾਂ ਫਿਰ ਗੋਹਿਆਂ ਦੀ ਲੜਾਈ 'ਚ ਈ ਗਈ?'' ਬਚਨੇ ਨੂੰ ਚਾਰ ਹਜ਼ਾਰ ਦਾ ਹੇਰਵਾ ਮਾਰ ਰਿਹਾ ਸੀ। ਠਾਣੇਦਾਰ ਨੂੰ ਦਿੱਤਾ ਚਾਰ ਹਜ਼ਾਰ ਰੁਪਈਆ ਕਿਸੇ ਹਲ਼ਕ ਤਾਲੂਏ ਨਹੀਂ ਲੱਗਿਆ ਸੀ।

''ਕਿਹੜੀ ਰਕਮ ਦੀ ਗੱਲ ਕਰਦੈ...?'' ਠਾਣੇਦਾਰ ਦੀ ਥਾਂ ਮੁਣਸ਼ੀ ਨੇ ਪੁੱਛਿਆ, ''ਉਹਦੇ ਨਾਲ਼ ਤਾਂ ਮਸਾਂ ਉਪਰਲੇ ਖਰਚੇ ਈ ਲੋਟ ਆਏ ਐ - ਅਸੀਂ ਤਾਂ ਅੱਧੇ ਸਿਪਾਹੀ ਨਰਾਜ਼ ਕਰ ਲਏ - ਪਤਾ ਨਹੀਂ ਕਿਹੋ ਜੇ ਚੰਦਰੇ ਪੈਸੇ ਸੀ - ਸਾਡੇ ਤਾਂ ਓਦਣ ਦਾ ਠਾਣੇ 'ਚ ਕਲੇਸ਼ ਚੱਲਦੈ...।''

ਬਚਨਾ ਉੱਠ ਕੇ ਤੁਰ ਆਇਆ।

''ਕੀ ਕੋਈ ਕਰ ਲਊ...? ਚਾਰ ਹਜ਼ਾਰ ਨੂੰ ਉੜਦੂ ਲਾ ਗਏ - ਨਾਲੇ ਉਤੋਂ ਤਾੜਾਂ ਦਿੰਦੇ

ਐ।'' ਉਹ ਬਰੜਾਹਟ ਕਰਦਾ ਤੁਰਿਆ ਜਾ ਰਿਹਾ ਸੀ।

ਫਿਰ ਉਸ ਨੂੰ ਪਤਾ ਨਹੀਂ ਕੀ ਸੁੱਝਿਆ? ਡਰੇ ਊਠ ਵਾਂਗ ਸਿਰਤੋੜ ਬੱਸ ਸਟੈਂਡ ਨੂੰ ਦੌੜ ਪਿਆ।

ਮੀਤੀ ਦੀ ਮਾਂ ਕਰਮੋ ਬਹੁਤ ਹੀ ਦੁਖੀ ਹੋਈ। ਉਹ ਮੀਤੀ ਵੱਲ ਬਘਿਆੜੀ ਵਾਂਗ ਝਾਕ ਰਹੀ ਸੀ। ਸਾਰਾ ਦਿਨ ਨਾ ਕਰਮੋ ਬੋਲੀ ਅਤੇ ਨਾ ਹੀ ਮੀਤੀ। ਨਾ ਕੁਝ ਪਕਾਇਆ, ਨਾ ਖਾਧਾ। ਬੜੀ ਅਜੀਬ ਸਥਿਤੀ ਸੀ। ਗੰਭੀਰ ਮਾਹੌਲ ਸੀ।

ਅਚਾਨਕ ਬਚਨਾ ਬਹੁੜ ਪਿਆ।

ਬਚਨਾ ਉਮਰ ਦਾ ਤਕਰੀਬਨ ਪੰਤਾਲੀ ਕੁ ਸਾਲ ਦਾ ਸੀ। ਇਕੱਲਾ-ਇਕੱਲਾ, ਲੰਡਾ ਚਿੜਾ ਪਹਾੜਾਂ ਦਾ ਰਾਖਾ ਸੀ। ਉਸ ਨੇ ਬਥੇਰੇ ਤਰਲੇ ਕੀਤੇ, ਪਰ ਵਿਆਹ ਨਾ ਹੋਇਆ। ਮਜ੍ਹਬਣਾਂ ਨਾਲ ਯਾਰੀਆਂ ਪਾਈਆਂ। ਪਰ ਕੰਮ ਨਾ ਬਣਿਆਂ। ਫਿਰ ਇਕ ਵਾਰ ਉਸ ਨੇ ਬੰਗਾਲਣ ਵੀ ਖਰੀਦ ਲਿਆਂਦੀ। ਪਰ ਬਚਨੇ ਦੀ 'ਝਾਲ' ਨਾ ਝੱਲਦੀ ਹੋਈ, ਉਹ ਵੀ ਤਿੱਤਰ ਹੋ ਗਈ। ਪਤਾ ਨਹੀਂ ਪਤੰਦਰ ਬਚਨੇ ਦੇ ਕੀ ਚਿੜੇ ਖਾਧੇ ਹੋਏ ਸਨ, ਜਿਸ ਕਰਕੇ ਉਸ ਕੋਲ ਕੋਈ ਤੀਵੀਂ ਨਹੀਂ ਕੱਟਦੀ ਸੀ?

ਬਚਨੇ ਦੇ ਪਿੰਡ ਵਿੱਚ ਆਮ ਕਰਕੇ ਮੁੰਡੀਹਰ ਹੁਣ ਉਸ ਨੂੰ ਚਿੜਾਉਣ ਦੀ ਮਾਰੀ 'ਨੈਸ਼ਨਲ ਛੜਾ' ਆਖਦੀ ਸੀ। ਪਰ ਉਸ ਨੂੰ ਕਿਸੇ ਦੀ ਕੋਈ ਪ੍ਰਵਾਹ ਨਹੀਂ ਸੀ। ਉਸ ਦੀਆਂ ਰੱਬ 'ਤੇ ਹੀ ਡੋਰੀਆਂ ਸਨ। ਉਹ ਖੁੰਢਾਂ ਉਤੇ ਬੈਠੀ ਮੁੰਡੀਹਰ ਨੂੰ ਆਮ ਕਹਿੰਦਾ, ''ਤੁਸੀਂ ਮੁੰਡਿਓ, ਆਬਦਾ ਜੀਅ ਖੁਸ਼ ਕਰ ਲਿਆ ਕਰੋ - ਮੈਨੂੰ ਛੜਾ ਕਹਿਣ ਨਾਲ ਕੋਈ ਫਰਕ ਨਹੀਂ ਪੈਂਦਾ...।'' ਉਸਦੀ ਬੈਠਕ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਤਸਵੀਰਾਂ ਲਟਕਾਈਆਂ ਹੋਈਆਂ ਸਨ।

ਜੇ ਕੋਈ ਲਾਚੜਿਆ ਹੋਇਆ ਪੁੱਛ ਲੈਂਦਾ, ''ਬਚਨਿਆਂ, ਐਹਨਾਂ ਫੋਟੂਆਂ ਦਾ ਕੋਈ ਆਸਰੈ...?'' ਤਾਂ ਉਹ ਬੜਾ ਸੁਭਾਇਕ ਉੱਤਰ ਦਿੰਦਾ, ''ਬੰਦੇ ਨੂੰ ਜਿਉਣ ਆਸਤੇ ਕੋਈ ਆਹਰ

ਚਾਹੀਦੈ – ਜਦੋਂ ਰੱਬ ਦਿੰਦੈ, ਛੱਪਰ ਪਾੜ ਕੇ ਦਿੰਦੈ – ਉਹਦੀ ਲੀਲਾ ਨਿਆਰੀ ਐ – ਦੇਖ ਲਿਓ, ਰੱਬ ਮੈਨੂੰ ਤਾਂ ਕੋਈ ਹੇਲਾਂ ਬਾਹਮਣੀ ਅਰਗੀ ਤੀਮੀਂ ਭੇਜੂਗਾ...?'' ਉਹ ਹੇਮਾ ਮਾਲਿਨੀ ਨੂੰ 'ਹੇਲਾਂ ਬਾਹਮਣੀ' ਹੀ ਦੱਸਦਾ ਅਤੇ ਮੁੰਡੀਹਰ ਦੀਆਂ, ਹੱਸਦੀ ਦੀਆਂ ਵੱਖੀਆਂ ਟੁੱਟ ਜਾਂਦੀਆਂ।

ਬਚਨਾ ਦਾਹੜੀ ਕਤਰਾ ਕੇ ਮੋਚਨੇ ਨਾਲ ਖ਼ਤ ਕੱਢ ਕੇ ਰੱਖਦਾ ਸੀ। ਸੇਹਲੀਆਂ ਉਸਤਰੇ ਨਾਲ ਤਿੱਖੀਆਂ ਕਰਵਾਈਆਂ ਹੁੰਦੀਆਂ ਅਤੇ ਅੱਖਾਂ ਵਿੱਚ ਸੁਰਮੇ ਦੀਆਂ ਧਾਰੀਆਂ ਖਿੱਚੀਆਂ ਹੁੰਦੀਆਂ ਸਨ। ਕੰਨਾਂ ਵਿੱਚ ਨੱਤੀਆਂ ਅਤੇ ਮਾਵੇ ਵਾਲੀ ਪੱਗ ਬੰਨ੍ਹ ਕੇ ਰੱਖਦਾ ਸੀ। ਕਲੀਆਂ ਵਾਲਾ ਕੁੜਤਾ ਅਤੇ ਧੂਹਵਾਂ ਚਾਦਰਾ ਸਿੱਟ ਕੇ, ਸਰਦਾਰ ਬਣ ਕੇ ਮੜਕ ਨਾਲ ਤੁਰਦਾ ਸੀ। ਰੱਬ ਦੀ ਮਿਹਰ ਸੀ ਭਗਤ ਬਚਨੇ 'ਤੇ! ਉਸ ਨੇ ਨਾ ਨੂੰਹ ਲਿਆਉਣੀ ਸੀ ਅਤੇ ਨਾ ਧੀ ਤੋਰਨੀ ਸੀ। ਨਾ ਘਰਵਾਲੀ ਨੇ ਕੱਢਵੀਂ ਜੁੱਤੀ ਹੀ ਮੰਗਣੀ ਸੀ ਅਤੇ ਨਾ ਪੁੱਪੂ ਨੇ ਛੁਣਛੁਣਾ!

''ਭਾਬੀ, ਦਿਲ ਸਿੱਟਿਆਂ ਕੰਮ ਨਹੀਂ ਚੱਲਣਾਂ – ਲੱਕ ਬੰਨ੍ਹ ਕੇ ਜੁਆਕੜੀ ਪਾਲ।'' ਬਚਨਾ ਆਖ ਰਿਹਾ ਸੀ।

''ਕੱਲੀ ਬੁੜ੍ਹੀ ਨੂੰ ਤਾਂ ਉਂਜ ਈ ਘਰ ਖਾਣ ਨੂੰ ਆਉਂਦੈ, ਬਚਨ ਸਿਆਂ।'' ਕਰਮੋ ਰੋ ਰਹੀ ਸੀ। ਉਮਰ ਦੀ ਉਹ ਚਾਲੀ ਕੁ ਸਾਲ ਦੀ ਹੀ ਸੀ। ਪਰ ਕਿਸੇ ਦੁੱਖ ਨਾਲ ਉਹ ਪੀਚੀ ਗੰਢ ਵਰਗੀ ਲੱਗਦੀ ਸੀ।

''ਹੈ ਕਮਲੀ...! ਤੈਨੂੰ 'ਕੱਲੀ ਕੌਣ ਕਹਿੰਦੈ...? ਮੈਂ ਦੇਖਗਾਂ ਹੈਗਾਂ...!'' ਬਚਨਾ ਡੁੱਬਦੀ ਕਰਮੋ ਲਈ ਤਿਣਕਾ ਸਹਾਰਾ ਬਣਿਆ ਖੜ੍ਹਾ ਸੀ। ਹਮਦਰਦੀ ਨਾਲ ਉਹ ਲਿਫ਼ ਗਿਆ ਸੀ।

''ਮੈਂ ਅੱਜ ਈ ਪੈਲ਼ੀ ਅੱਧ ਮਾਮਲੇ 'ਤੇ ਦੇ ਆਉਨੈਂ– ਤੇ ਜਿੰਨਾਂ ਚਿਰ ਬਾਈ ਹੋਰੀਂ ਨਹੀਂ ਆਉਂਦੇ, ਮੈਂ ਐਥੇ ਈ ਰਹੂੰਗਾ – ਫ਼ਿਕਰ ਨਾ ਕਰ...!'' ਬਚਨੇ ਨੇ ਸਕੀਮ ਘੜ੍ਹ ਕੇ ਆਪ ਹੀ ਪਾਸ ਕਰ ਦਿੱਤੀ।

''ਤੂੰ ਵੀ ਨਾ ਚਿੱਤ ਢਿੱਲਾ ਕਰ ਕੁੜ੍ਹੇ...! ਹੌਂਸਲਾ ਰੱਖੀਦੈ – ਐਮੇਂ ਬਾਧੂ ਝੋਰਾ ਨ੍ਹੀਂ

ਕਰੀਦਾ।'' ਉਸ ਨੇ ਮੀਤੀ ਨੂੰ ਕਿਹਾ। ਦਿਲਾਸਾ ਦਿੱਤਾ।

''ਏਸ ਕੁੱਤੀ ਦੇ ਤਾਂ ਸਾਰੇ ਪੁਆੜੇ ਪਾਏ ਵੇ ਐ - ਏਸ ਹਰਾਮ ਦੀ ਦੇ ਬੀਜੇ ਕੰਡੇ ਸਾਨੂੰ ਚੁਗਣੇ ਪੈ ਰਹੇ ਐ - ਅਜੇ ਹੋਰ ਪਤਾ ਨਹੀਂ ਕੀ ਚੰਦ ਚਾੜੂਗੀ...?'' ਕਰਮੋ ਘੋਟਣਾਂ ਚੁੱਕ ਕੇ ਆਈ। ਮੀਤੀ ਪਿੱਛੇ ਹਟ ਗਈ। ਉਸ ਨੂੰ ਭੈਣ ਮਾਂ ਕੋਲੋਂ ਭੈਅ ਆਇਆ ਸੀ।

''ਭਾਬੀ, ਕਮਲ ਨਹੀਂ ਮਾਰੀਦਾ ਹੁੰਦਾ - ਜੋ ਹੋ ਗਿਆ ਉਸ ਤੇ ਮਿੱਟੀ ਪਾਓ...!'' ਬਚਨੇ ਨੇ ਕਰਮੋ ਨੂੰ ਫੜ੍ਹ ਲਿਆ। ਔਰਤ ਦੀ ਛੂਹ ਨਾਲ ਉਸ ਅੰਦਰ ਜਿਵੇਂ ਕਰੰਟ ਫਿਰ ਗਿਆ ਸੀ। ਉਸ ਅੰਦਰੋਂ ਝਰਨਾਹਟ ਛੁੱਟੀ।

ਅਗਲੀ ਸਵੇਰ ਬਚਨਾਂ ਆਪਣੇ ਪਿੰਡ ਨੂੰ ਬੱਸ ਚੜ੍ਹ ਗਿਆ ਅਤੇ ਸ਼ਾਮ ਨੂੰ ਵਾਪਿਸ ਆ ਗਿਆ। ਆ ਕੇ ਉਸ ਨੇ ਕਾਫ਼ੀ ਸਾਰੇ ਨੋਟ ਕਰਮੋ ਦੇ ਹੱਥ ਵਿੱਚ ਦਿੱਤੇ। ਕਰਮੋ ਖਿੜ ਪਈ। ਫੁੱਲ ਵਾਂਗ ਟਹਿਕ ਪਈ। ਪਲ ਦੀ ਪਲ ਉਸ ਨੂੰ ਇੰਜ ਮਹਿਸੂਸ ਹੋਇਆ। ਜਿਵੇਂ ਕੁਝ ਵਾਪਰਿਆ ਹੀ ਨਹੀਂ ਸੀ। ਉਸ ਨੂੰ ਇਕ ਸਹਾਰਾ ਜਿਹਾ ਅਨੁਭਵ ਹੋਇਆ। ਉਸ ਦੇ ਕਦਮ ਕੁਝ ਹਲਕੇ ਜਿਹੇ ਹੋ ਗਏ। ਚਿਹਰੇ ਤੇ ਆਸ ਚਮਕੀ।

''ਭਾਬੀ - ਆਪਾਂ ਕੁੜੀ ਨੂੰ ਅੱਗੇ ਪੜ੍ਹਾਈਏ।''

''ਅੱਗੇ ਬੜ੍ਹਾ ਲੱਲ੍ਹਰ ਲਾ ਦਿੱਤਾ ਕੁੜੀ ਨੇ ਪੜ੍ਹਕੇ - ਨਾਲੇ ਹੁਣ ਅੱਗੇ ਲਾਦੂ?''

''ਕੋਈ ਨਾ, ਐਮੇਂ ਗੁੱਸਾ ਨੀਂ ਕਰੀਦਾ ਹੁੰਦਾ - ਗਲਤੀਆਂ ਫ਼ਲਤੀਆਂ ਤਾਂ ਜੁਆਕਾਂ ਤੋਂ ਸੌਂ ਆਰੀ ਹੋ ਜਾਂਦੀਐਂ।''

''ਅਜੇ ਇਹ ਜੁਆਕੜੀ ਐ...?'' ਜਿਵੇਂ ਕਰਮੋ ਬਚਨੇ ਤੋਂ ਪੁੱਛ ਰਹੀ ਸੀ।

''ਤੇ ਹੋਰ ਇਹ ਬੁੜ੍ਹੀ ਹੋ ਗਈ...?'' ਬਚਨੇ ਨੇ ਜਵਾਬ ਦੀ ਵਜਾਏ ਸੁਆਲ ਕੀਤਾ।

''........।'' ਕਰਮੋ ਚੁੱਪ ਸੀ।

ਮੀਤੀ ਆਪਣੇ ਕਮਰੇ ਵਿੱਚ ਚਲੀ ਗਈ।

''ਬੁੜ੍ਹਾ ਤਾਂ ਅਜੇ ਇਹਦਾ ਚਾਚਾ ਬਚਨਾ ਨਹੀਂ ਹੋਇਆ...!'' ਬਚਨਾ ਗੁੱਝੀ ਮਸ਼ਕਰੀ ਕਰ ਗਿਆ। ਉਸ ਦੇ ਕਹਿਣ ਦਾ ਅੰਦਾਜ਼ ਵੱਖਰਾ ਹੀ ਸੀ। ਚਿਹਰੇ ਤੇ ਸ਼ਰਾਰਤ ਨੱਚ ਰਹੀ ਸੀ।

ਮਹੀਨਾ ਲੰਘ ਗਿਆ।

ਬਚਨਾ ਇਕ ਵਾਰ ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਦੀ ਮੁਲਾਕਾਤ ਕਰ ਆਇਆ ਸੀ। ਉਹਨਾਂ ਨੂੰ ਦੇਸੀ ਘਿਉ, ਖੋਆ ਅਤੇ ਪੰਜੀਰੀ ਦੇ ਆਇਆ ਸੀ। ਸਰਦਾ-ਪੁੱਜਦਾ ਖਰਚ ਵੀ ਜਮ੍ਹਾਂ ਕਰਵਾ ਆਇਆ ਸੀ।

ਉਧਰ ਮੀਤੀ ਸਕੀਮਾਂ ਘੜਦੀ ਥੱਕ ਚੁੱਕੀ ਸੀ। ਇਕ ਰਾਤ ਉਸ ਨੇ ਮਾਂ ਨੂੰ ਦਾਲ਼ ਵਿੱਚ ਚੂਹਿਆਂ ਵਾਲੀ ਦੁਆਈ ਮਿਲਾ ਕੇ ਦੇਣ ਦੀ ਕੋਸ਼ਿਸ਼ ਕੀਤੀ। ਪਰ ਕਰਮੋ ਦਾ 'ਚਿੱਤ ਢਿੱਲਾ' ਹੋਣ ਕਰਕੇ ਉਸ ਨੇ ਰੋਟੀ ਹੀ ਨਾ ਖਾਧੀ।

ਮੀਤੀ ਦੀ ਸਕੀਮ ਧਰੀ ਧਰਾਈ ਰਹਿ ਗਈ।

ਤਕਰੀਬਨ ਰਾਤ ਦੇ ਦੋ ਵਜੇ ਸਨ ਕਿ ਆਪਣੇ ਕਮਰੇ ਵਿੱਚ ਪਈ ਮੀਤੀ ਨੂੰ ਕਿਸੇ ਦੇ ਗੱਲਾਂ ਕਰਨ ਦੀ ਅਤੇ ਹੱਸਣ ਦੀ ਆਵਾਜ ਸੁਣਾਈ ਦਿੱਤੀ। ਉਹ ਭੜ੍ਹੱਕ ਕੇ ਉੱਠੀ ਅਤੇ ਵਿਹੜੇ ਵਿੱਚ ਆ ਗਈ। ਜਦ ਉਸ ਨੇ ਖਿੜਕੀ ਦੀ ਝੀਥ ਰਾਹੀਂ ਬੈਠਕ ਅੰਦਰ ਝਾਤੀ ਮਾਰੀ ਤਾਂ ਉਹ ਸੁੰਨ ਜਿਹੀ ਹੋ ਗਈ। ਸਰੀਰ ਨੂੰ ਇਕ ਦਮ ਮੁੜ੍ਹਕਾ ਆ ਗਿਆ। ਇਕ ਝਰਨਾਹਟ ਜਿਹੀ ਚੜ੍ਹੀ। ਗੋਡੇ ਕੰਬਣ ਲੱਗ ਪਏ। ਉਸ ਨੇ ਤੱਕਿਆ, ਬੱਤੀ ਜਗ ਰਹੀ ਸੀ। ਅਲਫ਼ ਨੰਗੀ ਕਰਮੋ ਨੰਗ ਧੜੰਗੇ ਬਚਨੇ ਦੇ ਉਪਰ ਲਿਟੀ ਹੋਈ ਸੀ!!! ਬਚਨਾ ਕੱਟੇ ਦੇ ਥਣ ਚੁੰਘਣ ਵਾਂਗ ਕਰਮੋਂ ਦੀਆਂ ਗੱਲ੍ਹਾਂ ਅਤੇ ਬੁੱਲ੍ਹ ਚੂਸ ਰਿਹਾ ਸੀ। ਉਸ ਦੀ ਮੱਝ ਦੀ ਜੀਭ ਵਰਗੀ ਜੀਭ ਕਰਮੋ ਦੀਆਂ ਗੱਲ੍ਹਾਂ ਤੇ ਰੰਗ ਕਰਨ ਵਾਲੇ ਬੁਰਸ਼ ਵਾਂਗ ਫਿਰਦੀ ਸੀ।

ਮੀਤੀ ਨੇ ਅੱਖਾਂ ਬੰਦ ਕਰ ਲਈਆਂ ਅਤੇ ਕੰਨਾਂ ਤੇ ਹੱਥ ਧਰ ਕੇ ਸਾਹੋ ਸਾਹ ਦੌੜਦੀ ਆਪਣੇ ਕਮਰੇ ਵਿੱਚ ਮੰਜੇ 'ਤੇ ਆ ਡਿੱਗੀ। ਉਹ ਸੋਚ ਰਹੀ ਸੀ ਕਿ ਜੋ ਉਸ ਨੇ ਦੇਖਿਆ ਸੀ, ਕੀ

ਉਹ ਵਾਕਿਆ ਹੀ ਸੱਚ ਸੀ? ਜੇ ਇਹ ਸੱਚ ਸੀ, ਤਾਂ ਕੌਣ ਸੀ ਮੀਤੀ ਨੂੰ ਰੋਕਣ ਵਾਲਾ? ਛੱਜ ਤਾਂ ਬੋਲ ਸਕਦਾ ਸੀ। ਪਰ ਛਾਨਣੀ ਕੀ ਬੋਲ ਸਕਦੀ ਸੀ? ਜਿਸ ਵਿੱਚ ਖ਼ੁਦ ਸੌ ਛੇਕ ਸਨ।

ਸੁਬਾਹ ਉਹ ਉੱਠੀ।

ਮੂੰਹ ਹੱਥ ਧੋਤਾ। ਜਦ ਉਸ ਨੇ ਰਸੋਈ ਵਿੱਚ ਜਾ ਕੇ ਦੇਖਿਆ ਤਾਂ ਉਸਦੀ ਮਾਂ ਕਰਮੋ ਨਹਾ ਧੋ ਕੇ ਬੈਠੀ ਬਚਨੇ ਵਾਸਤੇ ਦੁੱਧ ਵਿੱਚ ਖੰਡ ਖੋਰ ਰਹੀ ਸੀ। ਉਸ ਦਾ ਦਿਲ ਕੀਤਾ ਕਿ ਦੁਸ਼ਟ ਮਾਂ ਦੇ ਮੂੰਹ ਤੇ ਥੁੱਕ ਦੇਵੇ। ਮੀਤੀ ਤਾਂ ਅਕਸਰ ਜੁਆਨ ਕੁੜੀ ਸੀ। ਕੁਝ ਵੀ ਕਰ ਸਕਦੀ ਸੀ, ਅੱਲੜ੍ਹ ਉਮਰ ਸੀ। ਪਰ ਕਰਮੋ ਤਾਂ ਇਕ ਤਰ੍ਹਾਂ ਨਾਲ ਬੁੱਢੀ ਘੋੜੀ ਤੇ ਲਾਲ ਲਗਾਮ ਪਾਉਣ ਵਾਲੀ ਗੱਲ ਕਰਦੀ ਸੀ! ਦੱਬੇ ਮੁਰਦੇ ਉਖਾੜਦੀ ਸੀ। ਲੋਕ ਲੱਜ ਪਰਾਂਹ ਵਗਾਹ ਮਾਰੀ ਸੀ।

''ਚਾਹ ਬਣਾ ਕੇ ਪੀਲਾ...! ਖੜੀ ਕਿਵੇਂ ਮੁਤਰ ਮੁਤਰ ਝਾਕੀ ਜਾਂਦੀ ਐ, ਘੋੜਿਆਂ ਦੀ ਰੰਨ...!'' ਉਸ ਨੇ ਮੀਤੀ ਨੂੰ ਅੱਖਾਂ ਦਿਖਾਈਆਂ। ਪਰ ਮੀਤੀ ਚੁੱਪ ਚਾਪ, ਬਿਨਾਂ ਕੁਝ ਕਹੇ-ਸੁਣੇ ਵਾਪਿਸ ਆ ਗਈ। ਅੰਦਰੋਂ ਉਹ ਗਿੱਲੀ ਪਾਥੀ ਵਾਂਗ ਧੁਖ਼ ਰਹੀ ਸੀ।

ਬਚਨਾ ਅਜੇ ਵੀ ਸੁੱਤਾ ਪਿਆ ਘੁਰਾੜੇ ਮਾਰ ਰਿਹਾ ਸੀ। ਉਸ ਦੇ ਘੁਰਾੜੇ ਤਖ਼ਤਿਆਂ ਨਾਲ ਟੱਕਰਾਂ ਮਾਰ-ਮਾਰ ਕੇ ਮੁੜਦੇ ਸਨ। ਉਸਦੇ ਘੁਰਾੜੇ ਮੀਤੀ ਦਾ ਦਿਲ ਖੁਰਚ-ਖੁਰਚ ਕੇ ਲੰਘਦੇ ਸਨ।

ਬਚਨਾ ਰੋਟੀ ਕੁ ਵੇਲੇ ਉਠਿਆ। ਰੋਟੀ ਖਾ ਕੇ ਅਤੇ ਦੁੱਧ ਪੀ ਕੇ ਉਹ ਖੇਤ ਚਲਾ ਗਿਆ। ਕਰਮੋ ਹੌਲੀ ਫੁੱਲ ਵਰਗੀ ਹੋਈ ਵਿਹੜੇ ਵਿੱਚ ਚਿੜੇ ਵਾਂਗ ਟਪੂਸੀਆਂ ਮਾਰਦੀ ਫਿਰਦੀ ਸੀ। ਅੱਖਾਂ ਵਿੱਚ ਉਸ ਨੇ ਪੂਛਾਂ ਵਾਲਾ ਸੁਰਮਾ ਪਾਇਆ ਹੋਇਆ ਸੀ। ਬੁੱਲ੍ਹਾਂ ਤੇ ਦੰਦਾਸਾ ਅਤੇ ਗੱਲ੍ਹਾਂ ਤੇ ਗੁਲਾਲੀ ਚਮਕ ਰਹੀ ਸੀ।

ਮੀਤੀ ਗੁਸਲਖ਼ਾਨੇ ਵਿੱਚ ਬਾਲਟੀ ਭਰ ਕੇ ਨਹਾਉਣ ਵੜ ਗਈ। ਗੁਸਲਖ਼ਾਨੇ ਵਿੱਚ ਟੰਗੇ ਮਾਂ ਦੇ ਕੱਪੜਿਆਂ 'ਚੋਂ ਉਸਨੂੰ ਅਜੀਬ ਬੂਅ ਆਈ। ਕਚਿਆਣ ਜਿਹੀ ਨਾਲ ਦਿਲ ਉਲਟੀ ਆਉਣ

ਨੂੰ ਕੀਤਾ। ਉਸ ਨੇ ਕੱਪੜਿਆਂ ਨੂੰ ਹੱਥ ਲਾ ਕੇ ਦੇਖਿਆ ਤਾਂ ਆਕੜੇ ਪਏ ਸਨ। ਉਸ ਨੇ ਸਾਬਣ ਨਾਲ ਹੱਥ ਧੋਤੇ ਅਤੇ ਬਿਨਾਂ ਨਹਾਤਿਆਂ ਹੀ ਵਾਪਿਸ ਪਰਤ ਆਈ।

(ਚਲਦਾ)

ਜੱਟ ਵੱਢਿਆ ਬੋਹੜ ਦੀ ਛਾਵੇਂ
(ਕਿਸਤ ਛੇਵੀਂ)

ਬਿੱਲੂ ਚੁੱਪ-ਚਾਪ ਹੀ ਰਹਿੰਦਾ ਸੀ।

ਕਿਤਨੇ ਦਿਨ ਲੰਘ ਗਏ ਉਸਦੇ ਸਿਰ ਉਪਰੋਂ ਦੀ ਪਰ ਉਸਨੂੰ ਅਜੇ ਤੀਕ ਕਿਸੇ ਗੱਲ ਦੀ ਸਮਝ ਨਹੀਂ ਪਈ ਸੀ। ਮੀਤੀ ਦਾ 'ਕਰਤੱਵ' ਉਸਦੇ ਦਿਮਾਗ ਅੰਦਰ ਘੁੰਮਦਾ ਰਹਿੰਦਾ। ਉਹ ਬਹਤ ਹੀ ਜ਼ੋਰ ਪਾ ਕੇ ਸੋਚਦਾ। ਪਰ ਅਖੀਰ ਸੋਚਦੇ ਸੋਚਦੇ ਦਾ ਸਿਰ ਦਰਦ ਕਰਨ ਲੱਗ ਪੈਂਦਾ। ਨਜ਼ਰ ਪਾਟ-ਪਾਟ ਜਾਂਦੀ। ਚੱਕਰ ਆਉਣ ਲੱਗ ਪੈਂਦੇ। ਪਰ ਕੋਈ ਗੱਲ ਨਿੱਤਰ ਕੇ ਸਾਹਮਣੇ ਨਾ ਆਉਂਦੀ। ਪਾਣੀ 'ਚ ਮਧਾਣੀ ਵਾਂਗ ਉਸ ਦੇ ਕੱਖ ਪੱਲੇ ਨਾ ਪੈਂਦਾ। ਆਖਰ ਉਹ ਨਿਰਬਲ ਜਿਹਾ ਹੋ ਕੇ ਮੰਜੇ ਤੇ ਡਿੱਗ ਪੈਂਦਾ।

ਬਿੱਲੂ ਦੀਆਂ ਇਹ ਹਰਕਤਾਂ ਬੇਬੇ, ਬਾਪੂ ਨੂੰ ਅੰਦਰੇ ਅੰਦਰ ਹੀ ਘੁਣ ਵਾਂਗ ਖਾਂਦੀਆਂ ਰਹਿੰਦੀਆ। ਕਈਆਂ ਡਾਕਟਰਾਂ ਦੀ ਰਾਇ ਲਈ ਗਈ। ਪਰ ਕਿਸੇ ਨੂੰ ਕੋਈ ਬਿਮਾਰੀ ਦੀ ਸਮਝ ਨਾ ਲੱਗੀ।

ਬੇਬੇ ਬੁੜ੍ਹੀਆਂ ਕੋਲ ਗੱਲਾਂ ਕਰਦੀ ਰੋਂਦੀ ਰਹਿੰਦੀ।

''ਨੀ ਇਹਨੂੰ ਕੋਈ ਓਪਰੀ ਕਸਰ ਨਾ ਹੋਵੇ...?''

ਇਕ ਦਿਨ ਪ੍ਰਸਿੰਨੀ ਬੁੜ੍ਹੀ ਨੇ ਕਿਹਾ। ਉਹ ਅਜਿਹੀਆਂ ਗੱਲਾਂ ਵਿੱਚ ਕਾਫ਼ੀ ਵਿਸ਼ਵਾਸ਼ ਰੱਖਦੀ ਸੀ। ਲੱਤਾਂ ਕਬਰਾਂ ਵਿੱਚ ਸਨ। ਪਰ ਅਜੇ ਵੀ ਧਾਗੇ ਤਵੀਤ ਗਲ਼ ਅਤੇ ਬਾਹਾਂ ਵਿੱਚ ਲਟਕਾਈ ਫਿਰਦੀ ਸੀ।

''ਫੇਰ ਅੰਮਾਂ ਜੀ, ਹੁਣ ਕੀ ਕਰੀਏ...? ਕੋਈ 'ਲਾਜ ਇਹਦਾ...?''

''ਤੁਸੀਂ ਦੈੜਾਂ ਵਾਲੇ ਮਹੰਤ ਨੂੰ ਦਿਖਾਓ - ਆਹ ਲੋਪੋ ਆਲ਼ੇ ਜੁਗਰਾਜ ਫ਼ੌਜੀ ਦੀ ਬਹੂ ਨੂੰ ਵੀ ਆਹੀ ਬਿਮਾਰੀ ਸੀ - ਦੈੜਾਂ ਆਲੇ ਮਹੰਤ ਨੇ ਤਵੀਤ ਦਿੱਤਾ - ਨੌਂ ਬਰਨੌਂ ਕਰਤੀ...।'' ਪ੍ਰਸਿੰਨੀ ਨੇ ਉਦਾਹਰਣ ਅਤੇ ਦਲੀਲ ਦੇ ਕੇ ਸੰਤੁਸ਼ਟੀ ਕਰਵਾਈ।

ਬਿੱਲੂ ਦੀ ਬੇਬੇ ਦੀ ਆਸ ਜਾਗ ਪਈ। ਸ਼ਾਮ ਨੂੰ ਬਿੱਲੂ ਦੀ ਬੇਬੇ ਨੇ ਦੈੜਾਂ ਵਾਲੇ ਮਹੰਤ ਦੇ ਜਾ ਕੇ ਪੰਜ ਸੇਰ ਗੁੜ, ਗਿਆਰਾਂ ਸੇਰ ਆਟਾ ਅਤੇ ਇਕ ਸੌ ਇਕਵੰਜਾ ਰੁਪਏ ਭੇਂਟ ਕੀਤੇ। ਮਹੰਤ ਦੇ ਚਿਹਰੇ ਤੇ ਮੁਸਕਾਨ ਨੱਚ ਪਈ। ਪਰ ਉਹ ਗੰਭੀਰ ਹੋ ਗਿਆ।

''ਕਿਆ ਤਕਲੀਫ ਹੈ, ਦੇਵੀ...?'' ਉਸਨੇ ਆਪਣਾ ਸੱਜਾ ਪੈਰ ਖੱਬੇ ਪੱਟ ਤੇ ਰੱਖ ਕੇ ਪੁੱਛਿਆ। ਪਿੱਠ ਦਾ ਕੁੱਬ ਉਸ ਨੇ ਇਸ ਤਰ੍ਹਾਂ ਸਿੱਧਾ ਕੀਤਾ, ਜਿਵੇਂ ਚੁੱਕ ਪੈ ਗਈ ਹੋਵੇ। ਸਾਧ ਫਾਨੇ ਵਾਂਗ ਆਕੜ ਗਿਆ ਸੀ।

''ਬਾਬਾ ਜੀ - ਮੇਰੇ ਜੁਆਨ ਪੁੱਤ ਨੂੰ ਪਤਾ ਨਹੀਂ ਕੀ ਹੋ ਗਿਆ - ਗੁੰਮ-ਸੁੰਮ ਜਿਆ ਈ ਰਹਿੰਦੈ।''

''ਹੂੰ...!'' ਉਸ ਨੇ ਘੁੱਟੇ ਨੱਕ 'ਚੋਂ ਫੁੰਕਾਰਾ ਮਾਰਿਆ। ਮਾਲ਼ਾ ਤੇਜੀ ਨਾਲ ਘੁੰਮਾਉਣੀ ਸ਼ੁਰੂ ਕਰ ਦਿੱਤੀ। ਰੇਸ਼ਮ ਦੀ ਮਾਲ਼ਾ ਸਾਧ ਦੇ ਹੱਥਾਂ ਵਿੱਚ ਖੂਹ ਦੀਆਂ ਟਿੰਡਾਂ ਵਾਂਗ ਗਿੜ ਰਹੀ ਸੀ।

''ਬਾਬਾ ਜੀ - ਕੁਝ ਕਰੋ ਮੇਰੇ ਪੁੱਤ ਦਾ - ਸਾਡੇ ਕੋਲੇ ਤਾਂ ਦੇਖਣ ਨੂੰ ਬੱਸ ਇਹੀ ਐ।''

''ਕਿਆ ਨਾਮ ਹੈ ਬਾਲਕੇ ਕਾ...?''

''ਜੀ ਬਲਵਿੰਦਰ ਸਿੰਘ...।''

''ਹਲਾ......!'' ਖੰਘੂਰਾ ਮਾਰ ਕੇ ਉਸਨੇ ਅੱਖਾਂ ਬੰਦ ਕਰ ਲਈਆਂ। ਬਾਬਾ 'ਅੰਤਰ ਧਿਆਨ' ਹੋ ਗਿਆ ਜਾਪਦਾ ਸੀ। ਫਿਰ ਉਹ ਕਾਫੀ ਦੇਰ ਤੱਕ ਗੁਣਗੁਣਾਉਂਦਾ ਰਿਹਾ। ਕਦੇ-ਕਦੇ ਮੂੰਹ ਉਪਰ ਨੂੰ ਕਰਕੇ ਫੂਕ ਮਾਰਦਾ ਸੀ, ਜਿਵੇਂ ਉਸਦੇ ਪੇਟ ਵਿੱਚ ਗੈਸ ਭਰਦੀ ਹੋਵੇ। ਫਿਰ ਚਿੱਪੀ ਵਿੱਚੋਂ ਉਸ ਨੇ ਕੁਝ ਪੀ ਕੇ ਬੱਕਰਾ ਬੁਲਾਇਆ ਅਤੇ ਹੁੱਕੇ ਵਿੱਚੋਂ ਲੰਮਾਂ ਸੂਟਾ ਮਾਰਿਆ। ਕਰੜੇ ਸੂਟੇ ਨੇ ਬਾਬੇ ਨੂੰ 'ਪੱਠਾ' ਲਾ ਦਿੱਤਾ। ਖੰਘਦੇ ਦਾ ਮੂੰਹ ਲਾਲ ਹੋ ਗਿਆ। ਕਾਫੀ ਦੇਰ ਬਾਅਦ ਉਸ ਨੇ ਖੰਘਣਾਂ ਬੰਦ ਕੀਤਾ। ਫਿਰ ਚਿੱਪੀ 'ਚੋਂ ਘੁੱਟ ਭਰੀ, ਘੁੱਟ ਦੀ ਸਪਰੇਅ ਜਿਹੀ ਕੀਤੀ।

''ਬਾਲਕੇ ਕੋ ਪ੍ਰੇਤ ਕਾ ਅਸਰ ਹੈ, ਦੇਵੀ...!'' ਉਹ ਸਾਰੀਆਂ ਅੱਖਾਂ ਅੱਡ ਕੇ ਬੋਲਿਆ। ਬਿੱਲੂ ਦੀ ਬੇਬੇ ਨੂੰ ਉਸ ਦੇ ਮੂੰਹ 'ਚੋਂ ਦੇਸੀ ਦਾਰੂ ਦੀ ਹਵਾੜ ਆਈ। ਉਸ ਨੇ ਮੂੰਹ ਘੁੱਟ ਲਿਆ।

''ਬਹੁ ਮੈਂ ਮਰਗੀ...! ਬਾਬਾ, ਤੂੰ ਦਾਰੂ ਪੀਨੈਂ?'' ਉਸ ਅੰਦਰੋਂ ਗੁੱਸਾ ਫੁੱਟ ਪਿਆ। ਕੋਕੇ ਵਾਲਾ ਨੱਕ ਚੌੜਾ ਹੋ ਗਿਆ।

''ਮੰਦੇ ਬੋਲ ਮੱਤ ਬੋਲ ਦੇਵੀ -ਯੇਹ ਤੋ ਰਤਨ ਹੈ ਰਤਨ - ਇਸ ਕਾ ਤੋ ਭੈਰੋਂ ਔਰ ਸ਼ਿਵ ਸ਼ੰਕਰ ਜੀ ਭੀ ਸੇਵਨ ਕਰਤੇ ਥੇ...!'' ਉਹ ਬੜੇ ਮਾਣ ਨਾਲ ਬੋਲਿਆ। ਸਾਧ ਇਕ ਸੌ ਇਕਵੰਜਾ ਰੁਪਏ ਚੁੱਕ ਕੇ ਚੋਲ਼ੇ ਦੀ ਜੇਬ ਵਿੱਚ ਪਾਉਣ ਲੱਗਾ ਤਾਂ ਬਿੱਲੂ ਦੀ ਬੇਬੇ ਖੋਹ ਕੇ ਲੈ ਗਈ।

''ਕੁੱਤਾ, ਚੰਡਾਲ ਬੂਬਨਾ...! ਮੇਰੇ ਪਿਉ ਦਿਆ ਸਾਲ਼ਿਆ - ਹੋ ਕੇ ਮਹੰਤ, ਪੀਨੈਂ ਦਾਰੂ?'' ਬੇਬੇ ਕੜਕੀ।

''ਅਰੇ ਦੇਵੀ, ਗੁੱਸਾ ਕਿਆ ਦਿਖਾਤੀ ਹੈ? ਅਭੀ ਤੋਂ ਦਾਰੂ ਹੀ ਪੀ ਹੈ - ਔਰ ਕੁਛ ਤੋਂ ਕੀਆ ਹੀ ਨਹੀਂ!'' ਨਸ਼ੇ ਦੀ ਲੋਰ ਵਿੱਚ ਸਾਧ 'ਕੁਝ ਹੋਰ' ਹੀ ਕਹਿ ਗਿਆ। ਉਸ ਦੇ ਮੱਥੇ ਤੇ ਲੱਗਿਆ ਤਿਲਕ ਕਿੱਲੇ ਵਾਂਗ ਆਕੜ ਗਿਆ ਸੀ।

''ਕੀ ਕਿਹੈ...? ਕੀ ਕਿਹੈ ਕੁੱਤਿਆ ਸਾਧਾ...? ਹਰਾਮੀ ਬੂਬਨਿਆਂ...!'' ਬੇਬੇ ਨੇ ਕੱਚੇ ਮਿੰਟ ਵਿੱਚ ਹੀ ਬਾਬੇ ਦੇ 'ਕੁੱਢਣ' ਨਾਲ ਪਾਸੇ ਸੇਕ ਦਿੱਤੇ। ਇਕ ਘੜਮੱਸ ਜਿਹਾ ਮੱਚ ਗਿਆ ਸੀ।

ਰੌਲਾ ਪੈਣ 'ਤੇ ਆ ਕੇ ਚੇਲਿਆਂ ਨੇ ਬਾਬਾ ਮਸਾਂ ਹੀ ਹੇਠੋਂ ਕੱਢਿਆ। ਉਸਦੀ ਚਿਲਮ ਟੁੱਟ ਗਈ ਸੀ। ਅੱਗ ਖਿੱਲਰ ਗਈ ਸੀ। ਹੁੱਕੇ ਦਾ ਪਾਣੀ ਡੁੱਲ੍ਹ ਗਿਆ ਸੀ। ਸਾਧ ਸਾਨ੍ਹ ਵਾਂਗ ਸਾਹ ਲੈਂਦਾ, ਸਹਿਕ ਜਿਹਾ ਰਿਹਾ ਸੀ। ਉਸ ਦੀਆਂ ਜਟੂਰੀਆਂ ਖੁੱਲ੍ਹ ਕੇ ਗਲ਼ ਵਿੱਚ ਪੈ ਗਈਆਂ ਸਨ। ਹੇਠਲਾ ਬੁੱਲ੍ਹ ਸੁੱਜ ਕੇ ਬੋਤੇ ਦੇ ਬੁੱਲ੍ਹ ਵਾਂਗ ਲਮਕਣ ਲੱਗ ਪਿਆ। ਸੰਧੂਰੀ ਚੋਲਾ ਲੀਰਾਂ ਹੋ ਗਿਆ ਸੀ। ਉਹ ਗਿੱਟੇ ਪਲ਼ੋਸਦਾ ‘ਰਾਮ-ਰਾਮ’ ਕਰ ਰਿਹਾ ਸੀ।

ਬਿੱਲੂ ਦੀ ਬੇਬੇ ਨੇ ਪਿੰਡ ਆ ਕੇ ਰੌਲਾ ਪਾਇਆ ਤਾਂ ਪੜ੍ਹੇ ਲਿਖੇ ਮੁੰਡੇ ਡਾਂਗਾਂ ਲੈ ਕੇ ਪਹੁੰਚ ਗਏ। ਸਾਧ ਅਤੇ ਚੇਲਿਆਂ ਨੂੰ ਖੂਬ ਕੁਟਾਪਾ ਚਾਹੜਿਆ। ਸਾਧ ਦਾ ਮੂੰਹ ਕਾਲਾ ਕਰਕੇ, ਗਲ਼ ਛਿੱਤਰਾਂ ਦਾ ਹਾਰ ਪਾ ਕੇ ਪਿੰਡ ਵਿੱਚ ਗੇੜਾ ਦਿੱਤਾ। ਫਿਰ ਲੋਕ ਮਹੰਤ ਅਤੇ ਉਸ ਦੇ ਚੇਲਿਆਂ ਨੂੰ ਦੋਂਹ ਪਿੰਡਾਂ ਦੀ ਜੂਹ ਟਪਾ ਕੇ ਮੁੜੇ।

‘‘ਹਾਏ-ਹਾਏ...! ਮਹੰਤ ਐਨਾ ਕੁੱਤਾ ਸੀ?’’ ਪ੍ਰਸਿੰਨੀ ਬੁੜ੍ਹੀ ਦਿਲੋਂ 'ਦੁਰ-ਦੁਰ' ਕਰ ਰਹੀ ਸੀ।

ਸੂਰਜ ਢਲ਼ ਚੱਲਿਆ ਸੀ।

ਬੇਬੇ ਅਤੇ ਬਾਪੂ ਚਾਹ ਪੀ ਰਹੇ ਸਨ। ਬਿੱਲੂ ਮੰਜੇ ਤੇ ਮੁਰਕੜੀ ਜਿਹੀ ਮਾਰੀ ਬੈਠਾ ਸੀ। ਚਰਨਾ ਆ ਗਿਆ। ਚਰਨਾ ਬਿੱਲੂ ਕਾ ਸੀਰੀ ਸੀ। ਉੱਚਾ ਲੰਬਾ ਗੱਭਰੂ, ਖੁਸ਼ ਰੂਹ ਵਾਲਾ ਜੁਆਨ ਮੁੰਡਾ।

‘‘ਸੁਣਾ ਬਈ ਬੇਲੀਆ - ਹੁਣ ਕੀ ਹਾਲ ਐ ਤੇਰਾ...?’’ ਚਰਨਾ ਬਿੱਲੂ ਨਾਲ ਖਹਿ ਕੇ ਬੈਠ ਗਿਆ।

‘‘........।’’ ਬਿੱਲੂ ਥੋੜ੍ਹਾ ਮੁਸਕਰਾਇਆ। ਪਰ ਚੁੱਪ ਰਿਹਾ।

‘‘ਤੂੰ ਚੁੱਪ ਜਿਆ ਨਾ ਰਹਿਆ ਕਰ - ਮੂੰਹੋਂ ਗੱਲ ਕਰਿਆ ਕਰ - ਸਹੁਰਿਆ ਤੇਰੀ ਜਾਨ ਨੂੰ ਲੱਡੂਆਂ ਦਾ ਘਾਟੈ? ਅਸੀਂ ਜਾਨ ਲਲਾਮ ਕਰ ਦੇਈਏ ਤੇਰੀ ਖਾਤਰ।’’ ਚਰਨਾ ਬੰਦਾ ਦਿਲਦਾਰ

ਸੀ। ਬਿੱਲੂ ਦੀ ਹਾਲਤ ਦੇਖ ਕੇ ਉਸ ਨੂੰ ਦੁੱਖ ਹੁੰਦਾ। ਚਰਨਾ ਬਚਪਨ ਤੋਂ ਹੀ ਬਿੱਲੂ ਕਿਆਂ ਨਾਲ ਸੀਰੀ ਚੱਲਿਆ ਆ ਰਿਹਾ ਸੀ। ਬਿੱਲੂ ਕਾ ਸਾਰਾ ਪ੍ਰੀਵਾਰ ਵੀ ਉਸ ਨੂੰ ਸੀਰੀ ਨਹੀਂ, ਘਰ ਦਾ ਮੈਂਬਰ ਹੀ ਸਮਝਦਾ ਸੀ।

''ਚਰਨਿਆਂ, ਤੂੰ ਇਹਨੂੰ ਆਪ ਈ ਪੁੱਛ ਲੈ – ਬਈ ਇਹਨੂੰ ਕਿਹੜੀ ਗੱਲ ਦੀ ਅਚਾ ਐ?''

''ਅਚਾ ਚਾਚੀ ਕਾਹਦੀ ਹੋਣੀ ਐ...?''

''ਖਾਣ ਦਾ ਇਹਨੂੰ ਕੋਈ ਘਾਟਾ ਨਹੀਂ – ਪੀਣ ਦਾ ਇਹਨੂੰ ਘਾਟਾ ਨਹੀਂ – ਕੰਮ ਨੂੰ ਇਹਨੂੰ ਨਹੀਂ ਆਖਦੇ –ਮੱਚੜਾ ਡਮਾਕ ਨੀਂ ਕੰਮ ਕਰਦਾ – ਬਈ ਇਹਨੂੰ ਫਿਕਰ ਕਾਸ ਦਾ ਐ?'' ਬੇਬੇ ਦੀਆਂ ਅੱਖਾਂ ਨੱਕੋ ਨੱਕ ਭਰ ਆਈਆਂ।

''ਕੀ ਕਰੀਏ ਚਾਚੀ...? ਜੇ ਕੁਛ ਪੁੱਛੀਏ – ਤਾਂ ਬੱਸ ਘੁੱਗੂ ਈ ਹੋ ਛੱਡਦੈ – ਬਈ ਬੰਦਾ ਹੁੰਦੈ – ਬੋਲ ਕੇ ਦੱਸਦੈ – ਬੱਸ ਚਾਚੀ, ਇਹਦੀਆਂ ਤਾਂ ਹੋਰ ਈ ਗੁੱਡੀਆਂ ਤੇ ਹੋਰ ਈ ਪਟੋਲ੍ਹੇ।''

''ਉਸ ਦਿਨ ਉਹ ਮੁੰਡਾ ਆਇਆ ਸੀ – ਚੰਦਰਾ ਬਾਹਵਾ ਖੁਸ਼ ਹੋ ਗਿਆ ਸੀ – ਉਹ ਚਲਿਆ ਗਿਆ – ਬੱਸ ਫੇਰ ਉਹੀ ਹਾਲ।''

''ਕਿਹੜਾ ਮੁੰਡਾ, ਚਾਚੀ?''

''ਵੇ ਭਾਈ ਆਹ ਕੀ – ਡੁੱਬੜਾ ਨਾਂ ਈ ਨ੍ਹੀਂ ਆਉਂਦਾ – ਬਿਲਾਸਪੁਰ ਦਾ ਮੁੰਡਾ ਐ।''

''ਨਾਂ ਕੀ ਐ...?''

''ਮੱਖਣ...!''

''ਲੈ ਇਹ ਵੀ ਕੋਈ ਗੱਲ ਐ...? ਮੈਂ ਹੁਣੇ ਈ ਜਾ ਕੇ ਲੈ ਆਉਨੈ – ਸਾਡਾ ਬਿੱਲੂ ਸਿਉਂ ਖੁਸ਼ ਹੋਵੇ – ਅਸੀਂ ਸਮਾਨੋਂ ਤਾਰੇ ਤੋੜ ਕੇ ਲਿਆ ਦੇਈਏ।''

''ਦੱਸ ਬਿੱਲੂ ਸਿਆਂ – ਕਿੱਥੇ ਕਿਜੇ ਘਰ ਐ ਉਹਦਾ?''

''ਅੱਡੇ ਤੇ ਈ ਐ।''

ਚਰਨਾ ਸਾਈਕਲ ਚੁੱਕ ਤੁਰ ਗਿਆ।

ਸੂਰਜ ਛੁਪਦੇ ਨਾਲ ਹੀ ਚਰਨਾ ਅਤੇ ਮੱਖਣ ਆ ਪਹੁੰਚੇ। ਦੋਨੋਂ ਯਾਰ ਜੱਫੀ ਪਾ ਕੇ ਮਿਲੇ। ਪਰ ਬਿੱਲੂ ਨੇ ਉਤਨੀ ਖੁਸ਼ੀ ਪ੍ਰਗਟ ਨਾ ਕੀਤੀ, ਜਿਤਨੀ ਉਸ ਨੇ ਪਹਿਲੀ ਵਾਰ ਆਏ ਮੱਖਣ ਦੀ ਕੀਤੀ ਸੀ।

ਚਾਹ ਪੀਤੀ।

''ਚੱਲੋ ਯਾਰ, ਖੇਤ ਚੱਲੀਏ...!'' ਚਰਨੇ ਨੇ ਕਿਹਾ।

''ਖੇਤ ਕੀ ਕਰਨੈ, ਭਾਈ...? ਘਰੇ ਈ ਠੀਕ ਐ...!'' ਬੇਬੇ ਨੇ ਵਰਜਿਆ।

''ਤੂੰ ਚਾਚੀ, ਇਹਨੂੰ ਘਰੇ ਰੱਖ ਰੱਖ ਕੇ ਈ ਉੱਲੀ ਲਾ ਦੇਣੀ ਐਂ -ਤੂੰ ਮੁੰਡਿਆਂ ਖੁੰਡਿਆਂ ਦੀ ਗੱਲ 'ਚ ਬਾਹਲਾ ਦਖਲ ਨਾ ਦੇਇਆ ਕਰ - ਮਾਰਨ ਦੇ ਉਡਾਰੀਆਂ...! ਸਾਡੇ ਹੁੰਦਿਆਂ, ਸਾਡੇ ਬਾਈ ਵੱਲ ਕੋਈ ਅੱਖ ਪੱਟ ਕੇ ਨਹੀਂ ਝਾਕਦਾ...।''

''ਵੇ ਭਾਈ, ਕਾਹਦੀਆਂ ਉਡਾਰੀਆਂ...?''

''ਚਾਚੀ, ਕਿਉਂ ਮਗਜ਼ ਦੀ ਬੈਰਨ ਬਣੀ ਐਂ? ਉਡਾਰੀਆਂ ਮੁੰਡਿਆਂ ਖੁੰਡਿਆਂ ਨੇ ਈ ਮਾਰਨੀਐਂ - ਹੋਰ ਸਾਡਾ ਚਾਚਾ ਤਾਂ ਹੁਣ ਉਠਣੋਂ ਰਿਹਾ - ਉਸ ਤੋਂ ਤਾਂ ਹੁਣ ਬਹਿ ਕੇ ਉੱਠਿਆ ਨਹੀਂ ਜਾਂਦਾ - ਠਿੱਬੇ ਘੜੀਸ-ਘੜੀਸ ਤੁਰਦੈ।''

ਸਾਰੇ ਹੱਸ ਪਏ।

''ਚੰਗਾ, ਛੇਤੀ ਮੁੜ ਆਇਓ ਭਾਈ...!''

''ਚਾਚੀ, ਫਿਰ ਉਹੀ ਗੱਲ...?''

''ਵੇ ਜਾਹ ਪਰ੍ਹੇ...! ਬੇਰੜਾ...! ਆਥਣੇ ਪੀ ਕੇ ਆਏ ਤਾਂ ਚਰਨਿਆਂ ਤੇਰੀ ਕਰੂੰ ਤੇਈਕਤ।''

''ਚਾਚੀ, ਇਕ ਆਰੀ ਤੁਰ ਤਾਂ ਲੈਣ ਦੇ - ਫੇਰ ਆਏ ਦੀ ਚਾਹੇ ਤੇਈਕਤ ਕਰਲੀਂ ਚਾਹੇ ਚੌਵੀਕਤ - ਬੁੜ੍ਹੀ ਸਾਡੀ ਬਾਹਲ਼ੀ ਬਹਿਮਣ ਐਂ।''

ਮੂੰਹ ਹਨ੍ਹੇਰਾ ਹੋਏ ਤੋਂ ਉਹ ਖੇਤ ਨੂੰ ਤੁਰ ਪਏ। ਖੇਤ ਜਾ ਕੇ ਚਰਨੇ ਨੇ ਬੋਤਲ ਕੱਢ ਕੇ ਮੂਹਰੇ ਰੱਖ ਦਿੱਤੀ। ਸਾਰੇ ਪੀਣ ਲੱਗ ਪਏ।

''ਬਿੱਲੂ ਸਿਆਂ - ਬਾਈ ਸਾਡੀ ਹਿੱਕ 'ਚੋਂ ਗੋਲੀ ਲੰਘ ਕੇ ਫੇਰ ਤੇਰੇ ਭਲਾਂ ਵੱਜ ਜਾਵੇ।'' ਪਹਿਲੇ ਪੈੱਗ ਨੇ ਹੀ ਚਰਨੇ ਨੂੰ 'ਤੋਤਾ' ਬਣਾ ਦਿੱਤਾ।

''ਹੈਂ ਬਈ ਮੱਖਣਾਂ - ਸਾਡਾ ਯਾਰ ਤਾਂ ਐਡਾ ਲੁੱਚੈ - ਸਾਨੂੰ ਕੁਝ ਦੱਸਿਆ ਈ ਨ੍ਹੀਂ - ਬੁੱਕਲ 'ਚ ਈ ਲੱਡੂ ਭੋਰ ਭੋਰ ਖਾਂਦਾ ਰਿਹਾ।'' ਚਰਨੇ ਨੇ ਦੂਜਾ ਪੈੱਗ ਪਾਉਂਦਿਆਂ ਕਿਹਾ।

''ਬਾਈ ਸਿਆਂ - ਸੰਗਦਾ ਹੋਊ?'' ਮੱਖਣ ਨੇ ਪੈੱਗ ਪੀ ਕੇ ਪਾਣੀ ਦੀ ਕੁਰਲੀ ਕੀਤੀ ਅਤੇ ਡੋਹਲ ਦਿੱਤੀ।

''ਉਏ ਅਸੀਂ ਐਹੋ ਜਿਹੀ ਦਾ ਮੰਜਾ ਅੰਦਰੋਂ ਚੱਕ ਲਿਆਈਏ - ਇਹ ਐਮੇਂ ਮਰੂੰ-ਮਰੂੰ ਕਰੀ ਜਾਂਦੈ।'' ਚਰਨਾ ਤਿੰਨ ਪੈੱਗ ਪੀ ਚੁੱਕਿਆ ਸੀ। ਦੇਸੀ ਦਾਰੂ ਬਾਰੂਦ ਵਰਗੀ ਸੀ। ਚਰਨੇ ਦੀਆਂ ਅੱਖਾਂ ਦਾ ਰੰਗ ਸੰਧੂਰੀ ਹੋ ਗਿਆ ਸੀ।

''........।'' ਬਿੱਲੂ ਚੁੱਪ ਸੀ। ਸੁਣ ਰਿਹਾ ਸੀ।

''ਕੀ ਦੁੱਕੀ ਦੀ ਤੀਮੀਂ ਮਗਰ ਲੱਗ ਕੇ ਆਬਦਾ ਹਾਲ ਖਰਾਬ ਕਰ ਰੱਖਿਐ - ਸਹੁਰਾ ਲਲੈਕ - ਦੇਖ, ਕੁਛ ਸੋਚ, ਬਈ ਤੀਮੀਆਂ ਦੇ ਮਗਰ ਲੱਗ ਕੇ ਕਿਸੇ ਨੇ ਕੁਛ ਖੱਟਿਐ?''

''ਰਾਜੇ ਭੋਜ 'ਤੇ ਸਵਾਰੀ ਕੀਤੀ ਰੰਨਾਂ ਨੇ, ਰਾਂਝੇ ਰੰਨ ਪਿੱਛੇ ਕੰਨਾਂ ਨੂੰ ਪੜਵਾਇਆ।'' ਮੱਖਣ ਚਰਨੇ ਮਗਰ ਵੋਟ ਪਾਉਣ ਲੱਗ ਪਿਆ। ਨਸ਼ੇ ਵਿੱਚ ਆਮ ਉਹ ਕਵੀਸ਼ਰੀ ਕਰਨ ਲੱਗ ਪੈਂਦਾ ਸੀ। ਇਹ ਉਸਦੀ ਬੁਰੀ, ਪਤਾ ਨਹੀਂ ਚੰਗੀ ਆਦਤ ਸੀ?

''ਬਾਈ, ਆਪਣੀ ਤਾਂ ਜਿੰਦ ਉਹਦੇ ਨਾਂ ਲੱਗ ਗਈ ਐ।'' ਬਿੱਲੂ ਤੋਤਲਾ ਬੋਲਿਆ।

''ਜਿੰਦ ਤਾਂ ਅਗਲਿਆਂ ਨੇ ਲੁਆ ਦਿੱਤੀ ਸੀ ਨਾਂ - ਹੋ ਗਿਆ ਸੀ ਇੰਤਕਾਲ - ਕਰਾ ਦਿੱਤੀ ਸੀ ਰਿਸ਼ਟਰੀ - ਵਧੀ ਸੀ ਬਚ ਗਿਆ - ਸਹੁਰਾ ਜਿੰਦ ਦਾ...!''

''ਮਰਨਾ ਤਾਂ ਬਾਈ ਇਕ ਦਿਨ ਹਰ ਇਕ ਨੇ ਐਂ।'' ਬਿੱਲੂ ਨੇ ਆਪਣੀ ਜਾਨ ਤਲੀ ਤੇ ਰੱਖ ਲਈ ਸੀ।

''ਚੰਗਾ, ਮਰਨਾ ਐ ਮਰਨਾ ਐ ਲਾਈ ਐ - ਜਰੂਰ ਖੂਹ 'ਚ ਡਿੱਗ ਕੇ ਮਰਨੈਂ? ਕੇਰਾਂ ਈ ਹੁਣ ਗਿਆਨੀ ਬਣ ਗਿਆ।'' ਚਰਨਾ ਵੱਟ ਖਾ ਗਿਆ ਸੀ।

''ਇਹ ਤਾਂ ਚਰਨਿਆਂ, ਸੱਚੀਂ ਖੂਹ 'ਚ ਡਿੱਗ ਕੇ ਮਰੂ।'' ਮੱਖਣ ਨੇ ਮਾਹੌਲ ਸੁਖ਼ਾਵਾਂ ਕਰਨਾ ਚਾਹਿਆ।

''ਜਾਹ ਮੱਖਣਾ...! ਕੱਲ੍ਹ ਨੂੰ ਈ ਲੈ ਜਾਹ - ਤੇ ਇਹਨੂੰ ਮਿਲਾ ਦੇ ਇਹਨੂੰ ਇਹਦੀ ਸਾਹਿਬਾਂ!''

''ਮਿਰਜ਼ੇ ਤੇ ਬਿੱਲੂ 'ਚ ਥੋੜ੍ਹਾ ਈ ਫਰਕ ਐ।''

''ਉਹ ਕੀ...?''

''ਮਿਰਜ਼ਾ ਵੱਢਿਆ ਹੋਇਆ ਜੰਡ ਹੇਠ ਸ਼ਹੀਦੀ ਪ੍ਰਾਪਤ ਕਰ ਗਿਆ ਸੀ ਤੇ ਇਹ ਬੋਹੜ ਹੇਠ ਵੱਢਿਆ ਜਿੰਦਾ ਸ਼ਹੀਦ ਐ।''

''ਲੈ ਮੱਖਣਾ, ਮਿਲਾ ਦੇ ਕੱਲ੍ਹ ਨੂੰ ਇਹਨੂੰ ਇਹਦੀ ਸਾਹਿਬਾਂ - ਤੇ ਬਣਜਾ ਕਰਮੂੰ ਬਾਹਮਣ।''

''ਬੇਜੀ ਨੇ ਜਾਣ ਨਹੀਂ ਦੇਣਾ।'' ਮੱਖਣ ਅੱਗੇ ਇਕ ਵੱਡੀ ਔਕੜ ਸੀ।

"ਉਹ ਜਿੰਮਾਂ ਮੇਰਾ...!"

ਗੱਲਾਂ ਕਰਦੇ ਉਹ ਘਰ ਨੂੰ ਤੁਰ ਪਏ।

''ਚਾਚੀ, ਦੇ ਦਿਓ ਮੁੰਡੇ ਨੂੰ ਖੁੱਲ੍ਹੀ ਛੁੱਟੀ - ਘੁੰਮ ਫਿਰ ਆਉਣ ਦਿਓ ਇਹਨੂੰ ਤੇ ਮੱਖਣ

ਨੂੰ।'' ਉਸਨੇ ਘਰ ਜਾ ਕੇ ਗੱਲ ਚਲਾਈ।

''ਵੇ ਭਾਈ, ਕਿੱਥੇ...?''

''ਮੱਖਣ ਦੇ ਪਿੰਡ ਬਿਲਾਸਪੁਰ - ਹੋਰ ਕਿੱਥੇ...? ਬਲੈਤ ਕਨੇਡੇ ਤਾਂ ਤੂੰ ਭੇਜਣੋਂ ਰਹੀ?'' ਚਰਨਾਂ ਪੀਤੀ ਹੋਣ ਕਰਕੇ ਵੀ ਸੰਭਲ ਕੇ ਗੱਲ ਕਰ ਰਿਹਾ ਸੀ।

''ਵੇ ਭਾਈ, ਇਹਨਾਂ ਦੇ ਨਾਲ ਦਾ ਪਿੰਡ ਚੰਦਰਾ ਐ।''

''ਚਾਚੀ, ਤੂੰ ਵੀ ਨਿਆਣਿਆਂ ਆਲੀ ਗੱਲ ਕਰਦੀ ਐਂ - ਨਾਲ ਦਾ ਪਿੰਡ - ਨਾਲ ਦਾ ਪਿੰਡ ਲਾਈ ਐ - ਭਲਾ ਦੱਸ? ਬਈ ਨਾਲ ਦੇ ਪਿੰਡ ਇਹਨਾਂ ਨੇ ਬਾਜੀ ਪਾਉਣ ਜਾਣੈਂ...?''

''ਥੋਡੀ ਮਰਜੀ ਐ ਭਾਈ - ਪਰ ਇਹਦੇ ਬਾਪੂ ਤੋਂ ਪੁੱਛ ਲਵੋ - ਪਿਛਲੀ ਆਰੀ ਮੇਰੀ ਗੁੱਤ ਪੱਟਣ ਨੂੰ ਤਿਆਰ ਹੋਇਆ ਫਿਰਦਾ ਸੀ।''

''ਉਹਨੂੰ ਮੈਂ ਆਪੇ ਕਹਿਦੂੰ - ਚਾਚਾ ਮੇਰੀ ਮੁੱਠੀ 'ਚ।" ਚਰਨੇ ਨੇ ਮੁੱਠੀ ਮੀਚ ਕੇ ਆਖਿਆ।

''ਮੈਂ ਗੱਲ ਆਬਦੇ ਸਿਰ ਨਹੀਂ ਲੈਣੀ।'' ਬੇਬੇ ਹੱਥ ਖੜ੍ਹੇ ਕਰੀ ਖੜ੍ਹੀ ਸੀ।

''ਉਹੋ...! ਤੈਨੂੰ ਕਿਹੜਾ ਕਹਿੰਦੈ ਚਾਚੀ? ਆਬਦੇ ਸਿਰ ਮੈਂ ਲਊਂ - ਚਾਚਾ 'ਦਿਉ' ਤਾਂ ਨਹੀਂ ਜਿਹੜਾ ਮੂੰਹ 'ਚ ਪਾ ਲਊ?''

ਸਾਰਿਆਂ ਨੇ ਰੋਟੀ ਖਾਧੀ। ਚਰਨਾ ਘਰ ਚਲਾ ਗਿਆ। ਬਿੱਲੂ ਤੇ ਮੱਖਣ ਬਿਸਤਰੇ ਵਿਛਾ ਕੇ ਪੈ ਗਏ। ਬੇਬੇ ਸਿਰਹਾਣੇ ਪਾਣੀ ਦਾ ਡੋਲੂ ਰੱਖ ਗਈ।

(ਚਲਦਾ)

ਜੱਟ ਵੱਢਿਆ ਬੋਹੜ ਦੀ ਛਾਵੇਂ
(ਕਿਸਤ ਸੱਤਵੀਂ)

ਜ਼ਹਿਰੀਲੀ ਹਵਾ ਵਾਂਗ ਸਾਰੇ ਪਿੰਡ ਵਿੱਚ ਹੀ ਬਹੁਤ ਖ਼ਬਰ ਫੈਲੀ ਹੋਈ ਸੀ। ਸਿਆਣੇ ਬੰਦੇ, ਬੁੜ੍ਹੀਆਂ ਮੱਥੇ ਤੇ ਹੱਥ ਰੱਖ ਕੇ, 'ਤੋਏ-ਤੋਏ' ਕਰਦੇ ਸਨ। ਨਿਘੋਚਣਾਂ ਇਕ ਦੂਜੀ ਦੇ ਘਰ ਜਾ ਕੇ ਨੱਕ ਬੁੱਲ੍ਹ ਕੱਢਦੀਆਂ ਸਨ। ਪਿੰਡ ਦੇ ਜੁਆਨ ਮੁੰਡੇ ਮੁਸ਼ਕੜੀਏਂ ਹੱਸਦੇ ਫਿਰਦੇ ਸਨ। ਲੰਡਰ ਮੁੰਡੀਹਰ ਅੱਖਾਂ ਦੇ ਇਸ਼ਾਰਿਆਂ ਨਾਲ ਲੱਡੂ ਭੋਰਦੀ ਸੀ।

ਕਰਮੋ ਨੂੰ ਬੱਚਾ ਹੋਣ ਵਾਲਾ ਸੀ!!!

ਇੱਜ਼ਤਦਾਰ ਘਰਾਂ ਦਾ ਤਰਾਹ ਨਿੱਕਲ ਗਿਆ। ਸੀਤ ਨਿੱਕਲ ਗਿਆ ਸੀ ਕਿ ਪ੍ਰੀਤਮ ਸਿੰਘ ਤਾਂ ਜੇਲ੍ਹ ਵਿੱਚ ਸੀ ਅਤੇ ਫ਼ਿਰ ਜੁਆਕ.....? ਮਨਮਸਤ ਔਰਤਾਂ ਨੂੰ ਤਾਂ ਮਸਾਂ ਟਾਈਮ ਪਾਸ ਕਰਨ ਦਾ ਮੌਕਾ ਮਿਲਿਆ ਸੀ! ਨਵਾਂ ਵਿਸ਼ਾ ਮਿਲਿਆ ਸੀ!

''ਨੀ ਨਾਲੇ ਕਹਿੰਦੀ ਸੀ ਅਖੇ ਪਰੇਸ਼ਨ ਕਰਾਇਆ ਹੋਇਐ?'' ਸੰਤੀ ਬੁੜ੍ਹੀ ਨੇ ਪੰਜਾਬ ਕੌਰ ਨੂੰ ਕਿਹਾ।

''ਅੰਮਾਂ ਜੀ, ਆਪਾਂ ਕਿਹੜਾ ਨਾਲ ਗਈਆਂ ਸੀ?'' ਪੰਜਾਬ ਕੌਰ ਵਿਚਾਰੀ ਸਿੱਧੀ-ਸਾਧੀ ਸੀ।

''ਭੈਣੇ ਗੱਲ ਹੋਰ ਐ - ਸਾਰੇ ਪਿੰਡ ਦੀ ਕੁੱਛੜ ਬਹਿ ਕੇ ਦਾਹੜੀ ਮੁੰਨ ਦਿੱਤੀ।''

''ਦੂਜੇ ਪਿੰਡਾਂ ਦੇ ਲੋਕ ਵੀ ਥੂਹ-ਥੂਹ ਕਰਦੇ ਐ।'' ਹਰਪਾਲ ਕੌਰ ਲੱਸੀ ਲੈਣ ਆਈ ਸੀ।

''ਥੂਹ-ਥੂਹ ਈ ਕਰਨੈ ਬੇਬੇ ਜੀ - ਕੀ ਬਘਿਆੜ ਜਿੱਡਾ ਬੰਦਾ ਅੰਦਰ ਵਾੜਿਐ?''

''ਬਈ ਕੁੱਤੀਏ, ਤੂੰ ਸ਼ਰਮ ਕਰ - ਕੋਠੇ ਜਿੱਡੀ ਤੇਰੀ ਧੀ ਹੋਈ ਪਈ ਐ।''

''ਆਹ...! ਧੀਅ ਦੀ ਇਹਨੂੰ ਕੋਈ ਸ਼ਰਮ ਐ?''

‘‘ਨਾਲੇ ਧੀ ਕਿਹੜਾ ਸਪੁੱਤੀ ਐ…?’’

‘‘ਗੋਹਲ਼ ਅਰਗਾ ਮੁੰਡਾ ਮਰਵਾ ਕੇ ਰੱਖ ਦੇਣਾ ਸੀ।’’ ਹਮ੍ਰਕੋ ਮਜਬਣ ਗੋਹਾ ਕੂੜਾ ਕਰਨ ਆ ਗਈ ਸੀ। ਆਉਣ ਸਾਰ ਉਸ ਨੇ ਢਾਣੀ ਵਿੱਚ ਸਿਰ ਫ਼ਸਾ ਲਿਆ।

‘‘ਚਲੋ ਆਪਾਂ ਨੂੰ ਕੀ…?’’

‘‘ਜੋ ਕਰੂ, ਉਹ ਆਪੇ ਭਰੂ…।’’

‘‘ਜਦੋਂ ਅਗਲੀ ਨੇ ਕਾਲ਼ਸ ਮੂੰਹ 'ਤੇ ਮਲ ਰੱਖੀ ਐ – ਆਪਾਂ ਨੂੰ ਕੋਈ ਜਾਅਦੇ ਦਰਦ ਐ?’’

‘‘ਸਿਆਣਿਆਂ ਨੇ ਕਿਹੈ – ਇਕ ਚੁੱਪ ਸੌ ਸੁੱਖ।’’

‘‘ਮੂੰਹ’ਚ ਮਿੱਟੀ ਪਾ ਲਓ…!’’

‘‘ਪਰ ਅੰਮਾਂ ਜੀ – ਜਦੋਂ ਦਾਰੂ ਨਾਲ ਡੱਕ ਕੇ, ਆ ਕੇ ਲਲਕਰੇ ਮਾਰਦੈ – ਜਾਣੀਂ ਦਿਲ ਕਰਦੈ, ਹਰਾਮ ਦੇ ਦੇ ਮੂੰਹ ’ਚ ਅੱਗ ਪਾ ਦਿਆਂ।’’

‘‘ਨੀ ਛੱਡ ਪਰ੍ਹੇ…! ਕਰਤੀ ਨਾ ਸਿੱਧਰੀ ਤੀਮੀ ਆਲੀ ਗੱਲ…?’’

‘‘ਤੈਨੂੰ ਕਿਸੇ ਦੀ ਅੱਗ ’ਚ ਮੱਚਣ ਦੀ ਕੀ ਲੋੜ ਐ?’’

ਚਲੋ ਖੈਰ! ਜੇ ਲੋਕ ਮੂੰਹੋਂ ਨਹੀਂ ਆਖਦੇ ਸਨ ਤਾਂ ਅੰਦਰੋ ਅੰਦਰੀ ਸਭ ਨੂੰ ਪਤਾ ਸੀ। ਚੋਰੀ ਦੇ ਪੁੱਤ ਗੱਭਰੂ ਕਦੋਂ ਹੁੰਦੇ ਐ? ਭਲਾ ਹੋਵੇ ਵਿਚਾਰੇ ਬਚਨੇ ਦਾ! ਜਿਹੜਾ ਆਪਣਾ ‘ਫਰਜ਼’ ਪੂਰਾ ਕਰ ਰਿਹਾ ਸੀ। ਫ਼ਸਲ, ਕਣਕ, ਮੱਕੀ ਅਤੇ ਬੱਚਿਆਂ ਦੀ ‘ਉਪਜ’ ਵਿੱਚ ਫਰਕ ਨਹੀਂ ਪੈਣ ਦੇ ਰਿਹਾ ਸੀ। ਘਰ ਦੀ ਕੰਧ ਘਰੇ ਹੀ ਡਿੱਗ ਰਹੀ ਸੀ। ਇਕ ਵੀ ਇੱਟ ਪਾਸੇ ਨਹੀਂ ਜਾਣੀ ਸੀ। ਸੱਪ ਨੂੰ ਸੱਪ ਲੜਦਾ ਸੀ। ਜ਼ਹਿਰ ਕਿਸੇ ਨੂੰ ਵੀ ਨਹੀਂ ਚੜ੍ਹਨੀ ਸੀ। ਕਿਸੇ ਦਾ ਕੋਈ ਨੁਕਸਾਨ ਨਹੀਂ ਸੀ। ਔਲਾਦ ਤਾਂ ਰੱਬ ਦੀ ਦੇਣ ਹੈ! ਕਰਮਾਂ ਵਾਲਾ ਤਾਂ ਵਿਚਾਰਾ ਬਚਨ ਸਿਉਂ, ਜਿਸ ਦੀ ਰੱਬ ਨੇ ਸੁਣੀ ਸੀ, ਛੱਪਰ ਪਾੜ ਕੇ ਦਿੱਤਾ ਸੀ। ਬਾਰ੍ਹਾਂ ਸਾਲ ਬਾਅਦ ਤਾਂ ਰੱਬ ਰੂੜੀ ਦੀ ਵੀ ਸੁਣ ਲੈਂਦਾ ਹੈ। ਉਸ

ਦੇ ਘਰੇ ਦੇਰ ਹੈ, ਹਨ੍ਹੇਰ ਨਹੀਂ! ਬਚਨੇ 'ਤੇ ਤਾਂ ਰੱਬ ਮੂਲੋਂ ਹੀ ਦਿਆਲ ਹੋ ਗਿਆ ਸੀ। ਪਿਆ ਵਿਚਾਰਾ ਰੋਟੀਆਂ ਪਕਾਉਂਦਾ ਹੱਥ ਸਾੜਦਾ ਰਹਿੰਦਾ ਸੀ। ਆਸ ਨਹੀਂ ਸੀ ਰੋਟੀ ਦੀ। ਪਰ ਹੁਣ ਤਾਂ ਰੱਬ ਦੀ ਇਤਨੀ ਮਿਹਰ ਹੋ ਗਈ ਸੀ ਕਿ ਰੱਬ ਨੇ ਉਸਨੂੰ 'ਸਭ ਕੁਝ' ਬਖਸ਼ ਦਿੱਤਾ ਸੀ। ਰੋਟੀ ਛੱਡ ਰੰਨ! ਰੰਨ ਛੱਡ ਔਲਾਦ! ਬਚਨਾ ਤਾਂ ਢਾਕਾਂ ਤੇ ਹੱਥ ਧਰ ਧਰ ਕੇ ਤੁਰਦਾ ਸੀ। ਉਸਦਾ ਚਾਦਰਾ ਅੱਧੀ ਵੀਹੀ ਸੁੰਭਰਦਾ ਜਾਂਦਾ ਸੀ। ਕੰਨਾਂ ਦੀਆਂ ਨੱਤੀਆਂ ਗਿੱਧਾ ਪਾਉਂਦੀਆਂ ਸਨ।

''ਕੁੜੀ ਨੂੰ ਕੁੱਟਣ ਤੇ ਲੱਕ ਬੰਨ੍ਹਿਆ ਸੀ – ਆਪ ਤੋਂ ਹੁਣ ਰਿਹਾ ਗਿਆ ਹੋਊ?'' ਖੋਖਰ ਮੱਲ ਬੋਲਿਆ।

''ਸਭ ਦਾ ਈ ਜੀਅ ਕਰਦੈ ਬਈ!'' ਛੜੇ ਛਟਾਂਕੀ ਤੋਂ ਰਿਹਾ ਨਾ ਗਿਆ।

''ਜੀਅ ਨਾਲ ਈ ਜਹਾਨ ਐ ਭਾਈ।'' ਅਮਰੂ ਮਜ਼੍ਹਬੀ ਖੜ੍ਹਾ ਖੁੱਚਾਂ ਖੁਰਕ ਰਿਹਾ ਸੀ।

''ਕਦੇ ਰੱਬ ਸਾਡੀ ਵੀ ਸੁਣੂੰਗਾ।'' ਬਚਿੱਤਰ ਛੜੇ ਨੇ ਰੱਬ ਵੱਲ ਮੂੰਹ ਕਰਕੇ ਕਿਹਾ।

''ਇਹ ਤਾਂ ਭਾਈ ਕਰਮਾਂ ਦੀਆਂ ਗੱਲਾਂ ਨੇ।'' ਕਾਟੂ ਅਮਲੀ ਨੇ ਨਸਵਾਰ ਦਾ ਚੂੰਢਾ ਚਾਹੜ੍ਹਿਆ।

''ਚਿੱਟੇ ਚੌਲ਼ ਜਿਹਨਾਂ ਨੇ ਪੁੰਨ ਕੀਤੇ – ਰੱਬ ਨੇ ਬਣਾਈਆਂ ਜੋੜੀਆਂ।'' ਘੋਗੇ ਕਾ ਛੋਟਾ ਬਹਿਵਤੀ ਆ ਗਿਆ। ਉਹ ਬੋਲੀਆਂ ਪਾਉਣ ਵਿੱਚ ਕਾਫੀ ਮਸ਼ਹੂਰ ਸੀ।

''ਪਤੰਦਰਾਂ ਹੁਣ ਤਾਂ ਤਿੱਖੜੀ ਬਣਨ ਆਲੀ ਐ।'' ਸੱਘਾ ਲੰਗਾ ਡਾਂਗ ਤੇ ਝੁਕਿਆ ਖੜ੍ਹਾ ਸੀ। ਉਸ ਦਾ ਪੈਰ ਸੁੱਕ ਕੇ ਆਕੜੇ ਛਿੱਤਰ ਵਰਗਾ ਬਣ ਗਿਆ ਸੀ।

''ਬੰਦਾ ਵੱਢ ਕੇ ਸਿੱਟ ਦੇਣਾ – ਯਾਰੋ ਪਾਪ ਥੋਹੜੈ?'' ਸੁਖਦੇਵ ਗਰੰਥੀ ਨੇ ਕਿਹਾ।

''ਸਭ ਕਰਨੀ ਦੇ ਫਲ ਐ।'' ਅਮੀਏਂ ਬਾਹਮਣ ਦੀਆਂ ਅੱਖਾਂ'ਚੋਂ ਗਿੱਡ ਵਰ੍ਹ ਰਹੀ ਸੀ।

''ਜੇ ਮੁੰਡਾ ਹੋ ਗਿਆ – ਕਰਨੀ ਤਾਂ ਸਮਝੋ ਫਲ ਗਈ।'' ਭਾਗ ਰਾਮਦਾਸੀਆ ਸਾਈਕਲ ਤੇ ਲੱਤ ਲਾਈ ਖੜ੍ਹਾ ਸੀ।

ਅੱਧਾ ਪਿੰਡ ਸੱਥ ਵਿੱਚ ਇਕੱਠਾ ਹੋਇਆ, ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਿਹਾ ਸੀ। ਪਰ ਫਿਰ ਉਹ ਬਚਨੇ ਨੂੰ ਆਉਂਦਾ ਦੇਖ ਕੇ ਚੁੱਪ ਕਰ ਗਏ। ਬਚਨਾ ਪਹੇ ਵੱਲੋਂ ਚਾਦਰੇ ਦਾ ਲੜ ਚੁੱਕੀ, ਝੂਲਦਾ ਆਉਂਦਾ ਸੀ।

''ਵਧਾਈਆਂ ਬਈ ਸਰਦਾਰਾ...!'' ਇੰਦਰ ਚਮਿਆਰ ਨੇ ਬਚਨੇ ਨੂੰ ਚੱਬ ਕੇ ਜਿਹੇ ਆਖਿਆ।

''ਰੱਬ ਸਭ ਨੂੰ ਈ ਵਧਾਵੇ ਬਈ, ਇੰਦਰ ਸਿਆਂ!'' ਬਚਨੇ ਨੇ ਬੜੇ ਹੰਕਾਰ ਨਾਲ ਕਿਹਾ। ਜਿਵੇਂ ਉਸ ਨੂੰ ਕਿਸੇ ਗੱਲ ਦੀ ਪ੍ਰਵਾਹ ਹੀ ਨਹੀਂ ਸੀ। ਉਹ ਬੜੇ ਮਾਣ ਨਾਲ ਊਠ ਵਾਂਗ ਲੰਮੀਆਂ ਪੁਲਾਂਘਾਂ ਪੁੱਟਦਾ ਅੱਗੇ ਤੁਰ ਗਿਆ।

ਸਾਰਿਆਂ ਦੀ ਜੁਬਾਨ ਠਾਕੀ ਗਈ। ਸਾਰੀ ਮੁੰਡੀਹਰ ਬੜੀ ਹੈਰਾਨਗੀ ਨਾਲ ਜਾਂਦੇ ਬਚਨੇ ਵੱਲ ਤੱਕ ਰਹੀ ਸੀ। ਬਚਨਾ ਸਰਕਾਰੀ ਸਾਹਣ ਵਾਂਗ ਪੂਰੀ ਗਲ਼ੀ ਵਿਚ ਫ਼ੈਲਰ ਕੇ ਤੁਰਦਾ ਸੀ।

''ਇਹ ਸੱਪ ਤਾਂ ਬਾਈ ਬੜਾ ਖਤਰਨਾਕ ਨਿੱਕਲਿਆ - ਕੋਈ ਪ੍ਰਵਾਹ ਹੀ ਨਹੀਂ।'' ਮਾਈ ਦਿੱਤੇ ਦਾ ਮੂੰਹ ਅੱਡਿਆ ਹੋਇਆ ਸੀ।

''ਇਹ ਸੱਪ ਤੇਰੇ ਮਾਰਨ ਦਾ ਨਹੀਂ - ਤੇ ਨਾ ਐ ਮੇਰੇ ਮਾਰਨ ਦਾ - ਇਹਨੂੰ ਤਾਂ ਉਪਰਲਾ ਈ ਕਰੂ ਲੋਟ।'' ਇੰਦਰ ਕਚੂਚ ਹੋਇਆ ਬੈਠਾ ਸੀ।

''ਚੱਲੋ ਆਪਾਂ ਨੂੰ ਕੀ ਪਿੰਡਾ? ਆਪਾਂ ਐਮੇਂ ਫੋਕੀ ਭਕਾਈ ਮਾਰੀ ਜਾਨੇ ਐ - ਆਪਾਂ ਨੂੰ ਭਲਾ ਮਗਜ਼ ਖਪਾਈ ਕਰਨ ਨਾਲ ਕੀ ਮਿਲੂਗਾ?'' ਟਿੱਡੀ ਮਜ੍ਹਬੀ ਨੇ ਹਥਿਆਰ ਸੁੱਟ ਦਿੱਤੇ ਸਨ।

''ਮਿਲੂ ਉਹਨੂੰ, ਜੀਹਦੇ ਕਰਮਾਂ 'ਚ ਐ।'' ਬਚਿੱਤਰ ਛੜਾ ਚਿੱਤੜ ਝਾੜਦਾ ਤੁਰ ਗਿਆ।

ਬਚਨੇ ਨੂੰ ਬੇਪ੍ਰਵਾਹ ਜਿਹਾ ਦੇਖ ਕੇ ਸਾਰਿਆਂ ਦੇ ਮੂੰਹ ਹੀ ਸਿਉਂਤੇ ਗਏ ਸਨ। ਬਚਨੇ ਦੇ ਮਨ 'ਤੇ ਕੋਈ ਅਸਰ ਨਹੀਂ ਸੀ। ਉਸਦੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਸਹੁਰੇ ਲੋਕਾਂ ਦਾ ਕੀ ਕਹਿਣਾ ਐਂ? ਲੋਕ ਤਾਂ ਕੁੱਤੇ ਹਨ। ਐਵੇਂ ਵਾਧੂ ਦੀ ਭਕਾਈ ਕਰਨ ਬਹਿ ਜਾਂਦੇ ਹਨ। ਬਚਨਾ ਤਾਂ

ਅੱਜ ਸਿਰੋਂ ਸਰਦਾਰ ਸੀ। ਉਸਦੇ ਤਾਂ ਰੱਬ ਵੀ ਯਾਦ ਨਹੀਂ ਸੀ।

ਧੂਣੀ ਤੇ ਹੱਥ ਸੇਕਦੀ ਮੁੰਡੀਹਰ ਹੌਲੀ-ਹੌਲੀ ਘਰਾਂ ਨੂੰ ਜਾਣੀ ਸ਼ੁਰੂ ਹੋ ਗਈ। ਕੁਝ ਕੁ ਅਜੇ ਵੀ ਧੂਣੀ ਦੁਆਲੇ ਬੈਠੇ ਊਂਘ ਰਹੇ ਸਨ। ਪਰ ਅਮਰੂ ਮਜ੍ਹਬੀ ਨੇ ਸਾਰੇ ਸ਼ਿਸ਼ਕਰ ਦਿੱਤੇ। ਫਿਰ ਆਪ ਵੀ ਉਠ ਕੇ ਚਲਾ ਗਿਆ।

ਰਾਤ ਗੂਹੜੀ ਹੋ ਗਈ।

ਦਿਨ ਚੜ੍ਹਿਆ।

ਧੁੱਪਾਂ ਚੜ੍ਹ ਆਈਆਂ ਸਨ। ਧੁੱਪਾਂ ਚੜ੍ਹਨ ਦੇ ਨਾਲ-ਨਾਲ ਹੀ ਪਿੰਡ ਵਿੱਚ ਇਕ ਹੋਰ ਮਨਹੂਸ ਖ਼ਬਰ ਉੱਡ ਗਈ। ਪਿੰਡ ਦੇ ਰਹਿੰਦੇ ਖੂੰਹਦੇ ਸਾਹ ਵੀ ਸੁੱਕ ਗਏ। ਪਿੰਡ ਨੂੰ ਜਿਵੇਂ ਸੱਪ ਸੁੰਘ ਗਿਆ ਸੀ ਜਾਂ ਸਰਾਲ਼ ਸਾਹ ਪੀ ਗਈ ਸੀ। ਸਿਆਣੇ ਬੰਦੇ, ਬੁੜ੍ਹੀਆਂ ਇੰਜ ਚੁੱਪ ਧਾਰੀ ਫਿਰਦੇ ਸਨ, ਜਿਵੇਂ ਪਿੰਡ ਵਿੱਚ ਕੋਈ ਪਰਲੋਂ ਆਉਣ ਵਾਲੀ ਸੀ।

ਮੀਤੀ ਘਰੋਂ ਅਲੋਪ ਸੀ!!

ਲੋਕ ਭਾਂਤ-ਭਾਂਤ ਦੇ ਲੱਖਣ ਲਾ ਰਹੇ ਸਨ।

ਨਾਹਰ ਸਿੰਘ ਨੂੰ ਸ਼ੱਕ ਪਿਆ ਕਿ ਮੀਤੀ ਬਿੱਲੂ ਤੋਂ ਬਿਨਾਂ ਕਿਤੇ ਵੀ ਨਹੀਂ ਜਾ ਸਕਦੀ ਸੀ। ਉਸ ਦੇ ਸਿਰ ਜਿਵੇਂ ਪਹਾੜ ਟੁੱਟ ਪਿਆ ਸੀ। ਉਸਨੇ ਆਪਣੀ ਸ਼ੱਕ ਜਦ ਘਰਵਾਲੀ ਕੋਲ ਦੱਸੀ ਤਾਂ ਉਹ ਵੀ ਹੱਥਾਂ ਪੈਰਾਂ ਵਿੱਚ ਆ ਗਈ। ਉਹਨਾਂ ਤਿਆਰੀ ਕੀਤੀ ਅਤੇ ਬਿੱਲੂ ਦੇ ਪਿੰਡ ਆ ਗਏ। ਜਦ ਬਿੱਲੂ ਘਰੇ ਨਾ ਦਿਸਿਆ ਤਾਂ ਉਹਨਾਂ ਦਾ ਸ਼ੱਕ ਇਕ ਯਕੀਨੀ ਵਿੱਚ ਬਦਲਣ ਲੱਗਿਆ।

ਚਾਹ ਪੀ ਕੇ ਉਹਨਾਂ ਨੇ ਬਿੱਲੂ ਬਾਰੇ ਪੁੱਛਿਆ ਤਾਂ ਬਿੱਲੂ ਦੀ ਬੇਬੇ ਨੇ ਦੱਸਿਆ ਕਿ ਬਿੱਲੂ ਮੱਖਣ ਕੋਲ ਗਿਆ ਹੋਇਆ ਸੀ। ਚਰਨੇ ਨੂੰ ਭੇਜ ਕੇ ਪਤਾ ਕੀਤਾ ਗਿਆ, ਬਿੱਲੂ ਸੱਚ ਹੀ ਮੱਖਣ ਪਾਸ ਸੀ।

ਨਾਹਰ ਸਿੰਘ ਦੇ ਸੁੱਕੇ ਹੋਏ ਸਾਹ ਵਾਪਿਸ ਪਰਤ ਆਏ।

ਨਾਹਰ ਸਿੰਘ ਅਤੇ ਉਸਦੀ ਘਰਵਾਲੀ ਅਗਲੀ ਸਵੇਰ ਪਿੰਡ ਪਹੁੰਚੇ ਤਾਂ ਪਿੰਡ ਵਿੱਚ ਪੁਲਸ ਉੱਤਰੀ ਹੋਈ ਸੀ। ਧਰਮਸ਼ਾਲਾ ਵਿੱਚ ਸਾਰਾ ਪਿੰਡ ਇਕੱਠਾ ਹੋਇਆ ਬੈਠਾ ਸੀ। ਕਰਮੋ ਰੋ ਰਹੀ ਸੀ। ਬਚਨਾ ਉਦਾਸ ਸੀ।

ਚੌਕੀਦਾਰ ਦੇ ਹੱਥ ਨਾਹਰ ਸਿੰਘ ਨੂੰ ਪੁਲੀਸ ਦਾ ਸੁਨੇਹਾ ਆ ਗਿਆ।

ਨਾਹਰ ਸਿੰਘ ਤੁਰੰਤ ਹਾਜ਼ਰ ਹੋ ਗਿਆ।

''ਹਾਂ ਬਈ - ਕੁੜੀ ਕਿੱਥੇ ਲੁਕੋਈ ਐ?'' ਠਾਣੇਦਾਰ ਨੇ ਪੈਂਦੀ ਸੱਟੇ ਸੁਆਲ ਮਾਰਿਆ।

''ਜਨਾਬ ਕੁੜੀ ਮੇਰੀ ਧੀਆਂ ਅਰਗੀ ਐ - ਮੈਂ ਕਿੱਥੇ ਲਕੋਣੀ ਸੀ?'' ਉਸ ਨੇ ਸਚਾਈ ਦੱਸੀ।

''ਚਤਰਾਈ ਕਰਨ ਦੀ ਕੋਸ਼ਿਸ਼ ਨਾ ਕਰ - ਬੰਦਾ ਬਣਜਾ - ਸਾਡਾ ਡੰਡਾ ਕੰਧਾਂ ਮਨਾ ਲੈਂਦੇ!'' ਠਾਣੇਦਾਰ ਨੇ ਮੰਜੇ ਦੇ ਸੇਰੂ 'ਤੇ ਡੰਡਾ ਖੜਕਾ ਕੇ ਨਾਹਰ ਸਿੰਘ ਡਰਾਇਆ।

''ਸਾਹਬ ਬਹਾਦਰ - ਤੁਸੀਂ ਹਿੱਕ ਧੱਕਾ ਕਰਦੇ ਓਂ - ਮੇਰਾ ਸੱਚ ਮੰਨੋ।'' ਨਾਹਰ ਸਿੰਘ ਹੱਦੋਂ ਵੱਧ ਹੈਰਾਨ ਸੀ। ਉਲਟੇ ਬਾਂਸ ਬਰੇਲੀ ਨੂੰ ਜਾ ਰਹੇ ਸਨ।

''ਹਿੱਕ ਧੱਕਾ ਦੱਸਦੈਂ, ਚੌਰਿਆ...! ਰਾਤ ਕਿੱਥੇ ਸੀ?'' ਠਾਣੇਦਾਰ ਉਠ ਕੇ ਖੜ੍ਹਾ ਹੋ ਗਿਆ।

''ਰਾਤ ਮੈਂ ਆਪਣੀ ਭੈਣ ਕੋਲੇ ਸੀ।''

''ਬਕਵਾਸ ਬੰਦ ਕਰ...! ਸਿੱਧੀ ਤਰ੍ਹਾਂ ਬਕੇਂਗਾ ਜਾਂ ਪਾਈਏ ਮੂਧਾ?''

''ਠਾਣੇਦਾਰਾ, ਬਹੁਤਾ ਸਿਰ ਤੇ ਨਾਂ ਚੜ੍ਹ - ਧੌਣ 'ਤੇ ਕਰ ਦਿਆਂਗੇ!'' ਗੁੱਜਰ ਮਜ੍ਹਬੀ ਨੇ ਕਿਹਾ। ਉਹ ਵਿਹੜੇ 'ਚੋਂ ਪੰਚਾਇਤ ਮੈਂਬਰ ਸੀ।

''ਤੂੰ ਕੌਣ ਹੁੰਨੈ ਝੜੂੰਮੇਂ...? ਤੇਰੀ ਮਾਂ ਦੀ...!'' ਠਾਣੇਦਾਰ ਉਸ ਵੱਲ ਉੱਲਰਿਆ।

''ਮੂੰਹੋਂ ਸਿੱਧਾ ਬੋਲੇਂਗਾ - ਜਾਂ ਸਿਖਾਈਏ...?'' ਤਿੰਨ ਚਾਰ ਹਰੀਜਨ ਮੁੰਡਿਆਂ ਦੇ ਹੱਥਾਂ

ਵਿੱਚ ਕਸੌਲੀਆਂ ਸਨ। ਉਹ ਠਾਣੇਦਾਰ ਵੱਲ ਕਹਿਰ ਦੀ ਨਜ਼ਰ ਨਾਲ ਝਾਕ ਰਹੇ ਸਨ।

''......।''ਠਾਣੇਦਾਰ ਸੁੰਨ ਹੋ ਕੇ ਕੁਰਸੀ 'ਤੇ ਬੈਠ ਗਿਆ। ਉਹ ਕੱਚਾ ਲਿੱਲ ਹੋਇਆ ਵਾੜ ਵਿੱਚ ਫ਼ਸੇ ਬਿੱਲੇ ਵਾਂਗ ਝਾਕ ਰਿਹਾ ਸੀ।

''ਇਹਦੇ ਭਾਣਜੇ ਬਾਰੇ ਪੁੱਛੋ ਜੀ।'' ਬਚਨੇ ਨੇ ਆਖਿਆ। ਓਕੜੂ ਜਿਹਾ ਹੋਇਆ ਬੈਠਾ ਉਹ ਕਦੋਂ ਦਾ ਕੁਛ ਕਹਿਣ ਲਈ ਤਿਆਰ ਸੀ।

''ਭਾਣਜਾ ਇਹਦੇ ਹੱਥ 'ਚ ਫੜਿਐ? ਉਹ ਆਬਦੇ ਪਿੰਡ ਹੋਊ!'' ਸਾਧੂ ਲੰਮਾਂ ਬਲਿਆ। ਉਸ ਦਾ ਸੁਭਾਅ ਬੜਾ ਕੌੜ ਸੀ।

''ਕੱਲ੍ਹ ਨੂੰ ਮੁੰਡੇ ਨੂੰ ਠਾਣੇ ਹਾਜ਼ਰ ਕਰੋ......!'' ਕਹਿੰਦਾ ਠਾਣੇਦਾਰ ਉਠ ਖੜ੍ਹਿਆ।

ਆਪਣੀ ਬਾਕੀ ਬਚੀ ਇੱਜ਼ਤ ਉਹ ਬਚਾ ਕੇ ਹੀ ਲੈ ਜਾਣਾਂ ਚਾਹੁੰਦਾ ਸੀ।

''ਡੋਅ.....ਡੋਅ....!'' ਟੈਟੋ ਮਜ੍ਹਬੀ ਨੇ ਠਾਣੇਦਾਰ ਵੱਲ ਅੰਗੂਠਾ ਹਿਲਾ ਕੇ ਆਖਿਆ।

''ਘਿਆਕੋ...! ਮੋਰ ਮੱਚ ਗਿਆ......!'' ਟਿੱਡੀ ਬਿੰਡੇ ਵਾਂਗ ਟਿਆਂਕਿਆ।

ਪੁਲੀਸ ਬੜੀ ਤੇਜੀ ਨਾਲ ਤੁਰ ਗਈ।

ਵਿਹੜੇ ਵਾਲੇ ਕਰੋਧ ਨਾਲ ਸੜੇ ਪਏ ਸਨ। ਪੁਲਸ ਅਤੇ ਠਾਣੇਦਾਰ ਨੂੰ ਵੀ ਚੋਭਾਂ ਲਾਈਆਂ ਜਾ ਰਹੀਆਂ ਸਨ। ਉਹ ਬਚਨੇ ਅਤੇ ਕਰਮੋ ਵੱਲ ਗਹਿਰੀ ਨਜ਼ਰ ਨਾਲ, ਘੂਰ ਕੇ ਝਾਕ ਰਹੇ ਸਨ।

''ਪਹਿਲਾਂ ਆਬਦੀ ਪੀੜ੍ਹੀ ਹੇਠ ਸੋਟਾ ਫੇਰ...!'' ਕਿਸੇ ਨੇ ਠੋਕ ਵਜਾ ਕੇ ਕਰਮੋਂ ਤੇ ਅਵਾਜ ਕੱਸੀ।

''ਦਰ ਦਰ ਦੇ ਕੁੱਤੇ ਮਗਰ ਲਾਈ ਫਿਰਦੀ ਐ!''

''ਕੌਣ ਭੌਂਕਦੈ ਮੇਰੇ ਪਿਉ ਦਾ ਸਾਲਾ......?'' ਕਰਮੋ ਖਿਝੀ ਬਾਂਦਰੀ ਵਾਂਗ ਝਈ ਲੈ ਕੇ ਆਈ।

''ਮੈਂ ਆਂ! ਲੈ ਫੜਲੈ ਜਿਹੜੇ......ਫੜਨੇ ਐ!'' ਸਰ੍ਹੋਂ ਫੁੱਲਾਂ ਮਾਰਨ ਖੰਡੇ ਬਲ਼ਦ ਵਾਂਗ

ਆਇਆ।

''ਖਸਮ ਤਾਂ ਜੇਲ੍ਹ 'ਚ ਐ- ਆਹ ਢਿੱਡ ਕੀਹਤੋਂ ਕਰਾਈ ਫਿਰਦੀ ਐਂ - ਸਾਨੂੰ ਕਿਤੇ ਪਤਾ ਨੀਂ?''

''ਮਾਰ-ਮਾਰ ਰੈਂਗੜੇ ਹੱਡੀ ਪਸਲੀ ਖਿਲਾਰ ਦਿਆਂਗੇ।''

''ਪਹਿਲਾਂ ਐਹਦਾ ਪਾਓ ਭੋਗ! ਸਾਲ਼ਾ ਸਰਕਾਰੀ ਸਾਹਣ ਮਾਂਗੂੰ ਵੀਹੀਆਂ 'ਚ ਗੇੜੇ ਦਿੰਦਾ ਰਹਿੰਦੈ।'' ਕਿਸੇ ਨੇ ਬਚਨੇ ਵੱਲ ਉਂਗਲ ਕੀਤੀ। ਬਚਨਾ ਤਰਹਿ ਗਿਆ।

''ਨਾ ਬਈ ਚੋਬਰੋ! ਕਲੇਸ਼ ਮਾੜਾ ਹੁੰਦੈ!'' ਨਾਹਰ ਸਿੰਘ ਨੇ ਪਾਣੀ ਛਿੜਕਿਆ। ਧੜਾ ਬਹੁਤ ਬੁਰੀ ਤੇ ਆਇਆ ਹੋਇਆ ਸੀ। ਬਚਨਾ ਕਰਮੋ ਨੂੰ ਧੱਕ ਕੇ ਘਰੇ ਲੈ ਗਿਆ। ਕਰਮੋ ਗਲੀਆਂ ਵਿੱਚ ਵੀ ਬਰੜਾਹਟ ਕਰਦੀ ਜਾ ਰਹੀ ਸੀ।

''ਸੂਲ ਹੋਣੇ ਚੂਹੜਿਆਂ ਦਾ ਪਤਾ ਨਹੀਂ ਕੀ ਢਿੱਡ ਦੁਖਦੈ - ਮੇਰੀ ਕਨਸੋਅ ਰੱਖਦੇ ਐ - ਜਿਵੇਂ ਮੈਂ ਇਹਨਾਂ ਦੀ ਬੇਬੇ ਲੱਗਦੀ ਹੁੰਨੀ ਐਂ!'' ਬਚਨਾ ਉਸ ਦੇ ਮੂੰਹ ਮੂਹਰੇ ਹੱਥ ਦੇ ਰਿਹਾ ਸੀ। ਪਰ ਉਹ ਚੁੱਪ ਕਰਨ ਦਾ ਨਾਂ ਨਹੀਂ ਲੈ ਰਹੀ ਸੀ।

ਅਗਲੇ ਦਿਨ ਬਿੱਲੂ ਨੂੰ ਠਾਣੇ ਪੇਸ਼ ਕਰ ਦਿੱਤਾ ਗਿਆ। ਕੁਝ ਸੁਆਲ ਪੁੱਛਣ ਤੋਂ ਬਾਅਦ ਠਾਣੇਦਾਰ ਨੇ ਬਿੱਲੂ ਦਾ ਰੱਸਾ ਲਾਹ ਦਿੱਤਾ। ਪੁੱਛ-ਗਿੱਛ ਵਿੱਚ ਕੋਈ ਬਹੁਤਾ ਤੰਤ ਨਹੀਂ ਸੀ। ਬਿੱਲੂ ਦੀ ਪੁੱਛਗਿੱਛ ਕਰਨੀ ਤਾਂ ਸਿਰਫ ਇਕ ਬਹਾਨਾ ਸੀ, ਜੋ ਠਾਣੇਦਾਰ ਨੇ ਪੂਰਾ ਕਰ ਲਿਆ ਸੀ। ਹੋਰ ਕਿਸੇ 'ਰਿਕਵਰੀ' ਦੀ ਜ਼ਰੂਰਤ ਹੀ ਨਹੀਂ ਸੀ।

ਕੁਝ ਦਿਨ ਲੰਘੇ।

ਮੌਸਮ ਬਦਲਦਾ ਰਿਹਾ।

ਮੌਸਮ ਦੇ ਨਾਲ ਹੀ ਲੋਕਾਂ ਦੀ ਚਰਚਾ ਬਦਲਦੀ ਰਹੀ।

ਤਕਰੀਬਨ ਰਾਤ ਦੇ ਇੱਕ ਵਜੇ ਦਾ ਟਾਈਮ ਸੀ। ਪਤਾ ਨਹੀਂ ਕੌਣ ਪੌੜੀ ਲਾ ਕੇ ਕਰਮੋ ਦੇ

ਘਰ ਅੰਦਰ ਉਤਰ ਗਿਆ। ਉਤਰਨ ਤੋਂ ਬਾਅਦ ਉਸਨੇ ਪੌੜੀ ਕੰਧ ਨਾਲੋਂ ਚੁੱਕ ਕੇ ਖੁਰਲੀ ਨਾਲ ਲੰਬੀ ਪਾ ਦਿੱਤੀ। ਫਿਰ ਉਸਨੇ ਬੜੀ ਹੌਲੀ ਅੰਦਰੋਂ ਦਰਵਾਜਾ ਖੋਲ੍ਹਿਆ, ਇਕ ਜਣਾਂ ਹੋਰ ਅੰਦਰ ਲੰਘ ਆਇਆ।

ਦੋਨੋਂ ਹੌਲੀ-ਹੌਲੀ ਵਰਾਂਡੇ ਕੋਲ ਪਹੁੰਚ ਗਏ।

ਵਰਾਂਡੇ ਦੇ ਇਕ ਕੋਨੇ ਵਿੱਚ ਕਰਮੋ ਅਤੇ ਬਚਨਾ ਇਕੋ ਮੰਜੇ ਤੇ ਘੂਕ ਸੁੱਤੇ ਹੋਏ ਸਨ। ਅੱਧੀ ਰਜਾਈ ਥੱਲੇ ਲਮਕ ਰਹੀ ਸੀ। ਮੰਜੇ ਕੋਲ ਦੋ ਖਾਲੀ ਬੋਤਲਾਂ ਪਈਆਂ ਸਨ, ਜਿਹਨਾਂ ਤੋਂ ਸਾਫ਼ ਜ਼ਾਹਿਰ ਹੁੰਦਾ ਸੀ ਕਿ ਉਹਨਾਂ ਦੋਨਾਂ ਨੇ ਰਲ਼ ਕੇ ਸ਼ਰਾਬ ਪੀਤੀ ਸੀ। ਕਿਉਂਕਿ ਇਕੱਲਾ ਬਚਨਾ ਤਾਂ ਦੋ ਬੋਤਲਾਂ ਪੀ ਹੀ ਨਹੀ ਸਕਦਾ ਸੀ ਅਤੇ ਪਿੰਡ ਵਿੱਚੋਂ ਵੀ ਇਸ ਘਰੇ ਕੋਈ ਆਉਂਦਾ ਹੀ ਨਹੀਂ ਸੀ।

ਘੁਰਾੜੇ ਵੱਜ ਰਹੇ ਸਨ।

ਇਕ ਜਾਣੇ ਨੇ ਆਪਣੇ ਦੋਹਾਂ ਹੱਥਾਂ ਵਿੱਚ ਕਿਰਪਾਨ ਜਚਾ ਕੇ ਫੜ੍ਹ ਲਈ। ਹੇਠਲਾ ਬੁੱਲ੍ਹ ਦੰਦਾਂ ਵਿੱਚ ਘੁੱਟਿਆ। ਸਾਰਾ ਸਾਹਸ ਇਕੱਤਰ ਕੀਤਾ। ਇਕ ਲੰਮਾ ਸਾਹ ਖਿੱਚਿਆ ਅਤੇ ਸਾਰੇ ਜੋਰ ਨਾਲ ਵਾਰ ਕਰ ਦਿੱਤਾ! ਦੋਵੇਂ ਸਿਰ ਖਰਬੂਜਿਆਂ ਵਾਂਗ ਬੁੜ੍ਹਕ ਕੇ ਪਰ੍ਹਾਂ ਜਾ ਡਿੱਗੇ। ਧੜਾਂ ਦੋ-ਦੋ ਫੁੱਟ ਉੱਚੀਆਂ ਬੁੜ੍ਹਕਣ ਲੱਗ ਪਈਆਂ। ਲਹੂ ਦੇ ਘਰਾਲ਼ ਚੱਲ ਗਏ। ਮਿੱਟੀ ਦੀ ਲਾਲ ਘਾਣੀ ਬਣ ਗਈ ਸੀ।

ਰਾਤ ਡਰ ਗਈ!

ਚਾਰੇ ਪਾਸੇ ਭਿਆਨਕ ਚੁੱਪ ਦਾ ਪਸਾਰਾ ਸੀ। ਸਾਰਾ ਘਰ ਸ਼ਮਸ਼ਾਨ ਘਾਟ ਵਾਂਗ ਸੁੰਨਾਂ ਸੀ। ਰਾਤ ਦਾ ਹਨ੍ਹੇਰਾ ਡਰ ਕੇ ਕਿਸੇ ਪਾਸੇ ਨੂੰ ਭੱਜਿਆ ਜਾ ਰਿਹਾ ਸੀ। ਰੌੜਾਂ ਵੱਲੋਂ ਅਜੀਬ ਆਵਾਜ਼ਾਂ ਆ ਰਹੀਆਂ ਸਨ।

ਗਲ਼ੀ ਵਾਲਾ ਦਰਵਾਜ਼ਾ ਪਹਿਲਾਂ ਦੀ ਤਰ੍ਹਾਂ ਬੰਦ ਕਰ ਦਿੱਤਾ ਗਿਆ। ਪੌੜੀ ਕੰਧ ਨਾਲ

ਲਾਈ ਅਤੇ ਦੋਨੋਂ ਗਲੀ ਵਿੱਚ ਬੋਚ ਕੇ ਉਤਰ ਗਏ। ਕਿਰਪਾਨ ਦੀ ਨੋਕ ਨਾਲ ਪੌੜੀ ਪਿਛੇ ਧੱਕ ਦਿੱਤੀ। ਜੋ 'ਫੜਾਕ' ਕਰਦੀ ਖੁਰਲੀ ਨਾਲ ਹੀ ਵਿਛ ਗਈ। ਖੜਾਕ ਕਾਲੀ ਬੋਲੀ ਰਾਤ ਵਿੱਚ ਬੜੀ ਫੁਰਤੀ ਨਾਲ ਉੱਡ ਗਿਆ।

ਹਵਾ ਸ਼ੂਕਣ ਲੱਗ ਪਈ। ਆਕਾਸ਼ ਵਿੱਚ ਬੋਲ਼ੇ ਬੱਦਲ਼ ਚੜ੍ਹ ਆਏ ਸਨ। ਬਨੇਰਿਆਂ ਤੇ ਬਿੱਲੀਆਂ ਨੇ ਵੈਣ ਪਾਉਣੇ ਸ਼ੁਰੂ ਕਰ ਦਿੱਤੇ। ਰੋਹੀ ਵਿੱਚ ਕੁੱਤੇ ਬੂਕ੍ਹ ਰਹੇ ਸਨ। ਗਲੀਆਂ ਦੇ ਘੁੰਡ ਮੁੜ ਗਏ ਲੱਗਦੇ ਸਨ।

ਅਗਲੇ ਦਿਨ ਦੁਪਹਿਰੋਂ ਬਾਅਦ ਜਾ ਕੇ ਕਿਤੇ ਲੋਕਾਂ ਨੂੰ ਪਤਾ ਚੱਲਿਆ ਕਿ ਕਰਮੋ ਅਤੇ ਬਚਨੇ ਦਾ ਕਤਲ ਹੋ ਗਿਆ ਸੀ। ਖਬਰ ਨੇ ਪਿੰਡ ਦੀ ਰੱਤ ਚੂਸ ਲਈ। ਸੱਤਿਆ ਸੂਤ ਲਈ। ਸਾਰੇ ਪਿੰਡ ਵਿੱਚ ਹੀ ਬਚਨੇ ਅਤੇ ਕਰਮੋ ਦੀ ਮੌਤ ਵਾਂਗ ਹੀ ਸੰਨਾਟਾ ਛਾ ਗਿਆ ਸੀ।

ਠਾਣੇ ਖਬਰ ਕੀਤੀ ਗਈ।

ਜੀਪ ਲੈ ਕੇ ਪੁਲਸ ਤੁਰੰਤ ਪੁੱਜੀ।

ਪੁਲੀਸ ਨੇ ਮੌਕਾ ਦੇਖਿਆ, ਲਾਸ਼ਾਂ ਕਬਜ਼ੇ ਵਿੱਚ ਲੈ ਲਈਆਂ। ਠਾਣੇਦਾਰ ਨੇ ਕਰਮੋ ਅਤੇ ਬਚਨੇ ਦੀਆਂ ਲਾਸ਼ਾਂ ਫੱਟ ਪਹਿਚਾਣ ਲਈਆਂ, ਕਿਉਂਕਿ ਠਾਣੇਦਾਰ ਨੇ ਕਰਮੋ ਅਤੇ ਬਚਨੇ ਨੂੰ ਕੁਝ ਦਿਨ ਪਹਿਲਾਂ ਹੀ ਤਾਂ ਦੇਖਿਆ ਸੀ। ਕਤਲ ਦੋ ਨਹੀਂ ਤਿੰਨ ਗਿਣੇ ਜਾਂਦੇ ਸਨ। ਕਿਉਂਕਿ ਕਰਮੋ ਗਰਭਵਤੀ ਸੀ।

ਕੇਸ ਬਹੁਤ ਉਲਝ ਗਿਆ ਸੀ। ਕਾਤਲਾਂ ਦਾ ਸਿਰ ਨਾ ਪੈਰ! ਨਾ ਹੀ ਕੋਈ ਕੁਝ ਬੋਲਦਾ ਸੀ। ਜਿਵੇਂ ਸਾਰਾ ਪਿੰਡ ਗੂੰਗਾ-ਬੋਲ਼ਾ ਸੀ। ਰਾਤ ਦਾ ਵਾਕਾ ਸੀ। ਕੋਈ ਗਵਾਹ, ਨਾ ਖੋਜ ਖੁਰਾ! ਨਾ ਹੀ ਕੋਈ ਹਥਿਆਰ ਬਰਾਮਦ ਹੋਇਆ ਸੀ। ਧੂੜ 'ਚ ਟੱਟੂ ਰਲ਼ ਗਿਆ ਸੀ। ਸਾਰਾ ਪਿੰਡ ਚੁੱਪ ਸੀ। ਜਿਵੇਂ ਪਿੰਡ ਉਜੜ ਗਿਆ ਸੀ। ਜਿਵੇਂ ਪਿੰਡ ਵਿੱਚ ਕੋਈ 'ਦਿਓ' ਪੈਣ ਲੱਗ ਪਿਆ ਸੀ। ਸਾਰੇ ਪਾਸੇ ਹੀ ਸਹਿਮ ਸੀ।

ਪ੍ਰੀਤਮ ਸਿੰਘ ਅਤੇ ਜਿੰਦਰ ਸਿੰਘ ਜੇਲ੍ਹ ਵਿੱਚ ਹੀ ਸਨ। ਉਹਨਾਂ ਨੇ 'ਪੈਰੋਲ' ਲਈ ਅਰਜ਼ੀ ਦਿੱਤੀ ਜੋ ਰੱਦ ਹੋ ਗਈ। ਗੌਰਮਿੰਟ ਅੱਗੇ ਕੀ ਜੋਰ ਸੀ? ਉਹ ਹਰਾਸ ਜਿਹੇ ਮਾਰ ਕੇ ਬੈਠ ਗਏ। ਉਹ ਹੈਰਾਨ ਸਨ ਕਿ ਕੋਈ ਉਹਨਾਂ ਦੀ ਮੁਲਾਕਾਤ ਕਰਨ ਵੀ ਨਹੀ ਆਇਆ ਸੀ। ਬਚਨਾ ਵੀ ਨਹੀਂ ਬਹੁੜਿਆ ਸੀ। ਭੀੜ ਪਈ ਤੋਂ ਹਰ ਕੋਈ ਪੱਲਾ ਛੱਡ ਜਾਂਦਾ ਹੈ। ਪ੍ਰੀਤਮ ਸਿੰਘ ਸੋਚਦਾ ਰਹਿੰਦਾ। ਉਹ ਲਾਚਾਰ ਜਿਹੇ ਹੋਏ ਕਿਸੇ ਮੁਲਾਕਾਤੀ ਦੀ ਉਡੀਕ ਕਰਦੇ ਰਹਿੰਦੇ। ਪਰ ਬੇਅਰਥ!

ਇਕ ਦਿਨ ਮੀਤੀ ਮੁਲਾਕਾਤ ਨੂੰ ਆਈ।

ਮੀਤੀ ਨੂੰ ਦੇਖ ਕੇ ਪ੍ਰੀਤਮ ਸਿੰਘ ਖਿੜ ਗਿਆ। ਚਾਹੇ ਉਹ ਮੀਤੀ ਕਰਕੇ ਹੀ ਜੇਲ੍ਹ ਵਿੱਚ ਬੈਠਾ ਸੀ। ਪਰ ਫਿਰ ਵੀ ਧੀ ਨੂੰ ਤੱਕ ਕੇ ਉਹ ਟਹਿਕ ਉੱਠਿਆ ਸੀ।

‘‘ਤਕੜੀ ਐਂ ਕੁੜ੍ਹੇ...?’’ ਪ੍ਰੀਤਮ ਸਿੰਘ ਨੇ ਸੀਖਾਂ ਵਿੱਚੋਂ ਦੀ ਮੀਤੀ ਦੇ ਸਿਰ ਤੇ ਹੱਥ ਫੇਰਿਆ। ਪਿਆਰ ਦਿੱਤਾ। ਪਰ ਮੀਤੀ ਚੁੱਪ ਸੀ। ਜਿਵੇਂ ਉਸਨੂੰ ਪ੍ਰੀਤਮ ਸਿੰਘ ਦੇ ਪਿਆਰ ਦੀ ਲੋੜ ਹੀ ਨਹੀਂ ਸੀ।

‘‘ਕੀ ਹਾਲ ਐ ਤੇਰੀ ਮਾਂ ਦਾ...?’’

"ਮਰ ਗਈ ਉਹੋ...!"

‘‘ਕੀ ਕਹਿੰਨੀ ਐਂ, ਕਮਲ਼ੀਏ...?’’ ਉਸ ਨੂੰ ਸੱਚ ਹੀ ਨਹੀਂ ਆਇਆ ਸੀ।

‘‘ਹਾਂ, ਮੈਂ ਸੱਚ ਕਹਿੰਨੀ ਆਂ ਬਾਪੂ!’’ ਉਸ ਦੇ ਬੋਲਾਂ ਵਿੱਚ ਦ੍ਰਿੜਤਾ ਸੀ।

‘‘ਹੈਂ......!’’ ਪ੍ਰੀਤਮ ਸਿੰਘ ਦੀਆਂ ਅੱਖਾਂ ਅੱਗੇ ਹਨ੍ਹੇਰ ਛਾ ਗਿਆ। ਉਸਨੂੰ ਭੰਬੂਤਾਰੇ ਨਜ਼ਰ ਆ ਰਹੇ ਸਨ। ਉਹ ਮੀਤੀ ਦੇ ਚਿਹਰੇ ਤੋਂ ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਜੋ ਕੁਝ ਉਹ ਆਖ ਰਹੀ ਸੀ, ਉਸ ਵਿੱਚ ਕਿੰਨ੍ਹਾਂ ਕੁ ਸੱਚ ਸੀ?

‘‘ਹਾਂ ਬਾਪੂ - ਮੈਂ ਈ ਉਸਨੂੰ ਕਤਲ ਕਰ ਦਿੱਤਾ।’’

‘‘ਕਿਉਂ? ਕਾਹਤੋਂ? ਕਮਲ਼ੀਏ ਕੀ ਭੌਂਕੀ ਜਾਨੀ ਐਂ...?’’ ਉਸਦੀ ਹਾਲਤ ਪਤਲੀ ਪੈ

ਗਈ। ਉਹ ਬੌਰਾ ਜਿਹਾ ਹੋ ਗਿਆ ਸੀ।

ਮੀਤੀ ਨੇ ਸਾਰੀ ਕਹਾਣੀ ਖੋਲ੍ਹ ਕੇ ਸੁਣਾਈ। ਮਾਂ ਦੀਆਂ ਪਰਤਾਂ ਫੋਲ਼ ਸੁੱਟੀਆਂ। ਫਿਰ ਸੱਚਾਈ ਦੱਸਣ ਵਿੱਚ ਸ਼ਰਮ ਵੀ ਕਾਹਦੀ ਸੀ? ਸੱਚਾਈ ਸੁਣਦਾ ਪ੍ਰੀਤਮ ਸਿੰਘ ਧਰਤੀ ਵਿੱਚ ਨਿੱਘਰ ਗਿਆ। ਉਸਦਾ ਵਜੂਦ ਤਪ ਉੱਠਿਆ। ਅੱਖਾਂ 'ਚੋਂ ਅੱਗ ਵਰ੍ਹੀ। ਠਠੰਬਰੇ ਸਰੀਰ 'ਚੋਂ ਚੰਗਿਆੜੇ ਛੁੱਟੇ। ਸ਼ਾਂਤ ਵਾਤਾਵਰਨ ਵਿੱਚ ਜਿਵੇਂ ਕੋਈ ਭੂਚਾਲ ਆ ਗਿਆ ਸੀ। ਜਿਵੇਂ ਉਹ ਖੜ੍ਹੇ ਦਾ ਖੜ੍ਹਾ ਪਾਟ ਗਿਆ ਸੀ।

''ਪੁੱਤ, ਤੂੰ ਇਹ ਕਿਉਂ ਕੀਤਾ...?'' ਉਸਨੇ ਸੀਖਾਂ ਵਿੱਚ ਸਿਰ ਮਾਰਿਆ।

''ਇਹ ਮੈਨੂੰ ਕਰਨਾ ਚਾਹੀਦਾ ਵੀ ਸੀ।''

''ਹੇ ਮੇਰਿਆ ਮਾਲਕਾ...!''

''ਇਕ ਗੱਲ ਹੋਰ ਸੁਣੋ...!''

''ਦੱਸ ਪੁੱਤ...?'' ਉਹ ਘੁੱਟਾਂ-ਬਾਟੀ ਝਾਕਿਆ।

''ਜਿਸ ਦਿਨ ਤੁਸੀਂ ਬਾਹਰ ਆਏ - ਛੱਡਦੀ ਥੋਨੂੰ ਵੀ ਨਹੀਂ।'' ਪਤਾ ਨਹੀਂ ਮੀਤੀ ਕੀ ਅਤੇ ਕਿਵੇਂ ਕਹਿ ਗਈ ਸੀ?

''ਹਾਏ ਉਏ ਡਾਢਿਆ ਰੱਬਾ! ਕਿਹੜੇ ਬਦਲੇ ਲੈਨੈ ਉਏ ਸਾਥੋਂ......?'' ਪ੍ਰੀਤਮ ਸਿੰਘ ਨੇ ਧਾਹ ਮਾਰੀ।

ਉਹ ਉੱਠ ਕੇ ਤੁਰ ਗਈ।

''ਮੀਤਿਆ...! ਗੱਲ ਸੁਣ ਪੁੱਤ...!'' ਪ੍ਰੀਤਮ ਸਿੰਘ ਨੇ ਲੇਰ ਮਾਰਦਿਆਂ ਕਿਹਾ। ਉਸਦੀਆਂ ਅੱਖਾਂ ਵਿੱਚੋਂ ਬੇਵੱਸ ਹੰਝੂ ਵਹਿ ਤੁਰੇ।

ਪਰ ਮੀਤੀ ਗਾਇਬ ਸੀ! ਅਲੋਪ ਸੀ!

ਸ਼ਾਮ ਸਮੇਂ ਪ੍ਰੀਤਮ ਸਿੰਘ ਨੇ ਸਾਰੀ ਕਹਾਣੀ ਜਿੰਦਰ ਨੂੰ ਦੱਸੀ। ਜਿੰਦਰ ਨੇ ਸਾਰੀ ਕਹਾਣੀ

ਬੜੇ ਆਰਾਮ ਨਾਲ ਸੁਣੀ ਸੀ। ਉਸਦਾ ਖੰਘਰ ਚਿਹਰਾ ਗੰਭੀਰ ਸੀ। ਅੱਖਾਂ ਲਾਲ ਸੁਰਖ਼ ਸਨ।

''ਬਾਈ, ਕੀਤਾ ਕੀ ਸੀ? ਹੋ ਕੀ ਗਿਆ? ਬੜੇ ਰੰਗੀਂ ਵਸਦੇ ਸੀ - ਚਿੜੀ ਚੂਕਦੀ ਨਹੀਂ ਸੁਣਦੀ ਸੀ।'' ਰਾਤ ਮੌਕੇ ਜਿੰਦਰ ਨੇ ਪ੍ਰੀਤਮ ਸਿੰਘ ਨੂੰ ਕਿਹਾ। ਉਸਦੇ ਬੋਲਾਂ ਵਿੱਚ ਤਾਜ਼ਾ ਪਛਤਾਵਾ ਤਰ ਰਿਹਾ ਸੀ। ਅੱਜ ਜਾ ਕੇ ਅੱਖਾਂ ਖੁੱਲ੍ਹੀਆਂ ਸਨ। ਪਿਛਾਂਹ-ਖਿੱਚੂ ਖਿਆਲਾਂ ਦਾ ਜਾਲ਼ਾ ਅੱਖਾਂ ਤੋਂ ਪਾਸੇ ਹਟਿਆ ਸੀ। ਪਛਤਾਵਾ ਦਿਲ ਖੁਰਚ ਰਿਹਾ ਸੀ ਕਿ ਉਹਨਾਂ ਤੋਂ ਕੀ ਹੋ ਗਿਆ ਸੀ? ਦਿਮਾਗ ਟਿਕਾਣੇ ਆਇਆ ਸੀ। ਚੁੰਧਿਆਈ ਦਾ ਪਰਦਾ ਉਠਿਆ ਸੀ। ਕਿਉਂ ਨਾ ਚੰਗੇ ਰਹਿੰਦੇ ਕਿ ਉਹ ਸੱਟਾਂ ਮਾਰਨ ਦੀ ਥਾਂ ਮੀਤੀ ਅਤੇ ਬਿੱਲੂ ਦੀ ਸ਼ਾਦੀ ਕਰ ਦਿੰਦੇ? ਨਾ ਬਿੱਲੂ ਫ਼ੱਟੜ ਹੁੰਦਾ ਅਤੇ ਨਾ ਪ੍ਰੀਤਮ ਅਤੇ ਜਿੰਦਰ ਨੂੰ ਸਜ਼ਾ ਹੁੰਦੀ। ਨਾ ਬਚਨਾ, ਕਰਮੋ ਨੂੰ ਇਕੱਲੀ ਸਮਝ ਕੇ ਚਾਦਰ ਪਾਉਂਦਾ, ਨਾ ਹੀ ਮੀਤੀ ਕੁਰਾਹੇ ਪੈ ਕੇ ਕਰਮੋ ਅਤੇ ਬਚਨੇ ਦਾ ਕਤਲ ਕਰਦੀ! ਨਾ ਲੋਕਾਂ ਦੀ ਦੰਦ ਕਥਾ ਹੁੰਦੀ ਅਤੇ ਨਾ ਹੀ ਮੀਤੀ ਘਰੋਂ ਬੇਘਰ! ਜਿਹੜੀ ਇੱਜ਼ਤ ਦੇ ਬਚਾਓ ਲਈ ਉਹਨਾਂ ਨੇ ਬਿੱਲੂ ਵੱਢਿਆ ਸੀ, ਉਹ ਹੀ ਇੱਜ਼ਤ ਕੱਖ-ਕਾਨੇ ਬਣ ਕੇ ਗਲੀਏਂ ਰੁਲ਼ਦੀ ਫਿਰਦੀ ਸੀ!!! ਸਿਰਫ ਮਾੜੀ ਜਿਹੀ ਹਿੰਡ ਕਾਰਣ, ਹੈਂਕੜ ਕਾਰਣ, ਕਰੋਧ ਕਾਰਣ ਉਹਨਾਂ ਦਾ ਘਰ ਸੜ ਕੇ ਸੁਆਹ ਹੋ ਗਿਆ ਸੀ। ਪਰ ਹੁਣ ਤਾਂ ਸਾਰਾ ਖੇਤ ਹੀ ਚੁਗਿਆ ਜਾ ਚੁੱਕਿਆ ਸੀ। ਚਿੜੀਆਂ ਨੂੰ ਗਾਹਲਾਂ ਦੇਣ ਦਾ ਕੀ ਲਾਭ ਸੀ? ਪਛਤਾਵਾ ਕਰਨ ਦਾ ਕੀ ਫਾਇਦਾ ਸੀ? ਗਏ ਵਕਤ ਦੇ ਕਿਸੇ ਨੇ ਖੰਭ ਨਹੀਂ ਫੜ੍ਹੇ ਸਨ ਅਤੇ ਤੁਰ ਗਇਆਂ ਨੂੰ ਕੋਈ ਮੋੜ ਕੇ ਨਹੀਂ ਲਿਆ ਸਕਿਆ ਸੀ।

''ਕੀ ਕਰ ਸਕਦੇ ਆਂ ਜਿੰਦਰਾ...?'' ਪ੍ਰੀਤਮ ਸਿੰਘ ਗੁਲਾਮ ਪੰਛੀ ਵਾਂਗ ਪਿੰਜਰੇ ਅੰਦਰ ਬੰਦ ਸੀ। ਸਲਾਖਾਂ ਪਿੱਛੇ ਸੀ। ਅੱਜ ਉਸਨੂੰ ਸਜ਼ਾ ਹੋਈ ਦਾ ਅਹਿਸਾਸ ਹੋਇਆ ਸੀ।

''ਕਿਵੇਂ ਸੁਸਤ ਜਿਹੇ ਬੈਠੇ ਓਂ, ਧਾਲੀਆਲੋ...?'' ਮਾਣਸਾ ਵਾਲੇ ਮੱਲ ਨੇ ਆ ਕੇ ਪੁੱਛਿਆ। ਉਹ ਕਤਲ ਕੇਸ ਵਿੱਚ ਵੀਹ ਸਾਲਾਂ ਦੀ ਕੈਦ ਕੱਟ ਰਿਹਾ ਸੀ। ਜੱਟ ਦੇ ਚਿਹਰੇ ਦਾ ਜਲਾਲ ਝੱਲਿਆ ਨਹੀਂ ਜਾਂਦਾ ਸੀ। ਕੈਦ ਦੀ ਕੋਈ ਪ੍ਰਵਾਹ ਨਹੀਂ ਸੀ।

''ਕੀਤੀ 'ਤੇ ਕੀ ਪਛਤਾਉਣੈ? ਅੱਗੇ ਨੂੰ ਸੰਭਲੀਏ – ਨਾਲੇ ਕੈਦ ਦੀਆਂ ਰੋਟੀਆਂ ਤਾਂ ਜੱਟਾਂ ਨੂੰ ਦੇਸੀ ਘਿਉ ਮਾਂਗੂੰ ਲੱਗਦੀਐਂ – ਪਿੰਡਾਂ 'ਚ ਪੈਂਠ ਵਾਧੂ ਦੀ ਬਣਦੀ ਐ – ਮਾੜਾ ਮੋਟਾ ਤਾਂ ਮੂਹਰੇ ਨ੍ਹੀਂ ਖੰਘਦਾ – ਦੁਨੀਆਂ ਬੱਲੇ–ਬੱਲੇ ਬਾਧੂ ਦੀ ਕਰਦੀ ਐ।'' ਮਾਣਸਾ ਵਾਲਾ ਮੱਲ ਆਮ ਆਖਦਾ ਹੁੰਦਾ। ਉਹ ਜੇਲ੍ਹ ਵਿੱਚ ਨੰਬਰਦਾਰ ਬਣਾਇਆ ਹੋਇਆ ਸੀ। ਮਾੜੀ ਮੋਟੀ ਕੈਦ ਉਹ ਪਹਿਲਾਂ ਵੀ ਕਈ ਵਾਰ ਕੱਟ ਚੁੱਕਿਆ ਸੀ।

''ਮੱਲਾ...! ਇਕ ਕੰਮ ਹਰ ਸਕਦੈਂ...?'' ਪ੍ਰੀਤਮ ਨੇ ਉਸਨੂੰ ਹੋਰ ਨਜ਼ਦੀਕ ਕਰ ਲਿਆ।

''ਆਪਣੇ ਕਰਨ ਜੋਗਾ ਹੋਇਆ ਤਾਂ ਜਰੂਰ ਕਰੂੰ।''

''ਇਕ ਸ਼ੀਸ਼ੀ ਦਾ ਪ੍ਰਬੰਧ ਕਰਕੇ ਦੇਹ।''

''ਕਰ ਤਾਂ ਦਿਊਂ – ਪਰ ਪੀ ਕੇ ਖਰੂਦ ਨਾ ਕਰਨ ਲੱਗ ਪਇਓ – ਮੇਰੀ ਨੰਬਰਦਾਰੀ ਵੀ ਜਾਊ।''

''ਪਟੜੀਫੇਰ ਭਾਈ ਐਂ 'ਤਬਾਰ ਕਰ – ਤੇਰੀ ਨੰਬਰਦਾਰੀ ਗਈ – ਤਾਂ ਸਮਝ ਲੈ ਸਾਡਾ ਰਾਜ ਖੁੱਸ ਗਿਆ – ਤਿਲ਼ ਜਿੰਨੀ ਚੂਕ ਨਿਕਲਗੀ ਤਾਂ ਜੁੱਤੀ ਲਾਹ ਲੀਂ।'' ਦਲੀਲਾਂ ਵਿੱਚ ਪ੍ਰੀਤਮ ਸਿੰਘ ਨੇ ਮੱਲ ਨੂੰ ਨਹਿਬ ਲਿਆ।

''ਲਿਆਓ ਫੜਾਓ ਨਾਂਅਵਾਂ ਤੇ ਦਸ ਹੌਲਦਾਰ ਦੇ।''

ਪ੍ਰੀਤਮ ਸਿੰਘ ਨੇ ਪੈਸੇ ਕੱਢ ਕੇ ਫੜਾ ਦਿੱਤੇ।

ਮੱਲ ਨੇ ਬੋਤਲ ਲਿਆ ਦਿੱਤੀ।

''ਆ ਜਾ – ਲੈ ਲਾ ਤੁਪਕਾ।'' ਪ੍ਰੀਤਮ ਸਿੰਘ ਨੇ ਮੱਲ ਨੂੰ ਸੁਲਾਹ ਮਾਰੀ।

''ਇਹਦੇ ਨਾਲ਼ ਤਾਂ ਥੋਡਾ ਈ ਸਰੂ – ਮੇਰਾ ਪ੍ਰਬੰਧ ਕੀਤਾ ਵਿਐ।''

''ਖਾਲੀ ਬੋਤਲ ਕਿੱਥੇ ਰੱਖਾਂਗੇ...?'' ਜਿੰਦਰ ਨੇ ਅਗਲੀ ਔਕੜ ਦਾ ਹੱਲ ਪੁੱਛਿਆ।

''ਕਿਸੇ ਖੂੰਜੇ ਰੱਖ ਲਇਓ – ਤੜਕਿਓਂ ਡੱਬ 'ਚ ਦੇ ਕੇ ਕਿਤੇ ਬਿਲੇ ਲਾ ਦਿਆਂਗੇ।'' ਮੱਲ ਨੇ ਮੁਸ਼ਕਿਲ ਹੱਲ ਕਰ ਦਿੱਤੀ ਅਤੇ ਚਲਾ ਗਿਆ।

ਸੈੱਲ ਅੰਦਰ ਬੈਠੇ ਪ੍ਰੀਤਮ ਅਤੇ ਜਿੰਦਰ ਪਰਦੇ ਨਾਲ ਪੀਣ ਲੱਗ ਪਏ। ਖੂੰਜੇ ਪਏ ਘੜੇ 'ਚੋਂ ਪਾਣੀ ਵਰਤਿਆ ਜਾ ਰਿਹਾ ਸੀ।

ਅੱਧੀ ਬੋਤਲ ਉਹਨਾਂ ਨੇ ਬੜੀ ਤੇਜੀ ਨਾਲ ਨਬੇੜ ਦਿੱਤੀ। ਪ੍ਰੀਤਮ ਸੋਚੀਂ ਪਿਆ ਹੋਇਆ ਸੀ।

''ਬਾਈ, ਘਰ ਤਾਂ ਆਪਣਾ ਗਿਆ, ਉੱਜੜ – ਪਰ ਜੇ ਕੁੱਤੇ ਜੱਟ ਨੂੰ ਨਾ ਮਾਰਿਆ ਤਾਂ ਆਪਣਾ ਜਿਉਣਾਂ ਧਿਰਗ ਐ।'' ਜਿੰਦਰ ਨੇ ਆਖਿਆ।

''ਥੋੜ੍ਹਾ ਜਿਹਾ ਹੌਲ਼ੀ ਬੋਲ – ਜੇ ਕਿਸੇ ਨੂੰ ਪਤਾ ਲੱਗ ਗਿਆ – ਤਾਂ ਆਪਣੇ ਨਾਲ ਮੱਲ ਵੀ ਰਗੜਿਆ ਜਾਊ – ਸੁਪਡੈਂਟ ਦਾ ਤੈਨੂੰ ਪਤਾ ਈ ਐ।''

''ਮੇਰੀ ਗੱਲ ਸਹੀ ਐ ਕਿ ਨਹੀਂ?'' ਜਿੰਦਰ ਨੇ ਆਪਣੀ ਗੱਲ ਵੱਲ ਧਿਆਨ ਦੁਆਇਆ।

''ਗੱਲ ਤਾਂ ਤੇਰੀ ਠੀਕ ਐ।''

''ਬਾਹਲਾ ਹੋਊ, ਜੇਲ੍ਹ ਹੀ ਹੋਊ? ਫ਼ਾਹੇ ਤਾਂ ਆਪਾਂ ਨੂੰ ਲਾਉਂਣੋਂ ਰਹੇ?''

''ਜੇਲ੍ਹ ਦਾ ਮਾਹੌਲ ਆਪਾਂ ਦੇਖ ਈ ਲਿਐ – ਚਾਰ ਰੋਟੀਆਂ ਈ ਖਾਣੀਐਂ? ਅੰਦਰ ਕੀ ਬਾਹਰ ਕੀ?''

''ਪਹਿਲਾਂ ਬਾਹਰ ਨਿੱਕਲ ਕੇ ਜਿਹੜੀ ਜ਼ਮੀਨ ਐਂ – ਉਹ ਬੈਅ ਕਰਾਂਗੇ ਤੇ ਪੈਸਾ ਧੇਲਾ ਕਰਾਂਗੇ ਹੱਥ'ਚ – ਥੋੜ੍ਹਾ ਬਹੁਤਾ ਪਹਿਲਾਂ ਈ ਕਿਸੇ ਵਕੀਲ ਨੂੰ ਝੋਕ ਦਿਆਂਗੇ – ਜੇ ਬਰੀ ਹੋ ਗਏ ਵਾਹ ਭਲੀ, ਜੇ ਕੈਦ ਹੋ ਗਈ ਅੰਦਰ ਖਰਚ ਪੱਠਾ, ਦਾਰੂ ਦੱਪਾ ਤਾਂ ਚੱਲੀ ਜਾਊ।''

''ਬੰਨ੍ਹ ਤਾਂ ਪੁਲਸ ਨੂੰ ਵੀ ਪਹਿਲਾਂ ਲਵਾਂਗੇ – ਪਰ ਪੁਲਸ ਦਾ 'ਤਬਾਰ ਕੋਈ ਨੀਂ – ਅੱਗੇ

ਦੇਖ ਈ ਲਿਐ? ਗੋਲੀ ਪੈਣੇ ਤਰੱਕੀ ਦੇ ਲਾਲਚ ਨੂੰ ਪੈਸੇ ਖਾ ਕੇ ਬੰਦਾ ਨਰੜਾ ਦਿੰਦੇ ਐ।''

''ਨਾਲ਼ੇ ਦੋਹਾਂ ਪਾਸਿਆਂ ਤੋਂ ਸੱਚੇ ਰਹਿੰਦੇ ਐ ਸਾਲੇ।''

''ਚੱਲ ਪਾ ਫੇਰ - ਨਬੇੜੀਏ ਕੰਮ।''

ਜਿੰਦਰ ਨੇ ਰਹਿੰਦੀ ਦਾਰੂ ਬਾਟੀਆਂ ਵਿੱਚ ਪਾ ਲਈ ਅਤੇ ਬੋਤਲ ਖਾਲੀ ਕਰਕੇ ਇਕ ਖੂੰਜੇ ਰੱਖ ਦਿੱਤੀ।

''ਬੰਦੇ ਦੀ ਜ਼ਿੰਦਗੀ ਸਾਲੀ ਛੋਟੀ ਜ੍ਹੀ ਐ - ਪਰ ਪਾਪੜ ਦੇਖਲੈ ਕੀ-ਕੀ ਵੇਲਦੈ।'' ਜਿੰਦਰ ਨੂੰ ਪਤਾ ਨਹੀਂ ਕੀ ਸੁੱਝਿਆ? ਉਸ ਨੇ ਪ੍ਰੀਤਮ ਸਿੰਘ ਨੂੰ ਸੰਬੋਧਨ ਹੁੰਦਿਆਂ ਕਿਹਾ।

''ਲੈਣ ਦੇਣ ਦੇ ਸਰਬੰਧ ਐ ਸਾਰੇ - ਜਿਉਂਦੇ ਜੀਆਂ ਨੂੰ ਬਥੇਰਾ ਕੁਛ ਕਰਨਾ ਪੈਂਦੈ।''

ਦਾਰੂ ਦੇ ਨਸ਼ੇ ਨਾਲ ਉਹ ਬਾਹਵਾ ਰੰਗਾਂ ਵਿੱਚ ਹੋਏ ਹੌਲੀ-ਹੌਲੀ ਗੱਲਾਂ ਕਰੀ ਜਾ ਰਹੇ ਸਨ।

ਕੈਦੀ ਭਾਂਡੇ ਚੁੱਕੀ ਰੋਟੀ ਖਾਣ ਜਾ ਰਹੇ ਸਨ। ਪਰ ਪ੍ਰੀਤਮ ਅਤੇ ਜਿੰਦਰ ਅੰਦਰ ਹੀ ਬੈਠੇ ਸਨ।

''ਧਾਲੀਆਲੋ...! ਪ੍ਰਛਾਦੇ ਛਕਣ ਨਹੀਂ ਜਾਣਾਂ ਅੱਜ...?'' ਜੱਗਰ ਨੇ ਪੁੱਛਿਆ। ਉਹ ਅਫ਼ੀਮ ਦੀ ਬਲੈਕ ਵਿੱਚ ਸਜ਼ਾ ਕੱਟ ਰਿਹਾ ਸੀ।

''ਨਹੀਂ - ਅੱਜ ਭੁੱਖ ਜੀ ਨੀ - ਜੀਅ ਕੱਚਾ ਜਿਆ ਹੋਈ ਜਾਂਦੈ।''

''ਦੋਨਾਂ ਦਾ ਈ...?'' ਜੰਗੀਰ ਡਰਾਈਵਰ ਬੋਲਿਆ। ਉਹ ਟਰੱਕ ਦੀ ਚੋਰੀ ਵਿੱਚ ਜੇਲ੍ਹ ਹੋ ਗਿਆ ਸੀ। ਮਾਲਕਾਂ ਦਾ ਟਰੱਕ ਲੈ ਕੇ ਉਹ ਸਿੱਲੀਗੁੜੀ ਜਾ ਵੱਜਿਆ। ਮਾਲਕਾਂ ਦੇ ਕਈ ਟਰੱਕ ਚਲਦੇ ਸਨ। ਉਹਨਾਂ ਨੇ ਬਾਕੀ ਗੱਡੀਆਂ ਲੈ ਕੇ ਜੰਗੀਰ ਦੀ ਭਾਲ ਸ਼ੁਰੂ ਕਰ ਦਿੱਤੀ। ਅਖੀਰ ਸਿੱਲੀਗੁੜੀ ਟਰੱਕ ਦਾ ਸੌਦਾ ਕਰਦਾ ਜੰਗੀਰ ਫੜ੍ਹਿਆ ਗਿਆ ਅਤੇ ਪੁਲੀਸ ਹਵਾਲੇ ਕਰ ਦਿੱਤਾ। ਜੰਗੀਰ ਨੂੰ ਸਜਾ ਹੋ ਗਈ। ਹੱਸਮੁੱਖ ਸੁਭਾਅ ਦਾ ਮਾਲਿਕ ਹੋਣ ਕਰਕੇ ਉਹ ਜੇਲ੍ਹਾਂ ਵਿਚੋਂ ਤਬਾਦਲੇ

ਕਰਵਾਉਂਦਾ-ਕਰਵਾਉਂਦਾ ਇਸ ਜੇਲ੍ਹ ਵਿਚ ਆ ਟਿਕਿਆ ਸੀ।

"ਆਹੋ...!" ਜਿੰਦਰ ਨੇ ਉਸ ਨੂੰ ਤੋੜ ਕੇ ਸੁੱਟਣਾ ਚਾਹਿਆ।

"ਧਾਲੀਆਲ਼ੋ...! ਦਾਲ਼ 'ਚ ਕੁਛ ਕਾਲੈ!"

"ਚਲ ਹੋਊ...? ਤੂੰ ਡੂਡਣ ਲੈਣੈਂ...?"

"ਕਸ਼ਮੀਰ ਤੋਂ ਲੈ ਕੇ ਕੰਨਿਆਂ ਕੁਮਾਰੀ ਤੱਕ ਭਾਰਤ ਇਕ ਐ - ਤੇ ਧਾਲੀਆਲ਼ੋ, ਮੇਰਾ ਸਾਰਾ ਈ ਗਾਹਿਆ ਵਿਐ...!" ਉਹ ਥਾਲ਼ੀ ਦੀ ਢੋਲਕੀ ਵਜਾਉਂਦਾ ਅੱਗੇ ਤੁਰ ਗਿਆ।

"ਸਾਲ਼ੇ ਨੂੰ ਨਾ ਚੜ੍ਹੀਦੀ - ਨਾ ਲੱਥੀਦੀ!" ਪ੍ਰੀਤਮ ਬੋਲਿਆ।

ਜੇਲ੍ਹ ਦੀ ਨਿਗਰਾਨੀ ਕਰਦਾ ਸਿਪਾਹੀ ਉਹਨਾਂ ਕੋਲ਼ ਨੂੰ ਆਇਆ।

''ਸੁਣਾ ਬਈ ਸ਼ਿੰਗਾਰਾ ਸਿਆਂ, ਮਹੈਣ ਤਾਂ ਤਕੜੈ?'' ਪ੍ਰੀਤਮ ਸਿੰਘ ਨੇ ਸਿਪਾਹੀ ਨੂੰ ਪੁੱਛਿਆ। ਉਹ ਪ੍ਰੀਤਮ ਹੋਰਾਂ ਦੇ ਪਿੰਡਾਂ ਦਾ ਹੀ ਸੀ।

''ਕਿਰਪਾ ਐ ਗੁਰੂ ਦੀ - ਤੁਸੀਂ ਰੋਟੀ ਖਾਣ ਨਹੀਂ ਗਏ - ਸੁੱਖ ਤਾਂ ਹੈ?''

''ਸ਼ਿੰਗਾਰਾ ਸਿਆਂ - ਤੇਰੇ ਨਾਲ ਇਕ ਰੈਅ ਕਰਨੀ ਸੀ।''

''ਮੇਰੇ ਨਾਲ...?'' ਸਿਪਾਹੀ ਹੈਰਾਨ ਸੀ।

''ਆਹੋ ਸ਼ਿੰਗਾਰਾ ਸਿਆਂ - ਮੂੰਹ ਛੋਟਾ ਗੱਲ ਵੱਡੀ ਐ।'' ਪ੍ਰੀਤਮ ਨੂੰ ਗੱਲ ਸ਼ੁਰੂ ਕਰਨ ਲਈ ਸਿਰਾ ਨਹੀਂ ਲੱਭ ਰਿਹਾ ਸੀ।

''ਗੱਲ ਕਰੋ - ਕਰਨ ਆਲੀ ਹੋਈ, ਕਰਾਂਗੇ।''

''ਐਥੋਂ ਖਿਸਕਣ ਦਾ ਜੁਗਾੜ ਨੀਂ ਬਣਦਾ?'' ਕਹਿ ਕੇ ਪ੍ਰੀਤਮ ਨੇ ਉਸਦਾ ਚਿਹਰਾ ਨਿਹਾਰਿਆ। ਉਹ ਕੋਚਰ ਵਾਂਗ ਸਿਪਾਹੀ ਦੇ ਮੂੰਹ ਵੱਲ ਝਾਕ ਰਿਹਾ ਸੀ।

''ਧਾਲੀਆਲੋ, ਮੈਨੂੰ ਤਾਂ ਆਖ ਦਿੱਤਾ - ਮੇਰੇ ਵੀਰ ਕਿਸੇ ਨੂੰ ਹੋਰ ਨਾ ਕਹਿ ਬੈਠਿਓ! ਸੁਪਰਡੈਂਟ ਦੇ ਬਥੇਰੇ ਸੂਹੀਏ ਛੱਡੇ ਵੇ ਐ - ਕਿਤੇ ਭਾਫ਼ ਨਿਕਲ ਗਈ ਤਾਂ ਕਸੂਤੇ ਫਸਜੋਂਗੇ -

ਹੋਰ ਨਾ ਨਮਾਜਾਂ ਬਖਸ਼ਾਉਂਦੇ ਬਖਸ਼ਾਉਂਦੇ ਰੋਜੇ ਗਲ ਪਾ ਲਇਓ - ਨਾਲੇ ਭੱਜ ਕੇ ਜਾਓਂਗੇ ਕਿੱਥੇ?''

''ਇਕ ਜੱਟ ਦਾ ਧੰਦਾ ਭੁਗਤਾਉਣੈਂ - ਫੇਰ ਪੇਸ਼ ਹੋਜਾਂਗੇ।'' ਜਿੰਦਰ ਨੇ ਸੱਚੀ ਕਹੀ।

''ਫੇਰ ਤਾਂ ਸਾਰੀ ਉਮਰ ਜੇਲ੍ਹ 'ਚ ਈ ਬੀਤਜੂ - ਇਕ ਕਾਤਲ ਤੇ ਦੂਜੇ ਭਗੌੜੇ।''

''......!'' ਦੋਨੋਂ ਚੁੱਪ ਕਰ ਗਏ।

''ਇਹ ਗੱਲ ਧਾਲੀਆਲੋ, ਜਮਾਂ ਈ ਦਿਮਾਗ 'ਚੋਂ ਕੱਢ ਦਿਓ - ਇਹ ਕੰਮ ਐਨਾ ਸੌਖਾ ਨਹੀਂ - ਜਿੰਨਾਂ ਤੁਸੀਂ ਸੋਚੀ ਬੈਠੇ ਓਂ - ਆਪਦੀ ਰਹਿੰਦੀ ਸਜਾ ਕੱਟੋ ਤੇ ਖਲਾਸੀ ਪਾਓ।''

''.......!''

''ਕਿਤੇ ਇਹ ਨਾ ਸੋਚ ਲਇਓ ਬਈ ਸ਼ਿੰਗਾਰਾ ਸਿਉਂ ਝੂਠ ਮਾਰਦੈ - ਹੁਣ ਤਾਂ ਸੁਪਰਡੈਂਟ ਦਾ ਇਹ ਹੁਕਮ ਐਂ ਬਈ ਜੇ ਕੋਈ ਫਰਾਰ ਹੋਣ ਦੀ ਕੋਸ਼ਿਸ਼ ਕਰੇ, ਬੱਸ ਸਿੱਧੀ ਗੋਲੀ ਮਾਰੋ - ਹੋਰ ਕੁਛ ਨਾ ਕਰੋ।''

ਦੋਨਾਂ ਦਾ ਨਸ਼ਾ ਲਹਿ ਗਿਆ।

''ਥੋਨੂੰ ਪਿੰਡਾਂ ਦਾ ਕਰਕੇ ਕਹਿੰਨੈ - ਐਹੋ ਜੀ ਗਲ੍ਹਤੀ ਨਾ ਕਰ ਬੈਠਿਓ - ਫੇਰ ਨਾ ਕਿਹੋ ਦੱਸਿਆ ਨੀਂ।'' ਸਿਪਾਹੀ ਨੇ ਉਹਨਾਂ ਨੂੰ ਆਪਣੇ ਵੱਲੋਂ ਪੂਰਾ ਖ਼ਬਰਦਾਰ ਕਰ ਦਿੱਤਾ।

''ਸ਼ਾਬਾਸ਼ੇ ਭਾਈ, ਸ਼ਿੰਗਾਰਾ ਸਿਆਂ ਤੇਰੇ - ਜੀਹਨੇ ਸਿੱਧੇ ਰਾਹ ਪਾਏ - ਨਹੀਂ ਅਸੀਂ ਤਾਂ ਬੁਰੀ ਤੇ ਆਏ ਵੇ ਸੀ।'' ਪ੍ਰੀਤਮ ਸ਼ੁਕਰਾਨੇ ਵਜੋਂ ਲਿਫ਼ ਗਿਆ ਸੀ। ਉਸਨੇ ਨਿਰੋਲ ਸੱਚਾਈ ਦੱਸੀ।

''ਅਸੀਂ ਤਾਂ ਬੋਲ ਦੇਣੀ ਸੀ ਸੋ ਨਿਹਾਲ।"

"ਇਕ ਗੱਲ ਧਾਲੀਆਲੋ, ਥੋਨੂੰ ਹੋਰ ਦੱਸਾਂ - ਲੁਹਾਰੇ ਆਲੇ ਸੈਂਹਸੀ ਤੋਂ ਬਚ ਕੇ ਰਿਹੋ - ਸਾਲਾ ਐਡਾ ਲੁੱਚੈ, ਬੱਸ ਪੁੱਛੋ ਨਾ ਗੱਲ - ਕੈਦੀਆਂ ਨਾਲ ਮਿੱਠਾ ਰਹੂ ਤੇ ਅੰਦਰੋਂ ਸੁਪਰਡੈਂਟ ਦਾ

ਚਮਚੈ – ਸਾਰੀ ਸੀ. ਆਈ. ਡੀ. ਉਹਦੇ ਰਾਹੀਂ ਈ ਸੁਪਰਡੈਂਟ ਨੂੰ ਜਾਂਦੀ ਐ – ਸਾਲਾ ਪਰਮੋਸ਼ਨ ਪਿੱਛੇ ਸੁਪਰਡੈਂਟ ਮਗਰ ਪੂਛ ਮਾਰਦੈ।''

''ਅੱਛਾ...!'' ਜਿੰਦਰ ਦਾ ਤਰਾਹ ਨਿੱਕਲ ਗਿਆ। ਜਿੰਦਰ ਤਾਂ ਅੱਜ ਉਸ ਨੂੰ ਪੈੱਗ ਮਾਰਨ ਦੀ ਸੁਲਾਹ ਮਾਰਨ ਨੂੰ ਫਿਰਦਾ ਸੀ।

''ਆਹੋ! ਕੌਂਕਿਆਂ ਆਲੇ ਬਿੱਕਰ ਦੇ ਗੋਡੇ ਏਸੇ ਨੇ ਈ ਤੁੜਵਾਏ ਸੀ – ਐਮੇ ਕਿਸੇ ਕੋਲੇ ਗੱਲ ਨਾ ਕਰਿਓ ਮੇਰੇ ਵੀਰ – ਪਿੰਡਾਂ ਦੇ ਭਰਾ ਹੋਣ ਕਰਕੇ ਥੋਨੂੰ ਦੱਸਤਾ – ਆਬਦਾ ਬਚ ਕੇ ਰਿਹੋ!''

''ਮਿਹਰਬਾਨੀ ਭਰਾਵਾ ਤੇਰੀ – ਮੂੰਹ ਮਲ੍ਹਾਜੇ ਦਾ ਆਹੀ ਤਾਂ ਸੁਖ ਹੁੰਦੈ।''

''ਤੇ ਮਾਣਸਾ ਆਲ਼ਾ ਮੱਲ ਕਿਹੋ ਜਿਹਾ ਬੰਦੈ...?''

''ਮੱਲ ਲੱਖ ਰੁਪਈਏ ਦਾ ਬੰਦੈ – ਇਹਦੇ ਅਰਗਾ ਬੰਦਾ ਤਾਂ ਜਹਾਨ ਤੇ ਨਹੀਂ।'' ਸਿਪਾਹੀ ਨੇ ਦੱਸਿਆ।

ਕੈਦੀ ਰੋਟੀ ਖਾ ਕੇ ਆ ਰਹੇ ਸਨ। ਕੁਝ ਨਹਾਉਣ ਜਾ ਰਹੇ ਸਨ।

''ਧਾਲੀਆਲੋ, ਨ੍ਹਾਉਣ ਨਹੀਂ ਜਾਣਾ?'' ਮੱਲ ਨੇ ਪੁੱਛਿਆ। ਦੋਨਾਂ ਨੂੰ ਮੱਲ ਦਾ ਦਿਲੋਂ ਬੜਾ ਮੋਹ ਆਇਆ।

''ਨ੍ਹਾਉਣ ਨੂੰ ਕੀ ਖਲ਼ ਲੱਗੀ ਐ ਮੱਲਾ? ਬੱਸ ਨ੍ਹਾਤੇ ਈ ਪਏ ਐਂ!''

''ਥਕੇਮਾਂ ਲਹਿਜੂ।''

''ਉਹ ਤਾਂ ਤੇਰੀ ਕਿਰਪਾ ਨਾਲ ਲਾਹ ਈ ਲਿਐ।'' ਜਿੰਦਰ ਨੇ ਹੱਸ ਕੇ ਕਿਹਾ।

ਮੱਲ ਤੁਰ ਗਿਆ।

ਜਿੰਦਰ ਤਾਂ ਸੌਂ ਗਿਆ। ਪਰ ਪ੍ਰੀਤਮ ਨੂੰ ਸਾਰੀ ਰਾਤ ਨੀਂਦ ਨਾ ਪਈ। ਉਹ ਸਾਰੀ ਰਾਤ ਗੁੱਝਾ-ਗੁੱਝਾ ਰੋਂਦਾ ਰਿਹਾ ਸੀ। ਜਿੰਦਰ ਨੇ ਤਾਂ ਇਕ ਵਾਰ ਉਠ ਕੇ ਘੜੇ 'ਚੋਂ ਪਾਣੀ ਵੀ ਪੀਤਾ।

ਪਰ ਪ੍ਰੀਤਮ ਸਿਲ਼-ਪੱਥਰ ਹੋਇਆ, ਗੁੰਝਲੀ ਜਿਹੀ ਮਾਰੀ ਪਿਆ ਰਿਹਾ। ਜਿੰਦਰ ਨੇ ਤਾਂ ਉਸਨੂੰ ਇਕ ਵਾਰੀ ਪੁੱਛਿਆ ਵੀ, ''ਬਾਈ ਪਾਣੀ ਤਾਂ ਨਹੀਂ ਪੀਣਾਂ?'' ਪਰ ਪ੍ਰੀਤਮ ਘੇਸਲ਼ ਵੱਟੀ ਪਿਆ ਰਿਹਾ। ਨਾਂ ਹਾਂ, ਨਾ ਹੂੰ! ਉੱਤਰ ਉਡੀਕ ਕੇ ਜਿੰਦਰ ਫਿਰ ਪੈ ਕੇ ਸੌਂ ਗਿਆ।

ਰਾਤ ਟਿਕੀ ਹੋਈ ਸੀ। ਸਾਰੀ ਜੇਲ੍ਹ ਸੁੱਤੀ ਹੋਈ ਸੀ। ਕੈਦੀਆਂ ਦੇ ਘੁਰਾੜੇ ਵੱਜ ਰਹੇ ਸਨ। ਕੋਈ ਸੁੱਤਾ ਪਿਆ ਬਰੜਾਹਟ ਕਰ ਰਿਹਾ ਸੀ। ਫਿਰ ਪ੍ਰੀਤਮ ਸਿੰਘ ਨੂੰ ਪਤਾ ਨਹੀਂ ਕਦੋਂ ਨੀਂਦ ਆ ਗਈ।

ਬਿੱਲੂ ਅਤੇ ਮੀਤੀ ਰਾਤ ਬਰਾਤੇ, ਚੋਰੀ ਛੁਪੇ ਮੱਖਣ ਕੇ ਖੇਤ ਮਿਲਦੇ ਰਹਿੰਦੇ ਸਨ। ਬਿੱਲੂ ਦੇ ਪੁੱਛਣ ਤੇ ਵੀ ਮੀਤੀ ਦੱਸਦੀ ਨਹੀਂ ਸੀ ਕਿ ਉਹ ਕਿੱਥੇ ਰਹਿੰਦੀ ਸੀ? ਚੁੱਪ ਕਰ ਛੱਡਦੀ। ਜਾਂ ਫਿਰ 'ਮੌਕਾ ਆਏ ਤੋਂ ਦੱਸਾਂਗੀ।' ਕਹਿ ਛੱਡਦੀ ਸੀ।

ਬਿੱਲੂ ਚੁੱਪ ਕਰ ਜਾਂਦਾ ਪਰ ਬਿੱਲੂ ਨੂੰ ਮੀਤੀ ਦੇ 'ਕਰਤੱਵ' ਦਾ ਜ਼ਰੂਰ ਪਤਾ ਚੱਲ ਗਿਆ ਸੀ। ਪਰ 'ਮੌਕਾ' ਪਤਾ ਨਹੀਂ ਕਦੋਂ ਆਉਣਾ ਸੀ?

''ਮੀਤੀ......!''

''ਹਾਂ......?''

''ਇਕ ਰਾਇ ਦੇਵਾਂ?''

''ਕੀ......?''

''ਤੂੰ ਆਪਦੇ ਪਿੰਡ ਰਹਿ!''

''......!'' ਮੀਤੀ ਚੁੱਪ ਚਾਪ ਸੁਣ ਰਹੀ ਸੀ।

''ਕਿਹੜਾ ਕਿਸੇ ਨੂੰ ਤੇਰੇ ਤੇ ਕੋਈ ਸ਼ੱਕ ਐ?''

''ਸ਼ੱਕ ਤਾਂ ਨਹੀਂ......।''

''ਹਾਂ-ਫੇਰ......?''

‘‘ਮੈਨੂੰ ਉਸ ਪਿੰਡ ਨਾਲ ਬਹੁਤ ਨਫ਼ਰਤ ਐ।’’ ਮੀਤੀ ਨੇ ਸੱਚਾਈ ਦੱਸੀ।

"ਪਿੰਡ ਅਕਸਰ ਪਿੰਡ ਐ, ਉਹ ਤੇਰੀ ਜਨਮ ਭੂਮੀ ਐ - ਜਿਸਨੂੰ ਕਦੇ ਨਫ਼ਰਤ ਨਹੀਂ ਕੀਤੀ ਜਾ ਸਕਦੀ।’’

‘‘ਇਹੀ ਉਹੀ ਪਿੰਡ ਹੈ ਜਿੱਥੇ ਮੇਰੀ ਜਿੰਦ - ਮੇਰੀ ਜਾਨ ਨੂੰ ਵੱਢਿਆ ਕੱਟਿਆ ਗਿਆ ਸੀ।’’ ਮੀਤੀ ਨੇ ਕਿਹਾ। ਉਸਦਾ ਇਸ਼ਾਰਾ ਬਿੱਲੂ ਵੱਲ ਸੀ।

‘‘ਮੇਰੇ ਕਾਰਨ ਸਾਰੀ ਜਨਮ ਭੂਮੀ ਤਾਂ ਨਹੀਂ ਦੋਸ਼ੀ ਹੋ ਗਈ? ਉਹ ਫਿਰ ਵੀ ਤੇਰੀ ਮਾਂ ਭੂਮੀ ਐਂ।’’

‘‘ਜਨਮ ਦੇਣ ਵਾਲੀ ਮਾਂ ਨਾਲ ਨਫ਼ਰਤ ਹੋ ਸਕਦੀ ਐ - ਤਾਂ ਫਿਰ ਜਨਮ ਭੂਮੀ ਨਾਲ ਕਿਉਂ ਨਹੀਂ ਹੋ ਸਕਦੀ?’’ ਜਿਵੇਂ ਮੀਤੀ ਉਸਨੂੰ ਪੁੱਛ ਰਹੀ ਸੀ।

‘‘ਮੀਤੀ! ਮਾਂ ਇਕ ਐਸੀ ਚੀਜ਼ ਹੈ - ਜਿਸ ਦਾ ਸਾਰੀ ਉਮਰ ਗੁਣ ਨਹੀਂ ਦਿੱਤਾ ਜਾ ਸਕਦਾ - ਪਰ ਤੂੰ ਸਭ ਕੁਛ ਸਰਾਸਰ ਗਲਤ ਕੀਤਾ ਤੇ ਗਲਤ ਕਰ ਰਹੀ ਹੈਂ।’’

‘‘ਮੈਂ ਜੋ ਕੀਤਾ, ਠੀਕ ਕੀਤਾ - ਜੋ ਕਰ ਰਹੀ ਆਂ - ਠੀਕ ਕਰ ਰਹੀ ਆਂ।’’

‘‘ਤੂੰ ਨਿਸ਼ਾਨੇ ਤੋਂ ਥਿੜਕ ਰਹੀ ਐਂ, ਮੀਤੀ।’’

‘‘ਮੈਂ ਤਾਂ ਸਗੋਂ ਨਿਸ਼ਾਨੇ ਨੂੰ ਪਾਉਣ ਜਾ ਰਹੀ ਆ - ਤੇਰੀ ਸੋਚ ਅਤੇ ਮੇਰੀ ਸੋਚ ਦੇ ਦੋ ਰਾਹ ਨੇ - ਹਰ ਇਕ ਰਾਹ - ਹਰ ਇਕ ਸੋਚ ਆਪਣੀ ਜਗ੍ਹਾ ਦੁਰਸਤ ਹੈ - ਗਲਤ ਕੋਈ ਨਹੀਂ।’’

ਬਿੱਲੂ ਅਵਾਕ ਸੀ। ਨਿਰੁੱਤਰ ਸੀ।

‘‘ਬਿੱਲੂ ਇਕ ਗੱਲ ਦੱਸ?’’

‘‘ਬੋਲ?’’

‘‘ਮਾਂ ਬਾਪ, ਧੀ ਪੁੱਤ ਨੂੰ ਜਨਮ ਦਿੰਦੇ ਨੇ - ਪਾਲ ਪੋਸ ਕੇ ਵੱਡਾ ਕਰਦੇ ਨੇ - ਪੜ੍ਹਾਉਂਦੇ

ਨੇ – ਮੂੰਹ ਮੰਗੀ ਚੀਜ਼ ਲਿਆ ਕੇ ਦਿੰਦੇ ਨੇ – ਹਰ ਸੱਧਰ ਪੂਰੀ ਕਰਦੇ ਨੇ – ਪਰ ਜਦੋਂ ਧੀ ਜਾਂ ਪੁੱਤ ਆਪਣੇ ਜੀਵਨ ਸਾਥੀ ਨੂੰ ਖੁਦ ਚੁਣਨਾਂ ਚਾਹੁੰਦਾ ਹੈ – ਜਾਂ ਹਮ ਉਮਰ ਨੂੰ ਪਿਆਰ ਕਰਨ ਲੱਗ ਜਾਂਦਾ ਹੈ – ਤਾਂ ਫਿਰ ਉਹ ਹੀ ਮਾਂ–ਬਾਪ ਆਪਣੀ ਔਲ਼ਾਦ ਦੇ ਹੀ ਕਿਉਂ ਦੁਸ਼ਮਣ ਬਣ ਜਾਂਦੇ ਨੇ?''

''ਅਨਪੜ੍ਹਤਾ ਕਰਕੇ – ਹਉਮੈ ਕਰਕੇ – ਬੇਸਮਝੀ ਕਰਕੇ – ਇਹਨਾਂ ਭੜਕਾਊ ਲੋਕਾਂ ਕਰਕੇ – ਅਖੌਤੀ ਇੱਜ਼ਤ ਕਰਕੇ – ਸਮਾਜਿਕ ਕੋਹੜ ਕਰਕੇ – ਮੀਤੀ, ਆਪਣੇ ਸਮਾਜ ਨੇ ਕਦੇ ਪਿਆਰ ਕਰਨ ਵਾਲਿਆਂ ਦਾ ਪੱਖ ਨਹੀਂ ਪੂਰਿਆ – ਸਿਰਫ ਵਿਰੋਧਤਾ ਕੀਤੀ ਹੈ – ਸਦੀਆਂ ਤੋਂ ਚੱਲਿਆ ਆ ਰਿਹਾ ਇਹ ਹਨ੍ਹੇਰ ਤਦ ਖਤਮ ਹੋਵੇਗਾ – ਜਦ ਲੋਕਾਂ ਦੀ ਸੋਚ ਵਿੱਚ ਇਨਕਲਾਬ ਆਵੇਗਾ ਅਤੇ ਸੂਝ ਸੂਰਜ ਬਣ ਕੇ ਚਮਕੇਗੀ – ਤਦ ਇਹ ਹਨ੍ਹੇਰ ਖਤਮ ਹੋਵੇਗਾ – ਤਾਂ ਇਹ ਲੋਕ ਆਪਣੀ ਅਤੇ ਦੂਜੇ ਦੀ ਹੋਂਦ ਨੂੰ ਪਹਿਚਾਣ ਸਕਣਗੇ – ਜਿਤਨਾ ਚਿਰ ਇਹ ਅਨਪੜ੍ਹਤਾ ਖਤਮ ਨਹੀਂ ਹੁੰਦੀ – ਆਪਣੇ ਲੋਕ ਕਦੀ ਵੀ ਖੁਸ਼ਹਾਲ ਨਹੀਂ ਹੋ ਸਕਦੇ।''

''ਇਹ ਅਨਪੜ੍ਹਤਾ ਖਤਮ ਕਰਨਾ ਤੇਰੇ ਜਾਂ ਮੇਰੇ ਵੱਸ ਤਾਂ ਹੈ ਨਹੀਂ?''

''ਬਿਲਕੁਲ ਨਹੀਂ – ਕਿਸੇ ਨੂੰ ਦਲੀਲਾਂ ਰਾਹੀਂ ਸਮਝਾ ਕੇ ਦੇਖੋ – ਨਹੀਂ ਸਮਝਦਾ – ਦੱਸੋ ਆਦਮੀ ਕੀ ਕਰ ਸਕਦਾ ਹੈ?''

''ਸਿਰਫ ਕਲਪਨਾ।''

''ਕਲਪਨਾ ਵੀ ਆਦਮੀ ਤਾਂ ਹੀ ਕਰੇ – ਜੇ ਇਸ ਦਾ ਕੋਈ ਲਾਭ ਹੋਵੇ – ਵਾਧੂ ਸਿਰ ਖਪਾਈ ਕਰਨ ਦੀ ਕੀ ਜਰੂਰਤ?''

ਉਹ ਬਹੁਤ ਦੇਰ ਗੱਲਾਂ ਕਰਦੇ ਰਹੇ।

ਮੱਖਣ ਅਤੇ ਬਿੱਲੂ ਨੇ ਮੀਤੀ ਨੂੰ ਵਾਸਤੇ ਪਾਏ, ਦਲੀਲਾਂ ਦਿੱਤੀਆਂ। ਆਖਰ ਹਾਰ ਕੇ ਮੀਤੀ ਨੇ ਆਪਣੇ ਪਿੰਡ ਰਹਿਣਾ ਕਬੂਲ ਕਰ ਲਿਆ।

ਅਗਲੀ ਸਵੇਰ ਉਹ ਪਿੰਡ ਚਲੀ ਗਈ।

ਮੀਤੀ ਦੇ ਅਚਾਨਕ ਪਿੰਡ ਪੁੱਜਣ ਤੇ ਲੋਕ ਹੈਰਾਨ ਸਨ। ਪਿੰਡ ਦੀਆਂ ਕਈ ਬੁੜ੍ਹੀਆ ਉਸ ਕੋਲ ਉਸਦੀ ਮਾਂ ਦਾ ਅਫ਼ਸੋਸ ਕਰਨ ਆਈਆਂ। ਪਰ ਮੀਤੀ ਰੋਈ, ਨਾ ਬੋਲੀ ਸੀ। ਉਸ ਦੀਆਂ ਅੱਖਾਂ ਵਿੱਚੋਂ ਇਕ ਹੰਝੂ ਵੀ ਨਹੀਂ ਡਿੱਗਿਆ ਸੀ।

ਜਦੋਂ ਬੁੜ੍ਹੀਆਂ ਫਫੜੇ ਕਰਨੋਂ ਨਾ ਹਟੀਆਂ ਤਾਂ ਮੀਤੀ ਬੋਲੀ, ''ਅੰਮਾਂ! ਮਰਨ ਆਲੀ ਮਰਗੀ - ਮਾਰਨ ਆਲੇ ਨੇ ਮਾਰਤੀ - ਗੱਲ ਨਿਬੜੀ, ਮਿੱਟੀ ਪਈ - ਹੁਣ ਤੁਸੀਂ ਜਾਓ...!''

ਸਾਰੀਆਂ ਸੁੰਨ ਹੋ ਗਈਆਂ।

''ਕੁੜ੍ਹੇ, ਫੇਰ ਵੀ ਤੇਰੀ ਮਾਂ ਸੀ - ਹੈਂ, ਕਿੱਡੀ ਨਮ੍ਹੋਰੀ ਐ?'' ਕਿਸੇ ਨੇ ਆਖਿਆ।

''ਸਹੁਰੀਏ, ਤੂੰ ਇਉਂ ਤਾਂ ਪੁੱਛਲਾ ਬਈ ਬਿਚਾਰੀ ਮਰੀ ਕਿਮੇਂ ਐ?'' ਇਕ ਹੋਰ ਵੱਟ ਖਾ ਗਈ ਸੀ।

''ਹੋ ਸਕਦੈ, ਮੈਨੂੰ ਪਤਾ ਈ ਹੋਵੇ?''

''ਤੈਨੂੰ ਕੀ ਪਤੈ...?''

''ਤੂੰ ਕਿਹੜਾ ਐਥੇ ਸੀ...?''

''ਇਹਨੂੰ ਕਿਹੜਾ ਉਹਦੇ ਨਾਲ ਮੋਹ ਸੀ...?''

''ਛੱਡ ਕੇ ਤੁਰ ਗਈ ਸੀ।''

''ਬਈ ਕੋਹੜੀਏ ਵੀਏ, ਤੂੰ ਪੁੱਛ ਤਾਂ ਲੈ ਬਈ ਬਚਾਰੀ ਦੀ ਮਰਗ ਕਿਮੇਂ ਹੋਈ?''

''ਮਰੇ ਤੋਂ ਤਾਂ ਸੱਤ ਬਿਗਾਨਾ ਵੀ ਮਸੋਸ ਕਰ ਜਾਂਦੈ - ਉਹ ਤਾਂ ਫੇਰ ਵੀ ਤੇਰੀ ਬੇਬੇ ਸੀ।''

ਇਕ ਕਾਵਾਂ ਰੌਲੀ ਮੱਚੀ ਹੋਈ ਸੀ।

''ਹੋ ਸਕਦੈ, ਮੈਂ ਈ ਮਾਰੀ ਹੋਵੇ - ਹੋਰ ਦੱਸੋ?'' ਆਖ ਕੇ ਮੀਤੀ ਨੇ ਸਾਰੀਆਂ ਦੇ ਹੱਥਾਂ

ਦੇ ਤੋਤੇ ਉਡਾ ਦਿੱਤੇ।

ਚੜਚੋਲ੍ਹੜ ਪਾਉਂਦੀਆਂ ਬੁੜ੍ਹੀਆਂ ਇਕ ਦਮ ਕਰਮ ਪਿੱਛੇ ਹਟ ਗਈਆਂ। ਮੀਤੀ ਦੇ ਚਿਹਰੇ 'ਤੇ ਚੰਡੀ ਦਾ ਕਰੋਧ ਭਬਕ ਰਿਹਾ ਸੀ। ਇਕ ਦਮ ਵਿਹੜਾ ਖਾਲੀ ਹੋ ਗਿਆ। ਜਿਤਨੀ ਤੇਜੀ ਨਾਲ ਬੁੜ੍ਹੀਆਂ ਆਈਆਂ ਸਨ, ਉਤਨੀ ਜਲਦੀ ਹੀ ਸਿਰ ਤੇ ਪੈਰ ਰੱਖ ਭੱਜ ਗਈਆਂ।

ਪਿੰਡ ਵਿੱਚ ਮੂੰਹੋਂ ਮੂੰਹ ਚਰਚਾ ਹੋਣ ਲੱਗ ਪਈ। ਗੱਲ ਧੂੰਏਂ ਵਾਂਗ ਫੈਲ ਗਈ।

ਪੁਲਸ ਦੇ ਕੰਨੀਂ ਭਿਣਕ ਪਈ। ਸਾਰਾ ਠਾਣਾ ਹੀ ਉੱਲਰ ਕੇ ਮੀਤੀ ਦੇ ਪਿੰਡ ਢੇਰੀ ਹੋ ਗਿਆ। ਪਿੰਡ ਨਹੀਂ ਕੋਈ ਪੁਲੀਸ ਛਾਉਣੀ ਲੱਗਦੀ ਸੀ।

ਮੀਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਾਰਾ ਪਿੰਡ ਤਮਾਸ਼ਾ ਦੇਖ ਰਿਹਾ ਸੀ। ਕੋਈ ਲੇਡੀ ਪੁਲੀਸ ਨਹੀਂ ਆਈ ਸੀ।

ਠਾਣੇ ਲਿਜਾ ਕੇ ਮੀਤੀ ਤੋਂ ਕਾਫੀ ਪੁੱਛ ਪੜਤਾਲ ਕੀਤੀ ਗਈ। ਪਰ ਮੀਤੀ ਸਾਫ਼ ਮੁਨਕਰ ਸੀ। ਠਾਣੇਦਾਰ ਨੇ ਧਮਕੀਆਂ ਦਿੱਤੀਆਂ, ਡੰਡੇ ਦਿਖਾਏ। ਪਰ ਮੀਤੀ ਨਹੀਂ, ਜਿਵੇਂ ਕੋਈ ਹੰਢਿਆ ਬਦਮਾਸ਼ ਸੀ। ਉਹ ਕੋਰਾ ਹੀ ਜਵਾਬ ਦੇ ਦਿੰਦੀ। ਹਰ ਸਵਾਲ ਦਾ ਉਤਰ ਉਹ ਬੜਾ ਠੋਕ ਵਜਾ ਕੇ ਦਿੰਦੀ। ਉਸਦੇ ਚਿਹਰੇ ਤੇ ਘਬਰਾਹਟ ਨਹੀਂ, ਜਲਾਲ ਸੀ। ਠੋਸ ਇਰਾਦਾ ਬਰਾਬਰ ਕਾਇਮ ਸੀ। ਦਿਲ ਵਿੱਚ ਡਰ ਨਹੀਂ ਸੀ।

ਕੇਸ ਪਹਿਲਾਂ ਰੋਜਨਾਮਚੇ ਵਿੱਚ ਦਰਜ਼ ਕੀਤਾ ਗਿਆ ਅਤੇ ਫਿਰ ਐਫ. ਆਈ. ਆਰ. ਦਫਾ ਤਿੰਨ ਸੌ ਦੋ ਦੇ ਤਹਿਤ ਤਿਆਰ ਕੀਤੀ ਗਈ। ਦੋ ਗਵਾਹ ਤਿਆਰ ਕੀਤੇ ਅਤੇ ਪੁਲੀਸ ਨੇ ਇਲਾਕਾ ਮੈਜਿਸਟਰੇਟ ਦੇ ਪੇਸ਼ ਕਰਕੇ ਮੀਤੀ ਦਾ ਰਿਮਾਂਡ ਲੈ ਲਿਆ। ਦੋ ਦਿਨ ਦਾ ਰਿਮਾਂਡ ਇਲਾਕਾ ਮੈਜਿਸਟਰੇਟ ਨੇ ਇਕ ਸ਼ਰਤ ਤੇ ਦਿੱਤਾ ਕਿ ਮੀਤੀ ਜਨਾਨਾ ਪੁਲੀਸ ਦੀ ਹਿਰਾਸਤ ਵਿੱਚ ਰਹੇਗੀ ਅਤੇ ਜੋ ਵੀ ਪੁੱਛ-ਗਿੱਛ ਹੋਵੇਗੀ, ਜਨਾਨਾ ਪੁਲੀਸ ਹੀ ਕਰੇਗੀ।

ਦੋ ਰਾਤਾਂ ਜਨਾਨਾ ਪੁਲੀਸ ਨੇ ਮੀਤੀ ਤੇ ਲਾਈਆਂ। ਪਰ ਮੀਤੀ ਟੱਸ ਤੋਂ ਮੱਸ ਨਾ ਹੋਈ। ਦੋ

ਦਿਨਾਂ ਦੇ ਰਿਮਾਂਡ ਖਤਮ ਹੋਣ ਤੋਂ ਬਾਅਦ ਉਸਨੂੰ 'ਲੋਕ-ਅੱਪ' ਭੇਜ ਦਿੱਤਾ ਗਿਆ।

ਗਵਾਹਾਂ ਦੇ ਬਿਆਨ ਕਲਮਬੱਧ ਇਲਾਕਾ ਮੈਜਿਸਟਰੇਟ ਤੋਂ ਕਰਵਾ ਕੇ ਕੇਸ ਅਦਾਲਤ ਸੁਪਰਦ ਕਰ ਦਿੱਤਾ ਗਿਆ।

ਜਦੋਂ ਬਿੱਲੂ ਅਤੇ ਮੱਖਣ ਨੂੰ ਪਤਾ ਲੱਗਾ ਤਾਂ ਉਹ ਹੱਥਾਂ ਪੈਰਾਂ ਵਿੱਚ ਆ ਗਏ। ਉਹਨਾਂ ਘਬਰਾਉਣ ਦੀ ਵਜਾਏ ਮੀਤੀ ਦੇ ਬਚਾਓ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਮੁਕੱਦਮਾ ਜਿੱਤਣ ਦੀਆਂ ਸਕੀਮਾਂ ਹੋਣ ਲੱਗ ਪਈਆਂ।

ਮੱਖਣ ਦਾ ਭਰਾ ਮਲਕੀਤ ਸਿੰਘ ਇਕ ਹਾਇਰ ਸੈਕੰਡਰੀ ਸਕੂਲ ਵਿੱਚ ਸਾਇੰਸ ਮਾਸਟਰ ਸੀ। ਜਿਸ ਦੀ ਇਕ ਉੱਘੇ ਵਕੀਲ ਚਾਹਲ ਨਾਲ ਸੱਥਰੀ ਪੈਂਦੀ ਸੀ। ਮੱਖਣ ਨੇ ਸਾਰੀ ਦਰਦ ਭਰੀ ਹਕੀਕਤ ਆਪਣੇ ਭਰਾ ਮਲਕੀਤ ਸਿੰਘ ਦੇ ਕੰਨ ਪਾਈ। ਮਲਕੀਤ ਸਿੰਘ ਨੇ ਸੱਚ ਹੀ ਦੁੱਖ ਮੰਨਿਆ।

ਅਗਲੀ ਸਵੇਰ ਜਾ ਕੇ ਉਹਨਾਂ ਨੇ ਸਰਦਾਰ ਚਾਹਲ ਨਾਲ ਸਾਰੀ ਗੱਲਬਾਤ ਕੀਤੀ। ਖਰਚਾ ਮਲਕੀਤ ਸਿੰਘ ਨੇ ਆਪਣੇ ਜਿੰਮੇ ਲਿਆ। ਕੇਸ ਵਕੀਲ ਚਾਹਲ ਨੇ ਆਪਣੇ ਹੱਥ ਲੈ ਲਿਆ।

ਸਾਰੇ ਧੰਨਵਾਦ ਕਰਕੇ ਚਲੇ ਗਏ।

ਅਗਲੀ ਸਵੇਰੇ ਚਾਹਲ ਨੇ ਠਾਣੇ ਪਹੁੰਚ ਕਰਕੇ ਐਫ. ਆਈ. ਆਰ. ਦੀ ਨਕਲ ਅਤੇ ਸਾਰੇ ਕੇਸ ਦੀ ਕੰਨਸੋਅ ਲਈ। ਮੁੱਖ ਨੁਕਤੇ ਨੋਟ ਕਰਕੇ ਆਪਣੇ ਆਪ ਨੂੰ ਬਹਿਸ ਲਈ ਤਿਆਰ ਕੀਤਾ। ਮੀਤੀ ਨਾਲ ਮੁਲਾਕਾਤ ਕੀਤੀ। ਉਸਨੂੰ ਖ਼ਾਸ ਕਰਕੇ ਤਾਕੀਦ ਕੀਤੀ ਗਈ ਕਿ ਉਹ ਅਦਾਲਤ ਸਾਹਮਣੇ ਆਪਣੇ ਜੁਰਮ ਦਾ ਇਕਬਾਲ ਨਾ ਕਰੇ, ਬਸ਼ਰਤੇ ਕਿ ਉਹ ਕਾਤਲ ਸੀ! ਕਤਲ ਖ਼ੁਦ ਇਕਬਾਲ ਕਰਨਾ ਆਪਣੇ ਪੈਰੀਂ ਆਪ ਕੁਹਾੜਾ ਮਾਰਨਾ ਸੀ।

ਚਾਹਲ ਨੇ ਇਕ ਨਹੀਂ, ਮੀਤੀ ਨਾਲ ਕਾਫ਼ੀ ਮੁਲਾਕਾਤਾਂ ਕੀਤੀਆਂ। ਹਰ ਮੁਲਾਕਾਤ ਵਿੱਚ ਵਕੀਲ ਦੀ ਇਹ ਹੀ ਸਖਤ ਹਦਾਇਤ ਹੁੰਦੀ ਸੀ ਕਿ ਅਦਾਲਤ ਸਾਹਮਣੇ ਜੁਰਮ ਦਾ ਇਕਬਾਲ

ਕਿਸੇ ਹਾਲਤ ਵਿੱਚ ਨਹੀਂ ਕਰਨਾ, ਚਾਹੇ ਕੁਛ ਹੋ ਜਾਵੇ।

ਮੱਖਣ ਤੇ ਬਿੱਲੂ ਵੀ ਚਾਹਲ ਨਾਲ ਆ ਕੇ ਦੋ ਮੁਲਾਕਾਤਾਂ ਕਰ ਗਏ ਸਨ। ਕੱਪੜੇ ਅਤੇ ਲੋੜੀਂਦਾ ਸਮਾਨ ਜਮਾਂ ਕਰਵਾ ਗਏ ਸਨ।

ਅਖੀਰ ਮੀਤੀ ਦਾ ਕੇਸ ਨਿੱਕਲਿਆ।

ਤਾਰੀਖ ਆ ਗਈ।

ਅਦਾਲਤ ਲੋਕਾਂ ਨਾਲ ਖਚਾ ਖਚ ਭਰੀ ਪਈ ਸੀ। ਸਾਹ ਬੰਦ ਹੁੰਦਾ ਲੱਗਦਾ ਸੀ। ਇਸ ਕੇਸ ਨਾਲ ਲੋਕਾਂ ਨੂੰ ਅਥਾਹ ਹਮਦਰਦੀ ਜਾਗ ਪਈ ਸੀ। ਕਈਆਂ ਵੱਲੋਂ ਮੀਤੀ ਵੱਲ ਉਂਗਲਾਂ ਵੀ ਉਠਾਈਆਂ ਜਾ ਰਹੀਆਂ ਸਨ। ਸਰਕਾਰੀ ਕਰਮਚਾਰੀ ਵੱਲੋਂ ਕੇਸ ਪੜ੍ਹ ਕੇ ਸੁਣਾਇਆ ਗਿਆ। ਸਰਕਾਰੀ ਵਕੀਲ ਨੇ ਕੇਸ ਦੁਬਾਰਾ ਪੜ੍ਹਿਆ। ਵਕੀਲਾਂ ਦੀ ਜ਼ਿਰਾਹ ਸ਼ੁਰੂ ਹੋਈ। ਪਰ ਰਾਤ ਦਾ ਵਾਕਾ ਸੀ। ਅਗਲੇ ਦਿਨ ਸ਼ਾਮ ਨੂੰ ਜਾ ਕੇ ਲੋਕਾਂ ਨੂੰ ਪਤਾ ਚੱਲਿਆ ਸੀ ਕਿ ਕਰਮੋ ਅਤੇ ਬਚਨਾਂ ਕਤਲ ਕਰ ਦਿੱਤੇ ਗਏ ਸਨ। ਗਵਾਹ ਪਤਾ ਨਹੀਂ ਕਿੱਧਰੋਂ ਉੱਗ ਪਏ ਸਨ? ਸਭ ਤੋਂ ਵੱਡਾ ਨੁਕਤਾ ਇਹ ਸੀ ਕਿ ਗਵਾਹਾਂ 'ਤੇ ਜੱਜ ਨੂੰ ਵੀ ਸ਼ੱਕ ਪੈਣੀ ਸ਼ੁਰੂ ਹੋ ਗਈ ਸੀ।

''ਯੂਅਰ ਆਨਰ...! ਕੀ ਮੈਂ ਗਵਾਹ ਤੇਜਾ ਸਿੰਘ ਤੇ ਕੁਝ ਸੁਆਲ ਕਰ ਸਕਦਾ ਹਾਂ?'' ਮੀਤੀ ਦੇ ਵਕੀਲ ਸਰਦਾਰ ਚਾਹਲ ਨੇ ਮਾਣਯੋਗ ਜੱਜ ਨੂੰ ਪੁੱਛਿਆ।

ਜੱਜ ਨੇ 'ਹਾਂ' ਵਿੱਚ ਸਿਰ ਹਿਲਾਇਆ।

ਸਰਦਾਰ ਚਾਹਲ ਅਦਬ ਨਾਲ ਝੁਕੇ।

''ਤੇਜਾ ਸਿੰਘ - ਤੁਸੀਂ ਗਵਾਹੀ ਦੇ ਕੇ ਸਾਬਤ ਕਰ ਦਿੱਤਾ ਕਿ ਮੁਲਜਮਾਂ ਗੁਰਮੀਤ ਕੌਰ ਨੇ ਆਪਣੀ ਮਾਂ ਕਰਮ ਕੌਰ ਅਤੇ ਬਚਨ ਸਿੰਘ ਦਾ ਕਤਲ ਕੀਤਾ।''

''ਜੀ ਹਾਂ...!'' ਤੇਜਾ ਸਿੰਘ ਬੜੇ ਠਰੰਮੇਂ ਨਾਲ ਬੋਲਿਆ।

''ਬਹੁਤ ਖੂਬ! ਤੁਸੀਂ ਇਹ ਵੀ ਦੇਖਿਆ ਹੋਵੇਗਾ ਕਿ ਕਤਲ ਕਿਸ ਹਥਿਆਰ ਨਾਲ

ਹੋਏ?''

''ਹਾਂ ਜੀ – ਕਿਰਪਾਨ ਨਾਲ ਹੋਏ!''

''ਕਿਰਪਾਨ ਕਿੱਡੀ ਲੰਮੀ ਅਤੇ ਕਿਸ ਰੰਗ ਦੀ ਸੀ?''

''ਜੀ, ਜਿੱਡੀ ਆਮ ਕਿਰਪਾਨ ਹੁੰਦੀ ਐ।''

''ਬਹੁਤ ਖ਼ੂਬ...! ਪਹਿਲਾਂ ਵਾਰ ਮੁਲਜਮਾਂ ਨੇ ਕਿਸ ਤੇ ਕੀਤਾ?''

''ਜੀ ਕਰਮ ਕੁਰ 'ਤੇ।''

''ਕੀ ਭਾਰਤੀ ਨਾਗਰਿਕ ਹੋਣ ਦੇ ਨਾਤੇ ਕਾਨੂੰਨ ਮੁਤਾਬਿਕ ਤੁਹਾਡਾ ਮੱਦਦ ਲਈ ਪਹੁੰਚਣਾਂ ਫਰਜ਼ ਬਣਦਾ ਸੀ ਤੇ ਤੁਸੀਂ ਮੱਦਦ ਲਈ ਕਿਉਂ ਨਾ ਪਹੁੰਚੇ?''

''.......!'' ਤੇਜਾ ਸਿੰਘ ਨੂੰ ਚੱਕਰ ਆਇਆ।

''ਬੋਲੋ ਤੇਜਾ ਸਿੰਘ...?''

''ਜੀ ਮੈਨੂੰ ਵੀ ਡਰ ਲੱਗਿਆ ਕਿ ਕਿਤੇ ਇਹ ਮੈਨੂੰ ਵੀ ਨਾ ਮਾਰ ਦੇਵੇ।''

''ਤੁਸੀਂ ਮੁਲਜਮਾਂ ਗੁਰਮੀਤ ਕੌਰ ਵੱਲ ਨਜ਼ਰ ਮਾਰੋ, ਤੇਜਾ ਸਿੰਘ! ਕੀ ਉਹ ਤੁਹਾਡੇ ਤੋਂ ਤਕੜੀ ਹੈ?''

''......!''

''ਖ਼ੈਰ...! ਤੁਸੀਂ ਬਿਲਕੁਲ ਇਕੱਲੇ ਸੀ?''

''ਜੀ ਹਾਂ...!''

''ਖ਼ੈਰ...! ਤੁਸੀਂ ਰੌਲਾ ਪਾ ਕੇ ਬਚਨ ਸਿੰਘ ਨੂੰ ਤਾਂ ਖ਼ਬਰਦਾਰ ਕਰ ਸਕਦੇ ਸੀ?''

''ਜੀ, ਕੁਝ ਸੁੱਝਿਆ ਈ ਨਹੀਂ – ਮੱਤ ਈ ਮਾਰੀ ਗਈ।'' ਤੇਜਾ ਸਿੰਘ ਬੜਾ ਚੰਟ, ਪੇਸ਼ੇਵਰ ਗਵਾਹ ਸੀ। ਪੁਲੀਸ ਨੇ ਬੜੀ ਸੂਝ ਨਾਲ ਲੱਭਿਆ ਸੀ।

''ਖ਼ੈਰ! ਮਕਤੂਲ ਬਚਨ ਸਿੰਘ ਨੂੰ ਨਾ ਸਹੀ – ਤੁਸੀਂ ਰੌਲਾ ਪਾ ਕੇ ਲੋਕਾਂ ਨੂੰ ਤਾਂ ਇਕੱਠੇ

ਕਰ ਸਕਦੇ ਸੀ?'' ਸਰਦਾਰ ਚਾਹਲ ਨੇ ਬੜੇ ਅਦਬ ਸਤਿਕਾਰ ਨਾਲ ਪੁੱਛਿਆ।

''ਜੀ, ਲੋਕਾਂ ਨੂੰ 'ਕੱਠੇ ਕਰਨ ਦਾ ਕੀ ਫਾਇਦਾ ਸੀ? ਕਰਮ ਕੁਰ ਤਾਂ ਮਾਰ ਦਿੱਤੀ ਗਈ ਸੀ?'' ਤੇਜਾ ਸਿੰਘ ਨੇ ਸਰਦਾਰ ਚਾਹਲ ਤੋਂ ਪੁੱਛਿਆ।

''ਕਰਮ ਕੁਰ ਤਾਂ ਮਾਰੀ ਜਾ ਚੁੱਕੀ ਸੀ - ਪਰ ਬਚਨ ਸਿੰਘ ਦੀ ਤਾਂ ਜਾਨ ਬਚ ਸਕਦੀ ਸੀ?''

''......!'' ਤੇਜਾ ਸਿੰਘ ਪੈਰਾਂ ਤੋਂ ਨਿੱਕਲ ਗਿਆ। ਉਸ ਦਾ ਮੂੰਹ ਸਿਉਂਤਾ ਗਿਆ।

ਹਰ ਪੁਆਇੰਟ ਬੜੀ ਤੇਜੀ ਨਾਲ ਨੋਟ ਹੋ ਰਿਹਾ ਸੀ।

''ਖੈਰ ਤੇਜਾ ਸਿੰਘ! ਜੋ ਹੋਣਾਂ ਸੀ - ਉਹ ਤਾਂ ਹੋ ਚੁੱਕਾ ਸੀ - ਘੱਟ ਤੋਂ ਘੱਟ ਤੁਸੀਂ ਪੁਲੀਸ ਨੂੰ ਤਾਂ ਇਤਲਾਹ ਕਰ ਸਕਦੇ ਸੀ?'' ਸਰਦਾਰ ਚਾਹਲ ਬੜੇ ਹੌਂਸਲੇ ਨਾਲ ਅੱਗੇ ਵਧ ਰਿਹਾ ਸੀ।

''......!'' ਤੇਜਾ ਸਿੰਘ ਬਿਲਕੁਲ ਹੀ ਸਿਰ ਸੁੱਟ ਗਿਆ। ਉਹ ਪੈਰਾਂ ਤੋਂ ਉੱਖੜਿਆ, ਗਵਾਹੀ ਦੇ ਕਟਿਹਰੇ ਵਿੱਚ ਬੱਗਾ ਹੋਇਆ ਖੜ੍ਹਾ ਸੀ।

''ਬੋਲੋ, ਤੇਜਾ ਸਿੰਘ......?''

''.......!''

''ਮੀ ਲਾਰਡ...! ਇਸ ਜਗਾਹ ਤੇ ਪਹੁੰਚ ਕੇ ਸਪੱਸ਼ਟ ਸਾਬਤ ਹੁੰਦਾ ਹੈ ਕਿ ਗਵਾਹ ਤੇਜਾ ਸਿੰਘ ਨੇ ਕੁਝ ਵੀ ਨਹੀਂ ਦੇਖਿਆ ਅਤੇ ਨਾ ਹੀ ਕਤਲ ਬਾਰੇ ਉਸ ਨੂੰ ਕੋਈ ਜਾਣਕਾਰੀ ਹੈ - ਇਹ ਤਾਂ ਸਾਰੀ ਪੁਲੀਸ ਦੀ ਝੂਠੀ ਮਨਘੜਤ ਕਹਾਣੀ ਹੈ.....।'' ਚਾਹਲ ਨੇ ਜੱਜ ਨੂੰ ਦੱਸਿਆ।

ਜੱਜ ਚੁੱਪ ਸੀ। ਸੁਣ ਰਿਹਾ ਸੀ।

''ਯੂਅਰ ਆਨਰ...! ਜਦ ਤੇਜਾ ਸਿੰਘ ਅਦਾਲਤ ਅੱਗੇ ਆਪਣੇ ਬਿਆਨ ਦੇ ਰਿਹਾ ਹੈ ਕਿ ਮੈਂ ਉਥੇ ਬਿਲਕੁਲ ਇਕੱਲਾ ਸੀ - ਤਾਂ ਫਿਰ ਇਹ ਦੂਸਰਾ ਗਵਾਹ ਸੁਰਜੀਤ ਸਿੰਘ ਕਿਧਰੋਂ ਆ

ਗਿਆ? ਸਭ ਤੋਂ ਵੱਡੇ ਇਹ ਦੋ ਮੁੱਖ ਪੁਆਇੰਟ ਸਪੱਸ਼ਟ ਜ਼ਾਹਿਰ ਕਰਦੇ ਹਨ ਕਿ ਇਹ ਪੁਲੀਸ ਦੀ ਮਨਘੜਤ ਕਹਾਣੀ ਹੈ – ਕਿਉਂਕਿ ਝੂਠੇ ਗਵਾਹਾਂ ਤੋਂ ਬਿਨਾਂ ਪੁਲੀਸ ਪਾਸ ਕੋਈ ਵੀ ਸਬੂਤ ਨਹੀਂ ਸੀ ਕਿ ਮਕਤੂਲ ਬਚਨ ਸਿੰਘ ਅਤੇ ਕਰਮ ਕੌਰ ਦਾ ਕਤਲ ਸਾਬਤ ਕਰ ਸਕਣ – ਮੈਂ ਅਦਾਲਤ ਅੱਗੇ ਇਨਸਾਫ਼ ਲਈ ਦਰਖ਼ਾਸਤ ਕਰਾਂਗਾ – ਫੈਸਲਾ ਜਨਾਬ, ਤੁਹਾਡੇ ਹੱਥ ਵਿੱਚ ਹੈ – ਦੈਟਸ ਆਲ ਮੀ ਲਾਰਡ!!'' ਚਾਹਲ ਬੈਠ ਗਿਆ।

ਸਰਕਾਰੀ ਵਕੀਲ ਗੱਲ੍ਹ ਤੇ ਉਂਗਲ ਰੱਖੀ ਘੁੱਟਾਂ-ਬਾਟੀ ਝਾਕ ਰਿਹਾ ਸੀ। ਉਸ ਨੂੰ ਕੋਈ ਸੁਆਲ ਨਹੀਂ ਸੁੱਝਿਆ ਸੀ।

ਫੈਸਲੇ ਦੀ ਤਾਰੀਖ ਇਕ ਹਫਤੇ ਤੇ ਪੈ ਗਈ। ਔਰਤ ਸਿਪਾਹੀ ਕਟਹਿਰੇ ਵਿੱਚ ਖੜ੍ਹੀ ਮੀਤੀ ਨੂੰ ਹੱਥਕੜੀ ਲਾ ਕੇ ਲੈ ਗਈ।

ਸਾਰੇ ਬਾਹਰ ਨਿਕਲੇ।

ਉਹਨਾਂ ਦੇ ਚਿਹਰਿਆਂ ਤੇ ਕੋਈ ਤਾਜ਼ੀ ਆਸ ਚਮਕ ਰਹੀ ਸੀ। ਉਹ ਸਰਦਾਰ ਚਾਹਲ ਅੱਗੇ ਝੁਕੇ ਖੜ੍ਹੇ ਸਨ। ਜਿਵੇਂ ਵਕੀਲ ਉਹਨਾਂ ਦਾ ਰੱਬ ਸੀ। ਖੈਰ! ਰੱਬ ਨਹੀਂ ਤਾਂ ਰੱਬ ਵਰਗਾ ਤਾਂ ਜ਼ਰੂਰ ਸੀ।

''ਕਿਉਂ ਚਾਹਲ ਸਾਹਿਬ – ਹੈ ਕੋਈ ਉਮੀਦ...?'' ਮਲਕੀਤ ਸਿੰਘ ਨੇ ਪੁੱਛਿਆ।

''ਨੱਬੇ ਪਰਸੈਂਟ ਹੈ...! ਬਾਕੀ ਕੁਝ ਨਹੀਂ ਕਹਿ ਸਕਦੇ – ਇਹ ਤਾਂ ਅਫਸਰ ਦੇ ਮੂਡ ਦੀ ਗੱਲ ਹੈ।'' ਉਸ ਨੇ ਆਖਿਆ।

''ਖੈਰ...! ਮੁਕੱਦਮਾਂ ਪੋਲੇ ਪੈਰੀਂ ਨਹੀਂ ਛੱਡਦੇ – ਜੋਰ ਤਾਂ ਪੂਰਾ ਲਾਵਾਂਗੇ – ਐਸੀ ਕੋਈ ਗੱਲ ਨਹੀਂ।'' ਤੇ ਵਕੀਲ ਚਲਾ ਗਿਆ।

ਹਫ਼ਤੇ ਬਾਅਦ ਫ਼ੈਸਲੇ ਦੀ ਸੁਣਵਾਈ ਹੋਈ। ਮੀਤੀ ਬਾਇੱਜ਼ਤ ਬਰੀ ਕਰ ਦਿੱਤੀ ਗਈ। ਰਿਹਾਈ ਦੇ ਮੁੱਖ ਪ੍ਰਵਾਨਿਆਂ ਤੇ ਦਸਤਖ਼ਤ ਕਰਵਾ ਲਏ।

ਰਾਤ ਦਾ ਵਾਕਾ ਸੀ। ਕੋਈ ਦਾਅਵੇ ਨਾਲ ਨਹੀਂ ਕਹਿ ਸਕਦਾ ਸੀ ਕਿ ਕਾਤਲ ਮੀਤੀ ਹੀ ਸੀ। ਕੋਈ ਉਂਗਲ ਨਹੀਂ ਧਰ ਸਕਦਾ ਸੀ। ਗਵਾਹ ਥਿੜਕ ਗਏ ਸਨ। ਤੇਜਾ ਸਿੰਘ ਕਹਿ ਰਿਹਾ ਸੀ ਕਿ ਉਹ ਉੱਥੇ ਬਿਲਕੁਲ ਇਕੱਲਾ ਸੀ, ਕੋਠੇ ਤੋਂ ਦੇਖ ਰਿਹਾ ਸੀ। ਠੰਢ ਮੌਕੇ ਅੱਧੀ ਰਾਤੋਂ ਕੋਠੇ ਤੇ ਕੀ ਕੰਮ? ਇਸ ਤੋਂ ਇਲਾਵਾ ਦੂਜਾ ਗਵਾਹ ਸੁਰਜੀਤ ਸਿੰਘ ਕਿੱਧਰੋਂ ਪ੍ਰਗਟ ਹੋ ਗਿਆ ਸੀ?

ਮੁਕੱਦਮਾ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ ਸੀ।

ਜੱਜ ਸਾਹਿਬਾਨ ਚਿੜ ਗਏ। ਝੂਠੇ ਗਵਾਹਾਂ ਨੂੰ ਛੇ-ਛੇ ਮਹੀਨੇ ਦੀ ਸਜ਼ਾ ਅਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ।

ਅਦਾਲਤ ਵਿੱਚ ਸਨਸਨੀ ਫੈਲ ਗਈ।

ਸਾਰੇ ਬਾਘੀਆਂ ਪਾਉਂਦੇ ਮੱਖਣ ਦੇ ਖੇਤ ਪਹੁੰਚ ਗਏ।

ਮਲਕੀਤ ਸਿੰਘ, ਮੀਤੀ ਨੂੰ ਉਸਦੇ ਪਿੰਡ ਛੱਡ ਆਇਆ ਸੀ।

ਖੇਤ ਬੈਠੇ ਸਾਰੇ ਪੀ ਰਹੇ ਸਨ। ਬਿੱਲੂ ਪਤਾ ਨਹੀਂ ਕਿਸ ਖੁਸ਼ੀ ਵਿੱਚ ਬੁੱਕ ਰਿਹਾ ਸੀ। ਉਸਦੀ ਆਵਾਜ਼ ਦੂਰ ਖੇਤਾਂ ਤੱਕ ਹਿਣਕਦੀ ਜਾਂਦੀ ਸੀ।

''ਉਏ, ਮੈਂ ਸਾਰੇ ਪਿੰਡ ਨੂੰ ਅੱਗ ਲਾ ਕੇ ਫੂਕ ਦਿਆਂ...!'' ਪਤਾ ਨਹੀਂ ਬਿੱਲੂ ਕਿਸਨੂੰ ਆਖ ਰਿਹਾ ਸੀ।

ਮੱਖਣ ਕਾ ਸੀਰੀ ਰੋਟੀ ਲੈ ਕੇ ਆਇਆ।

''ਬਾਈ, ਥੋਡੇ ਪਿੰਡੋਂ ਇਕ ਬੰਦਾ ਆਇਐ।'' ਸੀਰੀ ਨੇ ਦੱਸਿਆ।

''ਕੌਣ ਐਂ...?''

''ਚਰਨਾ...।''

''ਕੋਈ ਨਾ - ਕੱਲ੍ਹ ਨੂੰ ਮਿਲਾਂਗੇ!" ਬਿੱਲੂ ਤੋਤਲਾ ਬੋਲਿਆ। ਉਸਦੀ ਸ਼ਰਾਬੀ ਜ਼ੁਬਾਨ ਖੁੱਲ੍ਹੇ ਮੂੰਹ ਵਿੱਚ 'ਡੱਕ-ਡੱਕ' ਵੱਜਦੀ ਸੀ।

ਰੋਟੀ ਖਾ ਕੇ ਸਾਰੇ ਸੌਂ ਗਏ। ਸ਼ਰਾਬੀਆਂ ਦੇ ਘੁਰਾੜੇ ਸੌਣ ਦੇ ਬੱਦਲਾਂ ਵਾਂਗ ਗਰਜਦੇ ਸਨ।

ਦਿਨ ਚੜ੍ਹਿਆ। ਚਰਨਾ ਖੇਤ ਹੀ ਪਹੁੰਚ ਗਿਆ। ਬਿੱਲੂ ਦਾਤਣ ਕਰ ਰਿਹਾ ਸੀ। ਸਰੀਰੋਂ ਉਹ ਨੰਗਾ ਸੀ। ਸ਼ਾਇਦ ਨਹਾਉਣ ਦੀ ਤਿਆਰੀ ਵਿੱਚ ਸੀ।

''ਆ ਬਈ ਚਰਨਿਆਂ...?''

''ਪਤੰਦਰਾ ਹੁਣ ਐਥੇ ਈਂ ਬੈਠਾ ਰਹਿਣੈ?''

''ਇਹ ਕਿਹੜਾ ਬਾਈ ਬਿਗਾਨਾ ਘਰ ਐ?'' ਮੱਖਣ ਨੇ ਕਿਹਾ।

''ਘਰੇ ਜਾ ਕੇ ਕਿਹੜਾ ਮੱਕੀ ਗੁੱਡਣੀਂ ਐ?'' ਬਿੱਲੂ ਬੋਲਿਆ।

''ਬੁੜ੍ਹੀ ਸੰਸੇ ਨਾਲ ਸੁੱਕੀ ਜਾਂਦੀ ਐ।''

''ਬੁੜ੍ਹੀਆਂ ਦੇ ਦਿਲ ਨਿੱਕੇ ਹੁੰਦੇ ਐ।'' ਮੱਖਣ ਦਾ ਬਾਪੂ ਤੁਰਦਾ-ਫਿਰਦਾ ਆ ਗਿਆ।

''ਪਾਈਏ ਚਾਲੇ ਫਿਰ? ਘਰੇ ਕੰਮ ਵੀ ਬਥੇਰੇ ਐ ਕਰਨ ਨੂੰ - ਤੂੰ ਤਾਂ ਵਿਹਲੈਂ - ਪਤਾ ਤਾਂ ਉਦੋਂ ਲੱਗੂ ਜਿਦੋਂ ਪੰਜਾਲ਼ੀ ਥੱਲੇ ਦਿੱਤਾ - ਅਜੇ ਕਰਲੈ ਚਾਰ ਦਿਨ ਜਿਹੜੇ ਅਸ਼ਨੇ ਪਛਨੇ ਕਰਨੇ ਐਂ।''

''ਰੋਟੀ ਖਾ ਕੇ ਜਾਇਓ, ਸ਼ੇਰੋ! ਭੁੱਖੇ ਨਹੀਂ ਤੁਰੀਦਾ ਹੁੰਦਾ।''

ਉਹਨਾਂ ਹਾਜ਼ਰੀ ਰੋਟੀ ਖਾਧੀ ਅਤੇ ਪਿੰਡ ਨੂੰ ਰਵਾਨਾ ਹੋ ਗਏ।

ਬਿੱਲੂ ਹੁਣ ਬਿਲਕੁਲ ਠੀਕ ਸੀ। ਉਸ ਦੇ ਦਿਲ ਵਿੱਚੋਂ ਡਬ੍ਹੱਕ ਨਿੱਕਲ ਚੁੱਕਿਆ ਸੀ। ਹੁਣ ਉਹ ਮਾਂ-ਬਾਪ ਨਾਲ ਮੀਤੀ ਬਾਰੇ ਗੱਲ ਕਰਨ ਲਈ ਵਿਉਂਤਾਂ ਸੋਚ ਰਿਹਾ ਸੀ।

ਉਹ ਘਰ ਪਹੁੰਚੇ। ਮਾਂ ਹਾਬੜ ਕੇ ਪੁੱਤ ਦੇ ਗਲ ਨੂੰ ਚਿੰਬੜ ਗਈ। ਮੱਥਾ ਚੁੰਮਿਆਂ, ਪਿਆਰ ਕੀਤਾ। ਬਾਪੂ ਨੇ ਸਿਰ ਪਲੋਸਿਆ।

''ਲੈ ਪੁੱਤਰਾ - ਹੁਣ ਤੂੰ ਹੋ ਗਿਐਂ ਜੁਆਨ - ਤੇ ਹੁਣ ਤੂੰ ਤੇ ਚਰਨਾ ਬੀਕਾਨੇਰ ਆਲ਼ੀ ਪੈਲ਼ੀ ਸਾਂਭੋ ਜਾ ਕੇ ਤੇ ਆਬਦੇ ਚਾਚੇ ਸੁਰਜਣ ਨੂੰ ਦਿਓ ਛੁੱਟੀ ਉਥੋਂ।'' ਰਾਤ ਨੂੰ ਬਾਪੂ ਨੇ ਰੋਟੀ

ਖਾਣ ਤੋਂ ਬਾਅਦ ਆਖਿਆ।

''ਮੈਂ......!'' ਬਿੱਲੂ ਦੇ ਸਾਹ ਉਪਰ ਨੂੰ ਗਏ। ਉਹ ਤਾਂ ਘਰਦਿਆਂ ਨਾਲ ਮੀਤੀ ਬਾਰੇ ਗੱਲ ਕਰਨੀ ਚਾਹੁੰਦਾ ਸੀ। ਪਰ ਬਾਪੂ ਨੇ ਤਾਂ ਹੋਰ ਹੀ ਕੱਛ 'ਚੋਂ ਮੂੰਗਲਾ ਕੱਢ ਮਾਰਿਆ ਸੀ।

''ਆਹੋ ਬਾਈ ਆਪਾਂ...! ਨਾਲੇ ਕੰਮ ਕਰਿਆ ਕਰਾਂਗੇ ਨਾਲੇ ਹਿਲਾਇਆ ਕਰਾਂਗੇ, ਕੰਨ!'' ਚਰਨਾ ਬੋਲ ਪਿਆ। ਉਸਨੇ ਘੁੱਟ ਲਾ ਰੱਖੀ ਸੀ। ਜਿਸ ਕਰਕੇ ਲਾਚੜ ਕੇ ਗੱਲ ਕਰ ਰਿਹਾ ਸੀ।

ਕਈ ਦਿਨ ਬਿੱਲੂ ਨਾ ਮੰਨਿਆ।

''.......!'' ਕਾਫ਼ੀ ਦਿਨ "ਘੈਂਸ ਘੈਂਸ" ਹੁੰਦੀ ਰਹੀ। ਮੀਤੀ ਤੋਂ ਪਰ੍ਹੇ, ਬਣਵਾਸ ਤੋਂ ਉਸਨੂੰ ਡਰ ਲੱਗਦਾ ਸੀ।

''ਚੱਲ ਇਉਂ ਕਰੀਂ - ਕਣਕ ਦੀ ਕਢਾਈ ਤੋਂ ਬਾਅਦ ਮੁੜ ਆਈਂ - ਫਿਰ ਕੋਈ ਹੋਰ ਸੀਰੀ ਉਥੇ ਭੇਜ ਦਿਆਂਗੇ - ਸਾਰੀ ਉਮਰ ਤਾਂ ਨੀਂ ਉਥੇ ਬੈਠੇ ਰਹਿਣਾਂ।'' ਬਾਪੂ ਨੇ ਫਿਰ ਬਿੱਲੂ ਨੂੰ ਟੁਣਕਾ ਕੇ ਦੇਖਿਆ।

''ਫਿਰ ਤਾਂ ਨਹੀਂ ਭੇਜਦੇ...?"

''ਫੇਰ ਆਪਾਂ ਪੈਲ਼ੀ ਦਾ ਈ ਫਾਹਾ ਵੱਢ ਦੇਣੈ।''

''ਹੁਣ ਨਹੀਂ ਐਂਡੀ ਦੂਰ ਸਾਂਭੀ ਜਾਂਦੀ।'' ਬਾਪੂ ਨੇ ਆਖਿਆ ਤਾਂ ਬਿੱਲੂ ਸਹਿਮਤ ਹੋ ਗਿਆ। ਅਗਲੇ ਦਿਨ ਹੀ ਚਰਨਾ ਅਤੇ ਬਿੱਲੂ ਬਠਿੰਡਿਓਂ ਬੀਕਾਨੇਰ ਵਾਲੀ ਗੱਡੀ ਚੜ੍ਹ ਗਏ। ਪਿੰਡੋਂ ਬਠਿੰਡੇ ਤੱਕ ਉਹਨਾਂ ਨੇ ਬੱਸ ਵਿੱਚ ਸਫ਼ਰ ਕੀਤਾ ਸੀ। ਬਿੱਲੂ ਮੀਤੀ ਨੂੰ ਮਿਲ ਕੇ ਜਾਣਾ ਚਾਹੁੰਦਾ ਸੀ। ਪਰ ਚਰਨਾ ਲੱਤ ਨਹੀਂ ਲਾ ਰਿਹਾ ਸੀ। ਬੇਬੇ ਦਾ ਸਿਖਾਇਆ ਚਰਨਾ ਉਸ ਨੂੰ ਟਾਲ਼ੀ ਆ ਰਿਹਾ ਸੀ।

''ਤੂੰ ਫੇਰ ਲਿੱਚੀ ਮਾਰ ਜਾਣੀ ਐਂ।'' ਚਰਨੇ ਨੂੰ ਡਰ ਸੀ।

''ਨਹੀਂ ਮਾਰਦਾ ਯਾਰ – ਬਾਈ ਬਣਕੇ!''

''ਇਹ ਕਿਹੜਾ ਕੁੰਭ ਦਾ ਮੇਲਾ ਐ – ਬਈ ਬਾਰ੍ਹਾਂ ਸਾਲ ਬਾਅਦ ਆਊਗਾ? ਦੋ ਮਹੀਨਿਆਂ ਦੀ ਤਾਂ ਘਾਣੀ ਐਂ।'' ਚਰਨੇ ਨੇ ਦਿਲਾਸਾ ਦਿੱਤਾ। ਬੱਚਿਆਂ ਵਾਂਗ ਵਿਰਾਇਆ।

''ਨਹੀਂ, ਮੈਂ ਤਾਂ ਮਿਲ ਕੇ ਜਾਊਂ – ਆਹ ਬੈਠੈਂ।'' ਬਿੱਲੂ ਬਠਿੰਡੇ ਸਟੇਸ਼ਨ ਤੇ ਅੜ ਗਿਆ ਸੀ।

''ਚੰਗਾ ਅਗਲੇ ਮਹੀਨੇ ਆ ਜਾਈਂ।'' ਚਰਨਾ ਕਸੂਤਾ ਫਸਿਆ ਖੜ੍ਹਾ ਸੀ।

''ਉਥੋਂ ਕਿਤੇ ਤੂੰ ਮੈਨੂੰ ਆਉਣ ਦੇਵੇਂਗਾ?''

''ਆ ਜਾਈ ਚਾਚਾ...! ਤੈਨੂੰ ਮੈਂ ਜਮਾਂ ਨਹੀਂ ਰੋਕਦਾ – ਹੁਣ ਤਾਂ ਤੁਰ ਪੈ ਬਾਪੂ...! ਐਨੀਆਂ ਮਿੰਨਤਾਂ ਨਾਲ ਤਾਂ ਬੁੜ੍ਹਾ ਵੀ ਵਿਆਹ ਲਿਆਉਂਦੇ।'' ਚਰਨਾ ਹਰਖ਼ ਗਿਆ ਸੀ। ਬਿੱਲੂ ਗੱਡੀ ਵਿੱਚ ਬੈਠ ਗਿਆ ਸੀ।

ਗੱਡੀ ਆਪਣੀ ਰਫ਼ਤਾਰ ਨਾਲ ਭੱਜੀ ਜਾ ਰਹੀ ਸੀ।

ਮੀਤੀ ਪਿੰਡ ਹੀ ਰਹਿੰਦੀ।

ਉਹ ਕਿਸੇ ਨਾਲ ਗੱਲ ਨਾ ਕਰਦੀ। ਨਾ ਉਸ ਕੋਲ ਕੋਈ ਆਉਂਦਾ ਅਤੇ ਨਾ ਹੀ ਉਹ ਕਿਸੇ ਕੋਲ ਜਾਂਦੀ। ਇਕੱਲੇਪਣ ਦਾ ਅਹਿਸਾਸ ਤਾਂ ਉਸ ਨੂੰ ਜਿਵੇਂ ਰਹਿ ਹੀ ਨਹੀਂ ਗਿਆ ਸੀ। ਕਿਸੇ ਉਜਾੜ ਵਿੱਚ ਖੜ੍ਹੇ ਜੰਡ ਵਾਂਗ ਉਹ ਇਕੱਲੀ ਸੀ, ਅਡੋਲ ਸੀ। ਉਹ ਨਾ ਕਦੇ ਰੋਂਦੀ ਅਤੇ ਨਾ ਕਦੇ ਹੱਸਦੀ। ਖਾਮੋਸ਼ ਅੱਖਾਂ ਨਾਲ ਉਹ ਸੱਖਣੇ ਘਰ ਵੱਲ ਤੱਕਦੀ ਰਹਿੰਦੀ। ਉਦਾਸ ਕੰਧਾਂ ਉਸ ਨੂੰ ਆਪਣੀਆਂ ਹਾਣੀ ਜਾਪਦੀਆਂ।

ਤਕਰੀਬਨ ਰਾਤ ਦੇ ਦਸ ਵੱਜੇ ਸਨ। ਮੀਤੀ ਦਾ ਕਿਸੇ ਨੇ ਦਰਵਾਜਾ ਖੜਕਾਇਆ। ਮੀਤੀ ਸਹਿ ਸੁਭਾਅ ਹੀ ਉਠ ਕੇ ਬੈਠ ਗਈ। ਉਸ ਦਾ ਦਿਲ ਧੜਕਿਆ ਸੀ, ਨਾ ਡਰ ਲੱਗਿਆ ਸੀ।

ਦਰਵਾਜ਼ਾ ਫਿਰ ਖੜਕਿਆ।

ਉਸਨੇ ਕੁਹਾੜੀ ਚੁੱਕੀ ਅਤੇ ਅੰਦਰ ਕੰਧ ਨਾਲ ਲਾ ਦਿੱਤੀ। ਬੇਝਿਜਕ ਦਰਵਾਜ਼ਾ ਖੋਲ੍ਹ ਦਿੱਤਾ।

ਇਕ ਸਾਈਕਲ ਵਾਲੀ ਕੁੜੀ ਅੰਦਰ ਲੰਘ ਆਈ। ਉਚੀ ਲੰਮੀ, ਗੋਰੀ ਚਿੱਟੀ ਸਰੂ ਵਰਗੀ ਭਰ ਜੁਆਨ ਕੁੜੀ ਮੀਤੀ ਦੀ ਉਮਰ ਦੀ ਹੀ ਲੱਗਦੀ ਸੀ। ਉਸ ਦਾ ਨਾਂ ਕ੍ਰਿਪਾਲ ਕੌਰ ਸੀ। ਜਿਸਦੇ ਨਾਲ ਮਿਲ ਕੇ ਮੀਤੀ ਨੇ ਕਰਮੋ ਅਤੇ ਬਚਨੇ ਦਾ ਕਤਲ ਕੀਤਾ ਸੀ। ਕਤਲ ਤੋਂ ਪਹਿਲਾਂ ਅਤੇ ਕਤਲ ਤੋਂ ਬਾਅਦ ਮੀਤੀ ਕਿਰਪਾਲ ਕੌਰ ਕੋਲ ਹੀ ਰਹੀ ਸੀ। ਦੋਨੋਂ ਹਮਰਾਜ਼ ਸਨ। ਮਿਡਲ ਸਕੂਲ ਵਿੱਚ ਅੱਠਵੀਂ ਤੱਕ ਇਕੱਠੀਆਂ ਹੀ ਪੜ੍ਹੀਆਂ ਸਨ। ਅਚਾਨਕ ਕਿਰਪਾਲ ਕੌਰ ਦਾ ਬਾਪੂ ਚੜ੍ਹਾਈ ਕਰ ਗਿਆ ਸੀ। ਜਿਸ ਕਰਕੇ ਉਸਨੂੰ ਅੱਠਵੀਂ ਤੋਂ ਬਾਅਦ ਸਕੂਲ ਨਸੀਬ ਨਾ ਹੋਇਆ।

ਕਿਰਪਾਲ ਕੌਰ ਦੀ ਮਾਂ ਤਾਂ ਬਚਪਨ ਵਿੱਚ ਹੀ 'ਅੱਖਾਂ ਮੀਟ' ਗਈ ਸੀ। ਫਿਰ ਉਸ ਦੇ ਬਾਪ ਨੇ ਕਿਰਪਾਲ ਕੌਰ ਦੀ ਮਾਸੀ ਨਾਲ ਹੀ ਸ਼ਾਦੀ ਕਰ ਲਈ ਸੀ, ਜਿਸ ਦਾ ਪਹਿਲਾਂ ਤਲਾਕ ਹੋ ਚੁੱਕਾ ਸੀ। ਮਾਸੀ ਵੀ ਕੀ ਸੀ? ਅੱਗ ਦੀ ਲਾਟ, ਅੜਬ ਘੋੜੀ! ਸੁਰਖੀ, ਬਿੰਦੀ ਥੱਪਣ ਵਾਲੀ ਖੱਟਰ ਸ਼ੌਕੀਨਣ! ਬਿਗਾਨੀਆਂ ਖੁਰਲੀਆਂ ਵਿੱਚ ਮੂੰਹ ਮਾਰਣ ਦੀ ਆਦਤ ਸੀ। ਮਾਸੀ ਦੀਆਂ ਵਧੀਕੀਆਂ ਕਾਰਨ ਹੀ ਕਿਰਪਾਲ ਦਾ ਬਾਪੂ ਛੇਤੀ ਸਵਰਗ ਸਿਧਾਰ ਗਿਆ ਸੀ। ਲੋਕ ਤਾਂ ਆਖਦੇ ਸਨ ਕਿ ਕਿਰਪਾਲ ਦੀ ਮਾਸੀ ਦਰਸ਼ੋ ਨੇ ਹੀ ਉਸਦੇ ਬਾਪੂ ਨੂੰ ਕੁਝ ਦੇ ਦਿੱਤਾ ਸੀ। ਪਰ ਕਿਸੇ ਗੱਲ ਦਾ ਨਿਰਣਾਂ ਨਹੀ ਹੋ ਸਕਿਆ ਸੀ। ਕਿਰਪਾਲ ਦਾ ਬਾਪ ਤਾਂ ਮਰਨ ਵਾਲਾ ਮਰ ਗਿਆ ਸੀ। ਪਰ ਸਹੁਰੇ ਲੋਕਾਂ ਦੀ ਦੰਦ ਕਥਾ ਨਹੀਂ ਮੁੱਕੀ ਸੀ। ਲੋਕਾਂ ਨੇ ਪਾਣੀ 'ਚ ਮਧਾਣੀ ਪਾਈ ਰੱਖੀ ਸੀ। ਪਰ ਕੁਝ ਪੱਲੇ ਨਾ ਪਿਆ। ਅਖੀਰ ਲੋਕ ਗੱਲਾਂ ਕਰਨੋਂ ਆਪ ਹੀ ਹਟ ਗਏ। ਕਿਸੇ ਨੇ ਰੋਕੇ, ਨਾ ਟੋਕੇ। ਆਪ ਹੀ ਥੱਕ ਹੰਭ ਗਏ ਸਨ।

ਦੋਨੋਂ ਸਹੇਲੀਆਂ ਗਲ਼ ਲੱਗ ਕੇ ਮਿਲੀਆਂ।

''ਜੀਅ ਕਰ ਹੀ ਆਇਆ ਮਿਲਣ ਨੂੰ?'' ਮੀਤੀ ਨੇ ਨਿਹੋਰਾ ਦਿੱਤਾ।

''ਮੈਂ ਤਾਂ ਤੈਨੂੰ ਕੇਸ ਜਿੱਤੇ ਦੀ ਵਧਾਈ ਦੇਣ ਆਈ ਐਂ।'' ਕਿਰਪਾਲ ਬੋਲੀ।

ਚਾਹ ਪੀਤੀ ਗਈ। ਦੋਨੋਂ ਹਮਰਾਜ਼ ਗੱਲਾਂ ਕਰਦੀਆਂ ਰਹੀਆਂ। ਗੱਲਾਂ ਕਰਦੀ ਕਿਰਪਾਲ ਸਿਸਕਣ ਲੱਗ ਪਈ। ਉਸਦੇ ਹੰਝੂ ਧਰਾਲਾਂ ਬਣ ਵਹਿ ਤੁਰੇ।

''ਦਿਲ ਕਿਉਂ ਛੋਟਾ ਕੀਤੈ? ਕੀ ਹੋ ਗਿਆ ਕੋਈ ਗੱਲ ਤਾਂ ਦੱਸ?'' ਮੀਤੀ ਹੈਰਾਨ ਸੀ।

''.......!''

''ਰੋਂਦੇ ਐ ਕਮਜ਼ੋਰ।''

"ਅੜੀਏ ਵੈਦ ਤੰਗ ਕਰਨੋਂ ਨ੍ਹੀ ਹੱਟਦਾ!" ਉਸ ਦੇ ਹੌਂਕੇ ਹੋਰ ਉਚੀ ਸੁਰ ਵਿਚ ਹੋ ਗਏ।

"ਵੈਦ ਕੌਣ ਐਂ? ਤੇ ਕੀ ਕਹਿੰਦੈ ਉਹ ਸੂਰਮਾਂ?"

"ਸਾਡੇ ਪਿੰਡ ਦਾ ਈ ਐ – ਪਹਿਲਾਂ ਮਾਸੀ ਕੋਲ਼ੇ ਆਉਂਦਾ ਜਾਂਦਾ ਸੀਗਾ – ਤੇ ਰਾਤ ਮੇਰੇ ਮਗਰ ਪੈ ਗਿਆ।" ਉਸ ਦੀ ਜਵਾਨ ਛਾਤੀ ਵਿੱਚ ਹਾਉਕੇ ਟੱਕਰਾਂ ਮਾਰ ਰਹੇ ਸਨ।

''ਤੇਰੀ ਮਾਸੀ ਵੀ ਇਹੋ ਚਾਹੁੰਦੀ ਸੀ?''

''ਹਾਂ...।''

''ਫੇਰ......?''

''ਮੈਂ ਡਰ ਕੇ ਅੰਦਰੋਂ ਕੁੰਡਾ ਮਾਰ ਲਿਆ – ਸਾਰੀ ਰਾਤ ਗਰਮੀ ਵਿੱਚ ਅੰਦਰੇ ਈ ਕੱਟੀ – ਮੱਛਰ ਵੱਢ-ਵੱਢ ਖਾਂਦਾ ਰਿਹਾ – ਤੇ ਵੈਦ ਸ਼ਰਾਬੀ ਹੋਇਆ ਦਰਵਾਜਾ ਤੋੜਦਾ ਰਿਹਾ – ਤੇ ਅੱਜ ਮੈਨੂੰ ਮਾਸੀ ਨੇ ਘਰੋਂ ਕੱਢ ਦਿੱਤਾ।'' ਕਿਰਪਾਲ ਦੀ ਛਾਤੀ ਹੰਝੂਆਂ ਨਾਲ ਗੱਚ ਹੋ ਗਈ ਸੀ।

ਜਿਵੇਂ ਕੋਈ ਬਾਰੂਦ ਫ਼ਟ ਗਿਆ ਸੀ। ਪਹਾੜ ਢੇਰੀ ਹੋ ਗਿਆ ਸੀ। ਧਰਤੀ ਪਾਟ ਗਈ ਸੀ। ਅਸਮਾਨ ਤਿੜਕ ਗਿਆ ਸੀ। ਮੀਤੀ ਦਾ ਸਰੀਰ ਗੁੱਸੇ ਨਾਲ ਕੰਬ ਰਿਹਾ ਸੀ। ਕਦੋਂ ਔਰਤ-ਔਰਤ ਤੇ ਜੁਲਮ ਕਰਨੋਂ ਹਟੇਗੀ? ਨਾਰੀ ਮਰਦ ਹੱਥੋਂ ਕਿੰਨਾ ਕੁ ਚਿਰ ਜ਼ਲੀਲ ਹੁੰਦੀ ਰਹੇਗੀ? ਗੁਰੂ ਸਾਹਿਬਾਂ ਨੇ ਜੁਲਮ ਕਰਨਾ ਅਤੇ ਸਹਿਣਾ ਦੋਨੋਂ ਹੀ ਗੁਨਾਹ ਦੱਸੇ ਹਨ।

‘‘ਇਹਦਾ ਵੀ ਕੋਈ ਹੱਲ ਲੱਭਣਾਂ ਪਊ ਫੇਰ?’’ ਮੀਤੀ ਨੇ ਆਪਣੇ ਆਪ ਨੂੰ ਦੱਸਿਆ ਸੀ।

ਕਿਰਪਾਲ ਚੁੱਪ ਚਾਪ ਰੋਈ ਜਾ ਰਹੀ ਸੀ।

‘‘ਰੋਇਆਂ ਕੁਝ ਨਹੀਂ ਬਣਨਾ ਕਿਰਪਾਲ - ਰੋਇਆਂ ਰੱਬ ਨਹੀਂ ਰੀਝਦਾ - ਨਾ ਹੀ ਜਾਲਮ ਅੱਗੇ ਲੱਗਦੈ।’’

‘‘.......!’’

‘‘ਹਿੰਮਤੇ ਮਰਦਾਂ-ਮੱਦਦੇ ਖੁਦਾ! ਰੱਬ ਵੀ ਉਸੇ ਦੀ ਮੱਦਦ ਕਰਦੈ ਜੋ ਹਿੰਮਤ ਕਰਦੇ ਐ।’’

‘‘......!’’

‘‘ਲੈ ਦੁਸ਼ਟਾ ਤੇਰਾ ਤਾਂ ਕਾਲ ਆ ਗਿਆ - ਤੇਰੇ ਤਾਂ ਜਮ ਤਿਆਰ ਖੜ੍ਹੇ ਐ।’’ ਮੀਤੀ ਨੇ ਮਨ ਅੰਦਰ ਸੋਚਿਆ। ਰਾਤ ਦਾ ਮੌਕਾ ਸੀ। ਉਹ ਹੌਲੀ-ਹੌਲੀ ਕਦਮ ਬੋਚਦੀਆਂ ਅੰਦਰ ਦਾਖਲ ਹੋ ਗਈਆਂ। ਦੋਨੋਂ ਬਹੁਤ ਹੀ ਧੀਮੀ ਚਾਲ ਅਤੇ ਪੱਬਾਂ 'ਤੇ ਹੋ-ਹੋ ਕੇ ਤੁਰਦੀਆਂ ਸਨ। ਕੱਛੂ ਚਾਲ ਤੁਰਦੀਆਂ ਉਹ ਖਿੜਕੀ ਕੋਲ ਆ ਗਈਆਂ।

ਵਿਹੜਾ ਹਨ੍ਹੇਰੇ ਨਾਲ ਭਰਿਆ ਪਿਆ ਸੀ। ਦੋਨਾਂ ਨੇ ਖਿੜਕੀ ਰਾਹੀਂ ਅੰਦਰ ਝਾਤੀ ਮਾਰੀ। ਦਰਸ਼ੋ ਵੈਦ ਨੂੰ ਰੋਟੀ ਖਾਣ ਲਈ ਕਹਿ ਰਹੀ ਸੀ। ਉਹ ਥਾਲੀ ਚੁੱਕੀ ਖੜ੍ਹੀ ਸੀ। ਪਰ ਵੈਦ ਸ਼ਰਾਬੀ ਹੋਇਆ ਇਕੋ ਹੀ ਰਟ ਲਾਈ ਜਾਂਦਾ ਸੀ।

‘‘ਇਕ ਮਿੱਠੀ ਦੇ ਦੇ...!’’

‘‘ਤੂੰ ਪਹਿਲਾਂ ਲੰਗਰ ਤਾਂ ਝੁਲਸ ਲੈ - ਮਿੱਠੀ ਕਿਤੇ ਚੱਲੀ ਐ? ਔਤਰੇ ਦਾ ਲੱਛਣ ਜਿਹੇ ਕੀ ਕਰੀ ਜਾਂਦੈ।’’ ਦਰਸ਼ੋ ਨੇ ਮਿੱਠਾ ਰੋਅਬ ਝਾੜਿਆ।

‘‘ਨਹੀਂ, ਪਹਿਲਾਂ ਮਿੱਠੀ ਦੇਹ...!’’ ਵੈਦ ਦਾ ਮੂੰਹ ਜਿਵੇਂ ਉਸਨੂੰ ਖਾਣ ਨੂੰ ਆ ਰਿਹਾ ਸੀ। ਉਸ ਦੇ ਮੂੰਹੋਂ ਝੱਗ ਡਿੱਗ ਰਹੀ ਸੀ।

''ਚੰਗਾ, ਰੋਟੀ ਖਾਣ ਤੋਂ ਬਾਅਦ ਦਿਊਂਗੀ - ਆਖਿਆ ਗੱਲ ਵੀ ਮੰਨਿਆ ਕਰ ਕਦੇ।'' ਉਸਨੇ ਉਸਦਾ ਹੱਥ ਝਿਣਕ ਦਿੱਤਾ।

''ਬਿਲਕੁਲ ਨਹੀਂ - ਤੂੰ ਮੈਨੂੰ ਸ਼ਰਾਬੀ ਸਮਝਦੀ ਐਂ? ਪਹਿਲਾਂ ਮਿੱਠੀ ਫੇਰ ਰੋਟੀ।'' ਵੈਦ ਦੀ ਹਿੰਡ ਭੈੜੀ ਲੱਗਦੀ ਸੀ। ਉਹ ਰੋਟੀ ਖਾਣ ਤੋਂ ਮੁੱਨਕਰ ਸੀ। ਸੱਥਰ ਪਾਈ ਬੈਠਾ ਸੀ।

''ਚੰਗਾ ਏ ਆਹ ਲੈ - ਕੋਹੜਿਆ ਵਾ ਗੈਂਡੇ ਮੂੰਹਾਂ ਜਿਆ।''

''ਪਰਸੋਂ ਦੰਦ ਖਭੋ ਦਿੱਤੇ ਸੀ ਸ਼ਰਾਬੀ ਹੋਏ ਨੇ - ਦਾਗ ਅਜੇ ਤਕ ਨਹੀਂ ਗਏ - ਇਕ ਤੇਰੇ ਦੰਦ ਕੁਹਾੜਿਆਂ ਅਰਗੇ ਐ।'' ਦਰਸ਼ੋ ਨੇ ਨਿਘੋਚ ਕੱਢੀ।

''ਲਿਆ, ਦੁਆਈ ਲਾ ਦਿਆਂ - ਮਖਿਆ ਮਾੜਾ ਜਿਆ ਉਰ੍ਹੇ ਤਾਂ ਹੋ ਜਾ - ਮੈਂ ਬਘਿਆੜ ਤਾਂ ਨਹੀਂ ਬਈ ਜਿਹੜਾ ਮੂੰਹ 'ਚ ਪਾ ਜਾਊਂਗਾ - ਕੀ ਕਮਲ਼ ਜਿਆ ਮਾਰੀ ਜਾਂਦੀ ਐ, ਭਰਮਾਂ ਦੀ ਪੱਟੀ।''

ਦਰਸ਼ੋ ਨੇ ਗੱਲ੍ਹ ਕੋਲ਼ ਨੂੰ ਕੀਤੀ ਤਾਂ ਵੈਦ ਨੇ ਕੁਲਫੀ ਵਾਂਗ ਚੂਸ ਲਈ।

''ਆਹਾ...!''

''ਹਾਏ ਐਡੀ ਜੋਰ ਦੀ - ਮੈਂ ਮਰਗੀ ਜਾਨ ਈ ਕੱਢਤੀ ਸੀ!'' ਦਰਸ਼ੋ ਨੇ ਨਖਰਾ ਕੀਤਾ।

''ਕੀ ਮੈ ਤੇਰੇ ਡੰਗ ਮਾਰਤਾ? ਐਮੇਂ ਖੇਖਣ ਜੇ ਕਰੀ ਜਾਂਦੀ ਐ।'' ਵੈਦ ਹੱਥ ਲੰਮੀ ਜੀਭ ਬਲਦ ਵਾਂਗ ਬਰਾਛਾਂ 'ਤੇ ਮਾਰ ਰਿਹਾ ਸੀ।

''ਚੰਗਾ - ਤੂੰ ਹੁਣ ਰੋਟੀ ਝੁਲਸ ਲੈ - ਮੈਂ ਬਾਹਰਲਾ ਦਰਵਾਜ਼ਾ ਬੰਦ ਕਰਕੇ ਆਉਨੀ ਆਂ।'' ਦਰਸ਼ੋ ਨੇ ਕਿਹਾ।

''ਦਰਵਾਜ਼ਾ ਮੈਂ ਲਾ ਆਉਨੈਂ।'' ਵੈਦ ਅਲ਼ਕ ਵਹਿੜਕੇ ਵਾਂਗ ਝੂਲ ਰਿਹਾ ਸੀ।

''ਰਹਿਣ ਦੇ ਕੋਈ - ਦੇਖਲੂਗਾ।''

''ਦੇਖ ਲੈਣ ਦੇ! ਮੈਨੂੰ ਕਿਸੇ ਦਾ ਡਰ ਨਹੀਂ ਮਿੱਠੋ! ਮੈਂ ਸਾਰੇ ਪਿੰਡ ਦਾ ਪਿਉ! ਮੈਂ ਚਾਹਾਂ

ਪਿੰਡ ਨੂੰ ਫੂਕ ਮਾਰ ਕੇ ਉਡਾ ਦਿਆਂ - ਮੈਥੋਂ ਦੁਨੀਆਂ ਕੰਬਦੀ ਐ!'' ਵੈਦ ਖਰੀ ਕਰ ਰਿਹਾ ਸੀ।

''ਵੇ ਬਹਿਜਾ ਟੁੱਟ ਪੈਣਿਆਂ - ਕਿਉਂ ਝੱਜੂ ਪਾਇਐ?'' ਦਰਸ਼ੋ ਹਰਖ਼ ਗਈ।

''ਤੂੰ ਮੈਨੂੰ ਸ਼ਰਾਬੀ ਸਮਝਦੀ ਐਂ?''

''ਕੁੱਤੇ ਦੇ ਕਦੇ ਸੋਟੀ ਨਹੀਂ ਮਾਰੀ - ਗੱਲਾਂ ਕਰਦੈ ਗਾਜੀਆਣੇ ਆਲੇ ਕੁੰਢਾ ਸਿਉਂ ਮਾਂਗੂੰ।'' ਉਸ ਨੇ ਨੱਕ ਚੜ੍ਹਾਇਆ।

''ਮੈਖਿਆ, ਕਦੇ ਦੇਖ ਲਈਂ ਹੱਥ ਯਾਰ ਦੇ - ਜੇ ਟਾਹਲੀਆਂ ਨਾ ਵਿਹੁ ਕਰ ਦਿਆਂ- ਗਾਜੀਆਣੇ ਵਾਲੇ ਕੁੰਢਾ ਸਿਉਂ ਤੋਂ ਮੈਨੂੰ ਘੱਟ ਸਮਝਦੀ ਐ ਤੂੰ?'' ਉਹ ਮੰਜੀ ਦੀ ਬਾਹੀ ਤੇ ਲੇਟ ਹੋਇਆ ਬੈਠਾ ਸੀ।

''ਚੰਗਾ ਮੈਂ ਬਾਰ ਲਾ ਆਵਾਂ - ਤੂੰ ਰੋਟੀ ਖਾਅ।''

''ਜੇ ਤੈਨੂੰ ਡਰ ਲੱਗਦੈ - ਬਾਰ ਮੈਂ ਲਾ ਆਉਨੈਂ - ਮੈਂ ਕਿਸੇ ਗਾਜੀਆਣੇ ਵਾਲੇ ਕੁੰਢਾ ਸਿਉਂ ਨਾਲੋਂ ਘੱਟ ਨਹੀਂ - ਤੂੰ ਮੈਨੂੰ ਸ਼ਰਾਬੀ ਸਮਝਦੀ ਐਂ?'' ਵੈਦ ਬੁੱਕ ਰਿਹਾ ਸੀ।

''ਕਿਉਂ ਡਰ ਨੂੰ ਮੈਨੂੰ ਕੁਛ ਖਾਦੈ?'' ਦਰਸ਼ੋ ਬਾਹਰ ਨਿਕਲ਼ ਗਈ। ਬਾਹਰ ਹਨ੍ਹੇਰਾ ਸੀ। ਮੀਤੀ ਅਤੇ ਕਿਰਪਾਲ ਥਮਲ੍ਹਿਆਂ ਉਹਲੇ ਹੋ ਗਈਆਂ।

ਵੈਦ ਰੋਟੀ ਖਾ ਰਿਹਾ ਸੀ।

ਜਦੋਂ ਦਰਸ਼ੋ ਦਰਵਾਜ਼ਾ ਲਾ ਕੇ ਮੁੜੀ ਤਾਂ ਮੀਤੀ ਨੇ ਪਿੱਛੇ ਦੀ ਹੋ ਕੇ ਦੌਣ ਦੀ ਰੱਸੀ ਦਰਸ਼ੋ ਦੇ ਗਲ ਵਿੱਚ ਪਾ ਲਈ ਅਤੇ ਹਜੋਕਾ ਮਾਰ ਕੇ ਜੋਰ ਦੀ ਖਿੱਚਿਆ। ਰੱਸੀ ਨੂੰ ਨਾਗਵਲ ਪਾਇਆ ਹੋਇਆ ਸੀ। ਦਰਸ਼ੋ ਦਾ ਸਾਹ ਬੰਦ ਹੋ ਗਿਆ। ਇਕ ਦਮ ਜਿਵੇਂ ਜਿੰਦਰੇ ਲੱਗ ਗਏ ਸਨ। ਮੀਤੀ ਨੇ ਰੱਸੇ ਨੂੰ ਪੂਰੇ ਤਾਣ ਨਾਲ ਖਿੱਚ ਰੱਖਿਆ ਸੀ। ਉਸਦਾ ਸਾਰਾ ਸਰੀਰ ਪਸੀਨੇ ਨਾਲ ਤਰ-ਬ-ਤਰ ਸੀ। ਕੂਹਣੀਆਂ ਰਾਹੀਂ ਮੁੜ੍ਹਕਾ ਚੋਅ ਰਿਹਾ ਸੀ। ਦਰਸ਼ੋ ਰੌਲ਼ਾ ਪਾਉਣ ਦਾ ਯਤਨ ਕਰਦੀ ਸੀ। ਪਰ ਰੱਸਾ ਫੰਧੇ ਵਾਂਗ ਕਸਿਆ ਹੋਇਆ ਸੀ। ਉਸਨੇ ਬਥੇਰ੍ਹੇ ਹੱਥ ਪੱਲੇ ਮਾਰੇ, ਪਰ ਪੇਸ਼ ਨਾ ਗਈ। ਨਾ

ਸਾਹ ਆ ਰਿਹਾ ਸੀ, ਨਾ ਜਾ ਰਿਹਾ ਸੀ। ਦਰਸ਼ੋ ਦੀਆਂ ਅੱਖਾਂ ਖੜ੍ਹ ਗਈਆਂ। ਅਖੀਰ ਉਹ ਸਿੱਥਲ ਹੋ ਕੇ ਮੂਧੇ ਮੂੰਹ ਧਰਤੀ 'ਤੇ ਵਿਛ ਗਈ। ਮੀਤੀ ਨੇ ਗਿੱਚੀ ਤੇ ਅੱਡੀ ਰੱਖ ਕੇ ਰੱਸਾ ਉਤਨੀ ਜੋਰ ਨਾਲ ਹੀ ਖਿੱਚੀ ਰੱਖਿਆ। ਉਤਨਾ ਚਿਰ ਢਿੱਲਾ ਨਹੀਂ ਕੀਤਾ, ਜਿੰਨਾ ਚਿਰ ਉਸਨੂੰ ਯਕੀਨ ਨਾ ਆਇਆ ਕਿ ਦਰਸ਼ੋ ਮਰ ਚੁੱਕੀ ਸੀ।

ਰੱਸਾ ਛੱਡ ਕੇ ਉਸਨੇ ਨਬਜ਼ ਦੇਖੀ। ਨਬਜ਼ ਖੜ੍ਹੀ ਸੀ। ਫਿਰ ਉਸਨੇ ਛਾਤੀ ਤੇ ਹੱਥ ਰੱਖ ਕੇ ਦੇਖਿਆ। ਦਿਲ ਸ਼ਾਂਤ ਹੋਇਆ ਪਿਆ ਸੀ। ਕੋਈ ਹਰਕਤ ਨਹੀਂ ਸੀ। ਲਾਸ਼ ਪਲ ਪਲ ਬਰਫ਼ ਬਣਦੀ ਜਾ ਰਹੀ ਸੀ।

ਦਰਸ਼ੋ ਦੀ ਲਾਸ਼ ਨੂੰ ਮੀਤੀ ਅਤੇ ਕਿਰਪਾਲ ਨੇ ਖਿੱਚ ਕੇ ਤੂੜੀ ਵਾਲੇ ਕੋਠੇ ਅੰਦਰ ਕਰ ਦਿੱਤਾ। ਉਹਨਾਂ ਦੇ ਮੱਥੇ ਤੋਂ ਪਸੀਨਾਂ ਤਤੀਹਰੀਆਂ ਬਣ ਬਣ ਵਹਿ ਰਿਹਾ ਸੀ। ਹੱਥ ਕੰਬ ਰਹੇ ਸਨ। ਪਰ ਇਰਾਦਾ ਦ੍ਰਿੜ ਸੀ। ਮਜਬੂਤ ਸੀ।

''ਉਏ ਕਿੱਧਰ ਮਰਗੀ...? ਅਜੇ ਤੱਕ ਦਰਵਾਜ਼ਾ ਬੰਦ ਨਹੀਂ ਹੋਇਆ? ਸਹੁਰੇ ਦੀਏ ਤੂੰ ਵੀ ਰੋੜਾਂ ਉਤੋਂ ਦੀ ਖਿੱਚਦੀ ਐਂ – ਤੈਨੂੰ ਕਿਹਾ ਸੀ ਕੁੜੀ ਨੂੰ ਘਰੋਂ ਨਾ ਕੱਢ – ਹੌਲੀ ਹੌਲੀ ਕਲੇਮ 'ਚ ਕਰਲਾਂਗੇ – ਪਰ ਤੂੰ ਨਹੀਂ ਮੰਨੀ – ਕੰਜਰ ਦੀਏ, ਕਦੇ ਤੈਨੂੰ ਦਮ ਦੁਆ ਦਿਆ ਕਰਦੀ।'' ਅੰਦਰੋ ਵੈਦ ਬੋਲ ਰਿਹਾ ਸੀ।

ਮੀਤੀ ਸੁਣ ਕੇ ਕੋਲੇ ਹੋ ਗਈ।

ਬਲ ਸੜ ਗਈ ਸੀ।

''ਉਏ ਆ ਵੀ ਜਾਹ ਹੁਣ...!''

''ਵੇ ਆਉਣੀ ਆਂ – ਮਾੜੀ ਜੀ ਜਰੈਂਦ ਵੀ ਕਰ ਲਿਆ ਕਰ – ਮੈਂ ਕਿਤੇ ਭੱਜ ਤਾਂ ਨਹੀਂ ਗਈ – ਕੋਹੜਿਆ, ਮੂਤਣ ਵੀ ਨਹੀਂ ਦਿੰਦਾ।'' ਗੁਸਲਖ਼ਾਨੇ ਕੋਲੋਂ ਕਿਰਪਾਲ ਕਹਿ ਰਹੀ ਸੀ। ਸ਼ਰਾਬੀ ਵੈਦ ਨੂੰ ਕਿਹੜਾ ਆਵਾਜ ਦੀ ਕੋਈ ਪਹਿਚਾਣ ਹੁੰਦੀ ਸੀ? ਉਹ ਤਾਂ ਦਾਰੂ ਵਿੱਚ ਅੰਨ੍ਹਾ

ਹੋਇਆ ਪਿਆ ਸੀ।

''ਮੂਤਣ ਨੂੰ ਮੈਂ ਤੇਰੇ ਬੰਨ੍ਹ ਤਾਂ ਨਹੀਂ ਲਾ ਦਿੱਤਾ? ਐਡੀ ਛੇਤੀ ਮੂਤ ਵੀ ਨਿੱਕਲ ਗਿਆ।"

''.......!'' ਮੀਤੀ ਅਤੇ ਕਿਰਪਾਲ ਚੁੱਪ ਸਨ। ਉਹ ਕੋਈ ਦਾਅ ਤਕਾ ਰਹੀਆਂ ਸਨ। ਵੈਦ ਅੰਦਰ ਬੈਠਾ ਬੁੜ-ਬੁੜ ਕਰੀ ਜਾ ਰਿਹਾ ਸੀ। ਉਸਦੇ ਫਰਿਸ਼ਤਿਆਂ ਨੂੰ ਵੀ ਨਹੀਂ ਪਤਾ ਸੀ ਕਿ ਦਰਸ਼ੋ ਕੂਚ ਕਰ ਚੁੱਕੀ ਸੀ।

ਉਹਨਾਂ ਇਕ ਦਮ ਹੰਭਲਾ ਮਾਰਿਆ ਅਤੇ ਅੰਦਰ ਆ ਕੇ ਵੈਦ ਮੁਰਗੀ ਵਾਂਗ ਨੱਪ ਲਿਆ। ਘੰਡੀ ਉਪਰ ਡਾਂਗ ਧਰ ਲਈ ਗਈ। ਵੈਦ ਦਰਦ ਹੋਣ ਵਾਲੇ ਕੱਟਰੂ ਵਾਂਗ ਧੁਰਲੀਆਂ ਜਿਹੀਆਂ ਮਾਰ ਰਿਹਾ ਸੀ। ਮੀਤੀ ਅਤੇ ਕਿਰਪਾਲ ਨੇ ਡਾਂਗ ਉੱਤੇ ਭਾਰ ਦੇ ਕੇ ਦੋਹਾਂ ਪਾਸਿਆ ਤੋਂ ਕਰੜਾ ਹਝੋਕਾ ਮਾਰਿਆ। ਘੰਡੀ ਦਾ ਜੜਾਕਾ ਪਿਆ ਸਾਫ ਸੁਣਿਆ ਸੀ। ਵੈਦ ਸਾਹਿਬ ਦਿੱਲੀ ਦੱਖਣੀ ਪਹੁੰਚ ਚੁੱਕਾ ਸੀ। ਉਸਦੀ ਸੰਗਲ ਵਰਗੀ ਘੰਡੀ ਉਹਨਾਂ ਨੇ ਗਿੱਲੇ ਰੱਸੇ ਵਾਂਗ ਚਿੱਪ ਦਿੱਤੀ ਸੀ। ਵੈਦ ਦੀ ਲਾਸ਼ ਨੂੰ ਦਰਸ਼ੋ ਦੀ ਲਾਸ਼ ਕੋਲ ਕੁੱਤੇ ਵਾਂਗ ਘੜੀਸ ਕੇ ਲਿਆਂਦਾ ਗਿਆ। ਦਰਸ਼ੋ ਦੀ ਲਾਸ਼ ਸੁੱਕੀ ਲੱਕੜ ਵਾਂਗ ਆਕੜ ਗਈ ਸੀ।

ਤੂੜੀ ਵਾਲੇ ਅੰਦਰ ਲੱਕ ਜਿੱਡਾ ਟੋਆ ਪੁੱਟਿਆ ਗਿਆ। ਦੋਹਾਂ ਲਾਸ਼ਾਂ ਨੂੰ ਵਿੱਚ ਸੁੱਟ ਕੇ ਉਪਰ ਮਿੱਟੀ ਪਾ ਦਿੱਤੀ ਗਈ। ਪਹਿਲਾਂ ਉਹਨਾਂ ਨੇ ਮਿੱਟੀ ਨੂੰ ਚੰਗੀ ਤਰ੍ਹਾਂ ਲਤੜਿਆ ਅਤੇ ਫਿਰ ਪਾਣੀ ਛਿੜਕ ਕੇ ਉਪਰ ਤੂੜੀ ਖਿੰਡਾ ਦਿੱਤੀ।

ਬਹੁਕਰ ਲੈ ਕੇ ਪੈੜਾਂ ਮਾਰੀਆਂ। ਖੋਜ ਖੁਰਾ ਖਤਮ ਕਰ ਦਿੱਤਾ ਗਿਆ।

ਫਿਰ ਮੀਤੀ ਅਤੇ ਕਿਰਪਾਲ ਆਲੋਪ ਹੋ ਗਈਆਂ।

ਸਾਰੇ ਪਿੰਡ ਵਿੱਚ ਚਰਚਾ ਸੀ ਕਿ ਦਰਸ਼ੋ ਵੈਦ ਨਾਲ 'ਨਿੱਕਲ' ਗਈ ਸੀ। ਨਾਲ ਹੀ ਖ਼ਬਰ ਸੀ ਕਿ ਦਰਸ਼ੋ ਕਿਰਪਾਲ ਨੂੰ ਵੀ ਨਾਲ ਹੀ ਲੈ ਗਈ ਸੀ। ਲੋਕ "ਥੂਹ-ਥੂਹ" ਕਰ ਰਹੇ ਸਨ। ਚੰਗੀਆਂ ਮੰਦੀਆਂ ਗੱਲਾਂ ਕਰ ਰਹੇ ਸਨ। ਪਰ ਸਹੁਰੇ ਲੋਕਾਂ ਦਾ ਕੀ ਸੀ? ਕਿਸੇ ਦਾ ਘਰ ਉੱਜੜ

ਗਿਆ ਸੀ। ਕਿਸੇ ਨੂੰ ਗੱਲਾਂ ਕਰਨ ਦਾ ਮਸਾਂ ਹੀ ਮੌਕਾ ਮਿਲਿਆ ਸੀ।

ਮੀਤੀ ਅਤੇ ਕਿਰਪਾਲ, ਮੀਤੀ ਦੇ ਪਿੰਡ ਚਲੀਆਂ ਗਈਆਂ। ਉਥੇ ਉਹਨਾਂ ਨੂੰ ਕਿਸੇ ਦੀ ਰਿੜਕ ਸੀ ਨਾ ਝਿੜਕ ਸੀ। ਨਾ ਕਿਸੇ ਦਾ ਡਰ ਸੀ ਨਾ ਡੁੱਕਰ ਸੀ।

ਧੁੱਪ, ਛਾਂ ਵਿੱਚ ਬਦਲਦੀ ਰਹੀ। ਦਿਨ-ਰਾਤ ਵਿੱਚ ਬਦਲਦਾ ਰਿਹਾ। ਕੁਦਰਤ ਦਾ ਪਹੀਆ ਆਪਣੇ ਤਜ਼ਰਬੇ ਅਨੁਸਾਰ ਚੱਲਦਾ ਰਿਹਾ। ਮੀਤੀ ਤੇ ਕਿਰਪਾਲ ਇਕੱਠੀਆਂ ਖਾਂਦੀਆਂ ਅਤੇ ਇਕੱਠੀਆਂ ਪੀਂਦੀਆਂ। ਇਕੱਠੀਆਂ ਹੀ ਸੌਂਦੀਆਂ ਸਨ।

ਇਕ ਰਾਤ ਉਹ ਰੋਟੀ ਖਾ ਕੇ ਪਈਆਂ ਹੀ ਸਨ ਕਿ ਕਿਰਪਾਲ ਬੋਲੀ, ‘‘ਮੀਤੀ, ਆਪਣਾ ਦਰਵਾਜ਼ਾ ਖੜਕ ਰਿਹੈ!’’

ਮੀਤੀ ਨੇ ਸਾਰਾ ਧਿਆਨ ਦਰਵਾਜ਼ੇ ਵੱਲ ਦਿੱਤਾ ਤਾਂ ਦਰਵਾਜ਼ਾ ਖੜਕ ਰਿਹਾ ਸੀ। ਦੋਨੋਂ ਹੈਰਾਨ ਸਨ ਕਿ ਉਹਨਾਂ ਦੇ ਘਰ ਵੀ ਕੋਈ ਆ ਸਕਦਾ ਸੀ? ਇਕ ਅਣਹੋਣੀ ਗੱਲ ਸੀ, ਇਕ ਹੈਰਾਨਗੀ ਸੀ, ਇਕ ਅਚੰਭਾ ਸੀ!!

‘‘ਕੌਣ ਐ......?’’ ਮੀਤੀ ਨੇ ਦਰਵਾਜ਼ੇ ਕੋਲ਼ ਖੜ੍ਹ ਕੇ ਪੁੱਛਿਆ। ਉਸ ਦੇ ਪਿੱਛੇ ਕਿਰਪਾਲ ਕੁਹਾੜੀ ਲਈ ਖੜ੍ਹੀ ਸੀ।

‘‘ਪੁਲਸ......!’’ ਬਾਹਰੋਂ ਆਵਾਜ ਆਈ। ਦੋਨ੍ਹਾਂ ਦੇ ਰੰਗ ਉੱਡ ਗਏ।

‘‘ਕੀ ਕਰਨ ਆਏ ਓਂ?’’ ਮੀਤੀ ਨੇ ਹੌਂਸਲਾ ਕਰਕੇ ਪੁੱਛਿਆ। ਆਵਾਜ ਵਿੱਚ ਰੋਅਬ ਭਰਿਆ।

‘‘ਦਰਵਾਜ਼ਾ ਖੋਹਲ - ਮੈਂ ਆਂ ਬਿੱਲੂ!’’ ਉਸਨੇ ਦਰਵਾਜ਼ੇ ਦੀ ਝੀਥ ਕੋਲ ਮੂੰਹ ਕਰਕੇ ਬੜੀ ਧੀਮੀ ਸੁਰ ਵਿੱਚ ਆਖਿਆ।

ਮੀਤੀ ਨੇ ਝੱਟ ਦਰਵਾਜ਼ਾ ਖੋਲ੍ਹ ਦਿੱਤਾ।

ਸੱਚਮੁੱਚ ਹੀ ਬਿੱਲੂ ਸੀ। ਉਹ ਅੰਦਰ ਲੰਘ ਆਇਆ। ਮੀਤੀ ਨੇ ਉਸ ਨੂੰ ਗਲਵੱਕੜੀ ਪਾ

ਲਈ। ਕਿਰਪਾਲ ਹੱਕੀ ਬੱਕੀ ਖੜ੍ਹੀ ਸੀ। ਜਿਵੇਂ ਉਸਨੂੰ ਕਿਸੇ ਗੱਲ ਦਾ ਪਤਾ ਨਹੀਂ ਸੀ।

''ਅੰਦਰ ਜਾ ਵੜੋ – ਐਥੇ ਈ ਲੱਗ ਪਏ!'' ਕਿਰਪਾਲ ਨੇ ਉਹਨਾਂ ਨੂੰ ਧੱਕਾ ਦੇ ਕੇ ਵਿਹੜੇ ਵਿੱਚ ਕਰ ਦਿੱਤਾ ਅਤੇ ਦਰਵਾਜ਼ਾ ਬੰਦ ਕਰ ਦਿੱਤਾ।

''ਸਾਨੂੰ ਕਿਹੜਾ ਕਿਸੇ ਦਾ ਡਰ ਐ?''

ਉਹ ਅੰਦਰ ਚਲੇ ਗਏ।

''ਡਰਾ ਈ ਦਿੱਤਾ ਸੀ ਪੁਲਸ ਕਹਿ ਕੇ।'' ਕਿਰਪਾਲ ਨੇ ਨਿਹੋਰਾ ਦਿੱਤਾ। ਨੱਕ ਚੜ੍ਹਾਇਆ।

''ਡਰ ਤਾਂ ਠੱਗ ਚੋਰ ਨੂੰ ਹੁੰਦੈ – ਥੋਨੂੰ ਕਾਹਦਾ ਐ ......?'' ਬਿੱਲੂ ਨੇ ਗੱਲ ਹਾਸੇ ਨਾਲ ਟਾਲ਼ ਦਿੱਤੀ।

ਸਾਰੇ ਹੱਸ ਪਏ।

ਮੀਤੀ ਦੀ ਬੈਠਕ ਸੱਧਰਾਂ ਨਾਲ ਸਵਾਰੀ ਹੋਈ ਸੀ। ਜਿਸ ਤਰ੍ਹਾਂ ਇਹ ਬਿੱਲੂ ਲਈ ਹੀ ਸੀ। ਜਿਵੇਂ ਉਸ ਨੂੰ ਕਦੋਂ ਦੀ ਬਿੱਲੂ ਦੀ ਉਡੀਕ ਸੀ। ਇਸ ਵਿੱਚ ਕੋਈ ਭੁਲੇਖਾ ਵੀ ਨਹੀਂ ਸੀ। ਸਾਫ ਸੁਥਰੀ ਬੈਠਕ ਉਸ ਨੇ ਗਹੁ ਨਾਲ ਨਿਰਖੀ। ਤਾਜੀ ਫੇਰੀ ਕੂਚੀ ਬਿੱਲੂ ਦਾ ਸੁਆਗਤ ਕਰਦੀ ਲੱਗਦੀ ਸੀ।

ਬਿੱਲੂ ਨੇ ਮੀਤੀ ਨੂੰ ਕਿਸੇ ਅਰਮਾਨ, ਕਿਸੇ ਹਸਰਤ ਭਰੀ ਨਜ਼ਰ ਨਾਲ ਤੱਕਿਆ। ਗਹੁ ਨਾਲ ਦਿਲਾਂ ਦੀ ਜੂਹ ਤੱਕ ਨਜ਼ਰ ਮਾਰੀ। ਦਿਲਾਂ ਦੀ ਜੂਹ ਵਿੱਚ ਦੂਰ ਤੱਕ ਪਿਆਰ ਦੀਆਂ ਉਮੰਗਾਂ ਦੀ ਫੁਲਵਾੜੀ ਖਿੜੀ ਪਈ ਸੀ।

ਮੀਤੀ ਰੂਪ ਦੀ ਭਰੀ ਸੁਰਾਹੀ ਵਾਂਗ ਸਾਹਮਣੇ ਚਮਕ ਰਹੀ ਸੀ। ਪਹਿਲੇ ਤੋੜ ਦੀ ਬੋਤਲ ਵਰਗੀ, ਜਿਸ ਨੂੰ ਕਦੇ ਕਦਰਦਾਨ ਪਿਆਕੜ ਦੀ ਲੋੜ ਸੀ। ਪਰਬਤ ਵਰਗੀਆ ਪੱਥਰ ਵਰਗੀਆਂ ਛਾਤੀਆਂ ਕਿਸੇ ਦੀ ਛੂਹ ਲਈ ਬੇਸਬਰ ਸਨ। ਮੋਟੀਆਂ ਅੱਖਾਂ ਨਾਗ ਵਾਂਗ ਦਗਦੀਆਂ ਸਨ। ਤੱਕਣੀ

ਵਿੱਚ ਜਿਵੇਂ ਕੋਈ ਗੈਬੀ ਨਸ਼ਾ ਹਰਕਤ ਕਰ ਰਿਹਾ ਸੀ। ਅੱਖਾਂ ਵਿੱਚੋਂ ਮੋਹ ਦੀਆਂ ਝੀਲਾਂ ਇਕ ਦਮ ਵਹਿ ਤੁਰੀਆਂ। ਗੱਲ੍ਹਾਂ ਭੱਠ ਵਾਂਗ ਸੁਰਖ ਹੋ ਉਠੀਆਂ ਅਤੇ ਜਿਸਮ ਤੰਦੂਰ ਵਾਂਗ ਭਖ਼ਣ ਲੱਗ ਪਿਆ।

ਉਹਨਾਂ ਇਕ ਦੂਜੇ ਨੂੰ ਬੇ-ਸਬਰਿਆਂ ਵਾਂਗ ਚੁੰਮਣਾ ਸ਼ੁਰੂ ਕਰ ਦਿੱਤਾ। ਪਿਆਸੀਆਂ ਰੂਹਾਂ ਇਕ ਦੂਜੇ ਦੀਆਂ ਘੁੱਟਾਂ ਭਰ ਰਹੀਆਂ ਸਨ। ਕਿਰਪਾਲ ਅਵਾਕ ਤੱਕ ਰਹੀ ਸੀ। ਕਿਸੇ ਹਸਰਤ ਨਾਲ। ਕਿਸੇ ਸੰਤੁਸ਼ਟੀ ਨਾਲ। ਗਰਮ ਅਤੇ ਉਚੇ ਸਾਹ ਸਾਫ਼ ਸੁਣਦੇ ਸਨ। ਕਿਸੇ ਪਾਸਿਓਂ ਸਬਰ ਦੀ ਗੁੰਜਾਇਸ਼ ਨਹੀਂ ਸੀ।

ਸੁਆਦ ਅਤੇ ਪੀੜਾਂ ਦੀ ਲਹਿਰ ਵਿੱਚ ਗੁਆਚੀ ਮੀਤੀ ਭਾਰੇ ਭਾਰੇ ਸਾਹ ਲੈ ਰਹੀ ਸੀ। ਸੰਤੁਸ਼ਟੀ ਭਰੀ ''ਹਾਏ'' ਕਾਮ ਦੀਆਂ ਲਹਿਰਾਂ ਵਿੱਚ ਤੈਰ ਰਹੀ ਸੀ। ਕਿਰਪਾਲ ਦੂਜੇ ਮੰਜੇ ਉੱਪਰ ਪਈ ਉਸਲਵੱਟੇ ਲੈ ਰਹੀ ਸੀ। ਨੀਂਦ ਉਸਦੇ ਨੇੜੇ ਵੀ ਨਹੀਂ ਸੀ। ਕਿਸੇ ਉਮੰਗ ਨੇ ਉਸਨੂੰ ਦਧਨ ਕਰ ਰੱਖਿਆ ਸੀ। ਪਤਾ ਨਹੀਂ ਕਿਸ ਦਸੌਂਟੇ ਨੇ ਉਸ ਅੰਦਰ ਝੁਰਮਟ ਪਾ ਰੱਖਿਆ ਸੀ।

ਬਿੱਲੂ ਸਵੇਰੇ ਸਾਝਰੇ ਹੀ ਉਠਿਆ। ਚਾਹ ਪੀ ਕੇ ਉਸ ਨੇ ਬੱਸ ਫੜ ਲਈ। ਉਸ ਦੀ ਯਾਦ-ਸੁਰ ਮੀਤੀ ਨਾਲ਼ ਇਕ-ਮਿੱਕ ਹੋਈ ਪਈ ਸੀ। ਉਹ ਮੀਤੀ ਦੀ ਬੁੱਕਲ਼ ਵਿਚ ਵੜ ਸੁਪਨਿਆਂ ਵਿਚ ਹੀ ਗੁਆਚਿਆ ਰਿਹਾ ਸੀ। ਆਨੰਦ ਭਰੀ ਰਾਤ ਦੀ ਯਾਦ ਉਸ ਨੂੰ ਪਾਗਲ ਕਰੀ ਫਿਰਦੀ ਸੀ। ਉਹ ਸੋਚ ਰਿਹਾ ਸੀ ਕਿ ਜੋ ਰਾਤ ਹੋਇਆ, ਕੀ ਉਹ ਸੱਚ ਸੀ? ਜਾਂ ਕੋਈ ਸੁਪਨਾ ਸੀ? ਜੇ ਇਹ ਵਾਕਿਆ ਹੀ ਕੋਈ ਆਨੰਦਮਈ ਸੁਪਨਾ ਸੀ ਤਾਂ ਰੱਬ ਕਰੇ ਇਹ ਸੁਪਨਾ ਕਦੀ ਵੀ ਨਾ ਟੁੱਟੇ! ਪਰ ਉਸ ਦਾ ਸੁਪਨਾ ਉਦੋਂ ਟੁੱਟਿਆ, ਜਦੋਂ ਕੰਡਕਟਰ ਨੇ ਉੱਚੀ ਸਾਰੀ ਹਾਕ ਮਾਰ ਕੇ ਕਿਹਾ।

''ਬੱਸ ਅੱਡੇ ਵਾਲੇ ਐਥੇ ਈ ਉਤਰਜੋ ਬਈ - ਬੱਸ ਅੱਗੇ ਨਹੀਂ ਜਾਣੀ...!''

''ਵੇ ਬੱਸ ਅੱਡੇ ਕਿਉਂ ਨੀਂ ਜਾਣੀ ਭਾਈ? ਮੇਰੇ ਤਾਂ ਗੋਡੇ ਨਹੀਂ ਤੁਰਦੇ।'' ਇਕ ਮਾਈ ਨੇ

ਕਿਹਾ।

''ਗੱਡੀ ਮਾਈ ਵਰਕਸ਼ਾਪ ਜਾਣੀ ਐਂ!'' ਕੰਡਕਟਰ ਨੇ ਸਫ਼ਾਈ ਦਿੱਤੀ।

''ਵੇ ਬੱਕਸ਼ਾਪ ਨੂੰ ਇਹ ਨੂੰ ਕੀ ਗੋਲੀ ਵੱਜਗੀ, ਚੰਗੀ ਭਲੀ ਤਾਂ ਤੁਰੀ ਜਾਂਦੀ ਐ।''

ਸਾਰੇ ਮੁਸਾਫ਼ਿਰ ਹੱਸ ਪਏ।

''ਭਾੜਾ ਤਾਂ ਬੱਸ ਅੱਡੇ ਦਾ ਲੈ ਲਿਆ ਤੇ 'ਤਾਰੀ ਰਾਹ 'ਚ ਈ ਜਾਨੇ ਐਂ, ਜਣਦੇ ਰੋਣਿਓਂ।''

''ਮਾਈ, ਤੇਰੇ ਦੋ ਰੁਪਈਆਂ ਪਿੱਛੇ ਸਾਰਾ ਮੋਗਾ ਗਾਹ ਦੀਏ...?''

''ਵੇ ਚੰਗਾ ਭਾਈ, ਉੱਤਰ ਜਾਨੇ ਐਂ - ਜਣਦਿਆਂ ਨੂੰ ਖਾਣੇ ਘਰੋਂ ਪਤਾ ਨਹੀਂ ਕੀ ਖਾ ਕੇ ਆਉਂਦੇ ਐ - ਗੱਲੀਂ ਵਾਰੇ ਨੀਂ ਆਉਣ ਦਿੰਦੇ - ਫੜੀਂ ਵੇ ਪੁੱਤ ਮੇਰੀ ਬਾਂਹ - ਉਤਰਿਆ ਕਿਹੜਾ ਜਾਂਦੈ।'' ਮਾਈ ਨੇ ਬਿੱਲੂ ਨੂੰ ਕਿਹਾ।

''ਜੇ ਨਹੀਂ ਉਤਰਿਆ ਜਾਂਦਾ ਮਾਈ - ਤਾਂ ਘਰੇ ਬੈਠਿਆ ਕਰ ਟਿਕ ਕੇ!'' ਡਰਾਈਵਰ ਬੋਲਿਆ।

''ਵੇ ਪੁੱਤ! ਕਾਹਨੂੰ ਜਿਉਂਦੇ ਜੀਆਂ ਤੋਂ ਘਰੇ ਬੈਠਿਆ ਜਾਂਦੈ ਸ਼ੇਰਾ - ਮੇਰੇ ਭਾਣਜੇ ਦੇ ਕੀੜਾ ਛੂਹ ਗਿਆ - ਉਹਦਾ ਪਤਾ ਕਰਨ ਚੱਲੀ ਆਂ - ਚੰਗਾ ਪੁੱਤ, ਗੁਰੂ ਤੇਰਾ ਭਲਾ ਕਰੇ!''

ਬਿੱਲੂ, ਮਾਈ ਦੇ ਨਾਲ ਹੀ ਉੱਤਰ ਗਿਆ। ਮੋਗੇ ਤੋਂ ਬਠਿੰਡੇ ਅਤੇ ਬਠਿੰਡੇ ਤੋਂ ਉਸਨੇ ਬੀਕਾਨੇਰ ਵਾਲੀ ਗੱਡੀ ਫੜ ਲਈ। ਸਾਰੇ ਰਾਹ ਹੀ ਉਹ ਗੱਡੀ ਵਿੱਚ ਸੁੱਤਾ ਗਿਆ।

ਗੱਡੀ ਰੁਕੀ।

ਉਹ ਸਟੇਸ਼ਨ ਤੇ ਉੱਤਰ ਗਿਆ। ਮੂੰਹ ਹੱਥ ਧੋਤਾ। ਹੋਟਲ ਤੋਂ ਚਾਹ ਨਾਲ ਪਰੌਂਠਾ ਖਾ ਕੇ ਉਹ ਖੇਤ ਨੂੰ ਸਿੱਧਾ ਹੋ ਗਿਆ।

''ਆ ਗਿਐਂ ਰਾਝਿਆ?'' ਚਰਨਾ 'ਖ਼ੀਂ-ਖ਼ੀਂ' ਕਰਕੇ ਹੱਸਿਆ। ਉਹ ਬਹੁਤ ਖ਼ੁਸ਼ ਨਜ਼ਰ

ਆ ਰਿਹਾ ਸੀ।

‘‘ਕੋਈ ਗੱਲ ਐ – ਜਿਹੜਾ ਅੱਜ ਐਨਾਂ ਲਾਚੜਿਐ?’’ ਬਿੱਲੂ ਨੇ ਆਖਿਆ।

‘‘ਗੱਲ ਈ ਲਾਚੜਨ ਆਲੀ ਐ।’’

‘‘ਤਾਤੇ ਬਾਤੇ ਨਾ ਕਰ, ਸਿੱਧੀ ਗੱਲ ਦੱਸ ਮਿੱਤਰਾ ਦੂਰ ਦਿਆ।’’

‘‘ਸੱਚਾ ਪਾਤਸ਼ਾਹ ਜਦੋਂ ਬਗਸ਼ਣ ਤੇ ਆਉਂਦੈਂ ਤਾਂ ਕੋਹੜ ਕੱਟ ਦਿੰਦੈ।’’

‘‘ਤਾਂ ਵੀ...?’’

‘‘ਤੂੰ ਤਾਂ ਕਮਲਿਆਂ, ਅਗਲੀ ਨੂੰ ਰੱਬ ਦੀਆਂ ਜੜ੍ਹਾਂ ’ਚ ਮਿਲਣ ਜਾਨੈ – ਸਾਡਾ ਤਾਂ ਕੰਮ ਐਥੇ ਈ ਬਣ ਗਿਆ – ਰੱਬ ਨੇ ਦਿੱਤੀਆਂ ਗਾਜਰਾਂ ਤੇ ਵਿੱਚੇ ਰੰਬਾ ਰੱਖ! ਸਤਿਗੁਰੂ ਤੇਰੀ ਲੀਲਾ ਨਿਆਰੀ ਏ – ਨੀਝਾਂ ਲਾ ਲਾ ਵੇਂਹਦੀ ਦੁਨੀਆਂ ਸਾਰੀ ਏ...!’’

‘‘ਕੌਣ ਐਂ ਉਹ ਕਰਮਾਂ ਆਲੀ...?’’

‘‘ਮੈਨੂੰ ਮੈਦ ਐ, ਬੰਗਾਲਣ ਐਂ – ਮੈਂ ਅੱਖ ਮਾਰੀ, ਹੱਸ ਪਈ।’’

‘‘ਵਾਹ...!’’

‘‘ਅਜੇ ਤਾਂ ਮੈਨੂੰ ਉਹਦੀ ਬੋਲੀ ਦੀ ਸਮਝ ਨਹੀਂ ਔਂਦੀ – ਜਦੋਂ ਆ ਗਈ ਮੈਂ ਚੱਕਦੂੰ ਟਿੰਡੇ, ਅਮਲੀਆ!’’

‘‘ਲੈ ਹੁਣ ਘਾਣੀ ਦੋਨਾਂ ਦੀ ਸੈੱਟ ਐ – ਤੂੰ ਮੈਨੂੰ ਨਾ ਰੋਕੀ – ਤੇ ਮੈਂ ਤੈਨੂੰ ਨਹੀਂ ਰੋਕਦਾ।’’ ਬਿੱਲੂ ਨੇ ਫੈਸਲਾ ਦਿੱਤਾ।

‘‘ਬਿਲਕੁਲ ਨਹੀਂ ਰੋਕਦਾ।’’

‘‘ਕੀ ਨਾਂ ਐਂ ਸਾਡੀ ਭਰਜਾਈ ਦਾ?’’ ਬਿੱਲੂ ਨੇ ਮਸ਼ਕਰੀ ਨਾਲ ਪੁੱਛਿਆ।

‘‘ਜੇ ਸਾਹ ਆ ਜਾਂਦਾ ਡੁੱਬਦੀ ਕਾਹਤੋਂ? ਗੱਲਾਂ ਤਾਂ ਬਹੁਤ ਕੀਤੀਆਂ ਉਹਨੇ – ਪਰ ਡੁੱਬ ਜਾਣੀ ਦੀ ਸਮਝ ਨਹੀਂ ਆਈ – ਰੋਣਾ ਤਾਂ ਆਹੀ ਐ।’’

''ਉਏ ਕਿਤੇ ਗਾਹਲਾਂ ਤਾਂ ਨਹੀਂ ਕੱਢਗੀ?''

''ਹੱਦ ਕਰਤੀ ਯਾਰ! ਜੇ ਗਾਹਲ ਕੱਢਦੀ ਕਿਸੇ ਮਾਂ ਨੂੰ ਫੜਦੀ – ਕਿਸੇ ਭੈਣ ਨੂੰ ਫੜਦੀ।''

''ਬਿਲਕੁਲ ਦੁਰਸਤ ਐ।''

''ਤੇਰੇ ਆਲੀ ਮਿਲਗੀ?'' ਚਰਨੇ ਨੇ ਬਿੱਲੂ ਨੂੰ ਪੁੱਛਿਆ।

''ਆਹੋ!''

''ਤੋੜਤੇ ਦੁੱਖ?''

''ਮੈਨੂੰ ਸੌਂ ਲੈਣਦੇ!'' ਬਿੱਲੂ ਬਕਰੈਣ ਥੱਲੇ ਪਏ ਮੰਜੇ 'ਤੇ ਇੱਟ ਵਾਂਗ ਡਿੱਗ ਪਿਆ। ਚਰਨਾ ਠਹਾਕਾ ਮਾਰ ਕੇ ਹੱਸਿਆ। ਉਸ ਦੀਆਂ ਅੱਖਾਂ ਵਿੱਚੋਂ ਪਾਣੀ ਦੀਆਂ ਤਤੀਹਰੀਆਂ ਚੱਲ ਗਈਆਂ ਸਨ।

''ਸਿਆਣੇ ਐਮੇ ਨ੍ਹੀ ਆਖਦੇ ਬਈ ਫੱਕਾ ਨਹੀਂ ਛੱਡਦੀਆਂ ਵਿੱਚ ਬੰਦੇ ਦੇ...!'' ਚਰਨਾ ਅਜੇ ਵੀ ਹੱਸੀ ਜਾ ਰਿਹਾ ਸੀ। ਪਰ ਬਿੱਲੂ ਦੇ ਘੁਰਾੜੇ ਸ਼ੁਰੂ ਹੋ ਚੁੱਕੇ ਸਨ। ਉਹ ਕਿਸੇ ਸੁਪਨਿਆਂ ਦੇ ਦੇਸ਼ ਵਿੱਚ ਗੁਆਚ ਗਿਆ ਸੀ।

''ਚੱਲ ਸੌਂ ਲੈ ਰੱਜ ਕੇ – ਲਾਹ ਲੈ ਥਕੇਮਾਂ – ਸਹੁਰਿਆਂ, ਤੂੰ ਵੀ ਬਾਹਲ਼ੇ ਦਿਨਾਂ ਦਾ ਚਿੜੇ ਮਾਂਗੂੰ ਟਪੂਸੀਆਂ ਮਾਰਦਾ ਫਿਰਦਾ ਸੀ – ਹੁਣ ਡਿੱਗਿਆ ਪਿਐ ਰੇਲ ਦੇ ਕੰਨ ਮਾਂਗੂੰ – ਗੱਡੇ ਮਾਂਗੂੰ ਪਾਸ ਵੱਜਿਆ ਪਿਐ ਬਰੀ ਦਾ ਤਿਔਰ।'' ਚਰਨਾ ਇਕੱਲਾ ਹੀ ਬੋਲੀ ਜਾ ਰਿਹਾ ਸੀ।

ਦੁਪਹਿਰੋਂ ਬਾਅਦ ਚਾਹ ਬਣਾ ਕੇ ਚਰਨੇ ਨੇ ਬਿੱਲੂ ਨੂੰ ਉਠਾਇਆ।

''ਬਿੱਲੂ, ਇੱਕ ਗੱਲ ਕਰਾਂ?''

''ਕਰ...!''

''ਮੂੰਹ ਛੋਟੈ ਤੇ ਗੱਲ ਵੱਡੀ ਐ।''

''ਤੇਰਾ ਮੇਰਾ ਕੀ ਉਹਲੈ?''

''ਆਪਣੇ ਖੇਤ ਆਲੇ ਗੁਆਂਢੀ ਨੇ ਦੱਸਿਐ ਬਈ ਸੁਰਜਣ ਚਾਚੇ ਕੋਲੇ ਪੱਤੋ ਆਲੀ ਭੋਲੀ ਆਉਂਦੀ ਹੁੰਦੀ ਐ - ਬਾਕੀ ਤੂੰ ਦੇਖਲਾ।''

''ਸਹੁੰ ਖਾ...?'' ਬਿੱਲੂ ਦਾ ਮੂੰਹ ਅੱਡਿਆ ਗਿਆ। ਪੱਤੋ ਵਾਲੀ ਭੋਲੀ ਬਿੱਲੂ ਦੀ ਮਾਸੀ ਦੀ ਨਣਾਨ ਸੀ। ਵਿਆਹੀ ਵਰੀ ਸੀ। ਬੱਚੇ ਉਡਾਰ ਸਨ।

''ਤੇਰੀ ਸਹੁੰ - ਜਮਾਂ ਝੂਠ ਨਹੀਂ ਆਖਦਾ - ਸਰਦਾਰਾ ਦੱਸਦੈ ਬਈ ਉਹ ਤਾਂ ਕਈ-ਕਈ ਦਿਨ ਸੁਰਜਣ ਚਾਚੇ ਕੋਲ ਰਹਿੰਦੀ ਸੀ।''

''.......!'' ਬਿੱਲੂ ਸੁੰਨ ਹੋਇਆ ਬੈਠਾ ਸੀ। ਉਸਦਾ ਸਰੀਰ 'ਝਰਨ-ਝਰਨ' ਕਰੀ ਜਾ ਰਿਹਾ ਸੀ।

''ਉਹ ਤਾਂ ਹੋਰ ਵੀ ਦੱਸਦੈ।''

''ਕੀ?''

''ਕਹਿੰਦਾ ਚਾਚੇ ਨੇ ਉਸਨੂੰ ਦਲੀਪ ਸੁਨਿਆਰੇ ਤੋਂ ਪਿੱਪਲ ਪੱਤੀਆਂ ਕਰਵਾ ਕੇ ਦਿੱਤੀਐਂ।''

''ਰੰਨ ਨਹੀਂ ਪਤੰਦਰ ਦੇ ਕੰਨ ਨ੍ਹੀਂ - ਬਿਗਾਨੀਆਂ ਨੂੰ ਈ ਪਿੱਪਲ ਪੱਤੀਆਂ ਕਰਵਾ ਕੇ ਦਿਊ - ਹੋਰ ਕੀ ਕਰੂ?''

''ਤਾਂ ਹੀ ਪਤੰਦਰ ਨੇ ਵਿਆਹ ਨੂੰ ਲੱਤ ਨ੍ਹੀਂ ਲਾਈ।''

''ਜੀਹਦੇ ਪੈਰਾਂ 'ਚ ਮੋਗੇ ਦੀਆਂ ਤੀਆਂ ਨੇ - ਉਹਨੇ ਜਰੂਰੀ ਵਿਆਹ ਦਾ ਫਾਹਾ ਲੈਣੈਂ?''

''ਉਧਰ ਉਹਨੂੰ ਸਹੁਰੇ ਦੀ ਨੂੰ ਸ਼ਰਮ ਨਹੀਂ ਭੋਰਾ - ਜੁਆਕਾਂ ਜੱਲਿਆਂ ਆਲੀ ਐ।''

''ਹੁਣ ਚਾਚਾ ਕਿੱਥੇ ਐ?'' ਬਿੱਲੂ ਨੂੰ ਜਿਵੇਂ ਅਚਾਨਕ ਯਾਦ ਆਇਆ ਸੀ।

''ਉਹ ਤਾਂ ਜਿੱਦੇ ਦੇ ਆਪਾਂ ਆਏ ਐਂ - ਉਦੇਂ ਦਾ ਈ ਜਲਾਵਤਨ ਐ।''

''ਕੋਈ ਨਾ ਕੋਈ ਕਿੰਗ ਖੜ੍ਹੀ ਕਰੂਗਾ ਪਤੰਦਰ - ਜਮਾਂ ਨਹੀਂ ਹਟਦਾ।''

''ਕਿੰਗ ਤਾਂ ਕਿੰਗ, ਅਗਲੇ ਮਾਸੀ ਦਾ ਜਿਉਣਾਂ ਦੁੱਭਰ ਕਰ ਦੇਣਗੇ।''

''ਪਿੰਡਾਂ 'ਚ ਮਿੱਟੀ ਬਾਧੂ ਪਲੀਤ ਹੋਊ।''

ਸ਼ਾਮ ਪੈਣ ਤੇ ਉਹਨਾਂ ਨੇ ਗੰਭੀਰ ਜਿਹੇ ਮਾਹੌਲ ਵਿੱਚ ਪੀਣੀ ਸ਼ੁਰੂ ਕਰ ਦਿੱਤੀ। ਕੋਈ ਕਿਸੇ ਨਾਲ ਗੱਲ ਨਹੀਂ ਕਰ ਰਿਹਾ ਸੀ। ਦਿਮਾਗ ਅੰਦਰ ਸੋਚਾਂ ਕਰਵੱਟ ਲੈ ਰਹੀਆਂ ਸਨ। ਖਲਾਅ ਵਿੱਚ ਤਣਾਅ ਭਰਿਆ ਹੋਇਆ ਸੀ।

(ਚਲਦਾ)

ਜੱਟ ਵੱਢਿਆ ਬੋਹੜ ਦੀ ਛਾਵੇਂ
(ਕਿਸਤ ਨੌਂਵੀਂ)

ਸਵੇਰ ਦਾ ਹੀ ਟਾਈਮ ਸੀ। ਮੂੰਹ ਹਨ੍ਹੇਰਾ ਸੀ। ਸੂਰਜ ਚੜ੍ਹਨ ਵਿੱਚ ਕਾਫੀ ਸਮਾਂ ਸੀ। ਕੋਈ ਟਾਂਵਾਂ ਟਾਂਵਾਂ ਤਾਰਾ ਅਜੇ ਵੀ ਖੜ੍ਹਾ ਕੁਦਰਤ ਦੀ ਡਿਊਟੀ ਭੁਗਤਾ ਰਿਹਾ ਸੀ। ਚੰਦ ਤਾਂ ਰਾਤ ਜਿਵੇਂ ਚੜਨਸਾਰ ਹੀ ਛੁਪ ਗਿਆ ਸੀ।

ਗੁਰਦੁਆਰੇ ਵਾਲਾ ਸਪੀਕਰ ਭਜਨ ਕਰਨ ਵਿੱਚ ਮਗਨ ਸੀ। ਗੁਰਬਾਣੀ ਦਾ ਅੰਮ੍ਰਿਤ ਵਰ੍ਹ ਰਿਹਾ ਸੀ। ਚਾਹਾਂ ਵਾਲੇ ਕੌਲੇ ਅਤੇ ਪਤੀਲੇ ਖੜਕਣ ਲੱਗ ਪਏ ਸਨ। ਕਿਸੇ ਘਰ ਬੱਚਾ ਰੋ ਰਿਹਾ ਸੀ। ਕਿਸੇ ਘਰੋਂ ਅਮਲੀ ਦਾ ਟੁੱਟੇ ਨਸ਼ੇ ਵਾਲਾ ਖੰਘੂਰਾ ਸੁਣਦਾ ਸੀ। ਕੋਈ ਖੰਘ ਰਿਹਾ ਸੀ। ਕਿਸੇ ਘਰ ਕੱਟੀ ਰਿੰਗ ਰਹੀ ਸੀ। ਕਿਸੇ ਘਰੋਂ ਮਧਾਣੀ ਖੜਕਣ ਦੀ ਆਵਾਜ਼ ਆ ਰਹੀ ਸੀ।

ਭਾਗੇ ਕੀ ਪੱਤੀ ਵੱਲ ਇਕ ਰੌਲ਼ਾ ਮੱਚ ਗਿਆ। ਗਰਦੋਗੋਰ ਉੱਠੀ। ਸਾਰੀ ਪੱਤੀ ਹੀ ਇਕ ਦਮ ਇਕੱਠੀ ਹੋ ਗਈ।

ਲੰਡਰ ਜਿਹੇ ਕੁੱਤੇ ਗਲੀ ਵਿੱਚ ਪਤਾ ਨਹੀਂ ਕੀ ਘੜ੍ਹੀਸੀ ਫਿਰਦੇ ਸਨ। ਕੋਈ ਜਾਨਵਰ ਸੀ

ਜਾਂ ਕੋਈ ਲਾਲ ਕੱਪੜਾ? ਪਰ ਕੁੱਤੇ ਤਾਂ ਹੱਡ ਚੂੰਢ ਰਹੇ ਸਨ। ਇਕ ਦੂਜੇ ਨੂੰ ਟੁੱਟ-ਟੁੱਟ ਕੇ ਪੈਂਦੇ ਸਨ। ਖਾਂਦੇ ਘੁਰਕ ਰਹੇ ਸਨ। ਕੁੱਤਿਆਂ ਦੀ ਜੰਗ ਲੱਗੀ ਹੋਈ ਸੀ।

''ਵੇਖੋ ਵੇ ਮੁੰਡਿਓ, ਇਹ ਕੀ ਖਾਈ ਜਾਂਦੇ ਐ...?'' ਤਾਈ ਨੰਦ ਕੁਰ ਨੇ ਕਿਹਾ।

''ਹਟਾਓ ਇਹਨਾਂ ਨੂੰ...!'' ਕੂਕਿਆਂ ਦੀ ਹਰਬੰਸ ਕੌਰ ਨੇ ਆਖਿਆ। ਉਸ ਦੀਆਂ ਚੜ੍ਹੀਆਂ ਅੱਖਾਂ 'ਚੋਂ ਗਿੱਡ ਵਰ੍ਹ ਰਹੀ ਸੀ। ਦੰਦਾਂ ਤੋਂ ਆਝਾ ਮੂੰਹ ਆਲ਼ੇ ਵਾਂਗ ਖੁੱਲ੍ਹਾ ਸੀ।

''ਇਹ ਕੀ ਚੀਜ਼ ਹੋਈ...?'' ਤਾਏ ਰਣ ਸਿੰਘ ਨੇ ਆਪਣੇ ਆਪ ਤੋਂ ਪੁੱਛਿਆ।

''ਹੋਜੋ ਯਾਰ ਗਾਹਾਂ, ਦੇਖੋ ਕੇਰਾਂ ਕੀ ਐ ਇਹੇ?'' ਘੇਲੂ ਡਰਾਕਲ ਨੇ ਕਿਹਾ। ਉਹ ਇਕ ਖੂੰਜੇ ਖੜਾ ਦਾਹੜੀ ਖੁਰਕ ਰਿਹਾ ਸੀ।

ਪੰਜ ਸੱਤ ਗੱਭਰੂ ਮੁੰਡੇ ਡਾਗਾਂ ਲੈ ਕੇ ਪਹੁੰਚ ਗਏ। ਪੁੜਿਆਂ ਤੇ ਸੋਟੀਆਂ ਮਾਰ-ਮਾਰ ਕੁੱਤਿਆਂ ਨੂੰ ਲਲਕਰਿਆ। ਕੁੱਤੇ ਆਲੋਪ ਹੋਣ ਤੋਂ ਬਾਅਦ ਸਾਰਿਆਂ ਨੇ ਬਹੁਤ ਹੀ ਗਹੁ ਨਾਲ ਤੱਕਿਆ। ਪਰ ਕੋਈ ਸਮਝ ਨਾ ਪਈ। ਘੇਲੂ ਆਪਣੇ ਘਰੋਂ ਟਾਰਚ ਲੈ ਕੇ ਆਇਆ। ਟਾਰਚ ਜਗਾ ਕੇ ਦੇਖਿਆ ਤਾਂ ਕੁੱਤੇ ਦਰਸ਼ੋ ਦੀ ਲਾਸ਼ ਨੂੰ ਅੱਧਿਓਂ ਜਿਆਦਾ ਸਮੇਟ ਗਏ ਸਨ।

ਮੁੰਡਿਆਂ ਨੇ ਖੋਲ਼ਿਆਂ ਵਿੱਚ ਗੇੜਾ ਦਿੱਤਾ। ਵੈਦ ਦੀ ਲਾਸ਼ ਵੀ ਲੱਭ ਗਈ। ਉਹ ਵੀ ਗਲੀ ਸੜੀ ਅਤੇ ਚੂੰਢੀ ਪਈ ਸੀ। ਇਕ ਦਮ ਸਾਰੇ ਪਿੰਡ ਵਿੱਚ ਹੰਗਾਮਾ ਮੱਚ ਗਿਆ। ਹਨ੍ਹੇਰ ਛਾ ਗਿਆ। ਜਿਵੇਂ ਸਾਰੇ ਪਿੰਡ ਨੂੰ ਸੱਪ ਸੁੰਘ ਗਿਆ ਸੀ। ਕਿਸੇ ਦੇ ਮੂੰਹ ਤੋਂ ਮੱਖੀ ਨਹੀਂ ਉਡਦੀ ਸੀ। ਸਵੇਰ ਡਰ ਗਈ ਸੀ। ਹਨ੍ਹੇਰਾ ਤ੍ਰਹਿ-ਤ੍ਰਹਿ ਭੱਜਦਾ ਸੀ।

ਪਾੜੀਆਂ ਝੀੜੀਆਂ ਅਤੇ ਮਿੱਟੀ ਨਾਲ ਲੱਥ-ਪੱਥ ਲਾਸ਼ਾਂ ਕੱਪੜਾ ਦੇ ਕੇ ਧਰਮਸ਼ਾਲਾ ਵਿੱਚ ਰੱਖ ਦਿੱਤੀਆਂ ਗਈਆਂ। ਕੁਝ ਬੰਦੇ ਰਾਖੀ ਲਈ ਖੜ੍ਹ ਗਏ।

''ਜਿਉਣ ਜੋਕਰਿਓ ਪੁਲਸ ਨੂੰ ਖਬਰ ਕਰੋ - ਪਿੱਛੋਂ ਆਪਾਂ ਨੂੰ ਨਾ ਵਗਲ਼ੀ ਫਿਰੇ।'' ਕਿਸੇ ਬੁਜ਼ਰਗ ਨੇ ਸਰਪੰਚ ਨੂੰ ਕਿਹਾ।

ਇਕ ਆਦਮੀ ਪੁਲਸ ਲੈਣ ਚਲਾ ਗਿਆ। ਜੀਪ ਲੈ ਕੇ ਪੁਲੀਸ ਤੁਰੰਤ ਪਹੁੰਚੀ। ਮੌਕਾ ਦੇਖਿਆ। ਲਾਸ਼ਾਂ ਨੂੰ ਹਿਲਾ ਜੁਲਾ ਕੇ ਦੇਖਿਆ। ਠਾਣੇਦਾਰ ਨੇ ਸਿਰ ਫੇਰਿਆ। ਜਿਵੇਂ ਉਸ ਨੂੰ ਕੋਈ ਬਹੁਤ ਵੱਡਾ ਘਾਟਾ ਪੈ ਗਿਆ ਸੀ ਜਾਂ ਹੱਥੋਂ ਕੁਝ ਖੁੱਸ ਗਿਆ ਸੀ।

ਕਾਤਲ ਦਾ ਕੋਈ ਨਾਂ ਨਹੀਂ ਧਰਿਆ ਸੀ। ਪਿੰਡ ਵਾਲੇ ਕੋਈ ਹਾਮੀ ਨਹੀਂ ਭਰ ਰਹੇ ਸਨ। ਫਿਰ ਲਾਸ਼ਾਂ ਦੇ ਪੋਸਟ ਮਾਰਟਮ ਦੀ ਕੀ ਜਰੂਰਤ ਸੀ? ਵਾਧੂ ਮਗਜ਼ ਖਪਾਈ? ਲੈਣ ਦੇਣ ਨੂੰ ਕੱਖ ਨਹੀਂ ਸੀ। ਫਿਰ ਠਾਣੇਦਾਰ ਨੂੰ ਵਾਧੂ ਮਗਜ਼ਮਾਰੀ ਦੀ ਕੀ ਲੋੜ ਸੀ? ਪਰ ਫਿਰ ਵੀ 'ਫ਼ਾਰਮੈਲਟੀ' ਪੂਰੀ ਕਰਨ ਲਈ ਪੁਲੀਸ ਨੇ ਸੁਆਲ-ਜੁਆਬ ਕੀਤੇ। ਹਵਾ ਸੁੰਘੀ। ਗਰਮੀ ਦਿਖਾਈ। ਬੇਸੁਰਤ ਕੰਧਾਂ ਵਿੱਚ ਡੰਡੇ ਮਾਰੇ। ਹਵਾ ਨੂੰ ਤਲਵਾਰਾਂ ਮਾਰੀਆਂ। ਲੱਲ੍ਹੇ ਛੱਡੇ। ਧਮਕੀਆਂ ਭਰੇ ਗੱਪ ਪੈਰਾਂ ਵਿੱਚ ਸੈਂਡਲ ਪੁਆ ਕੇ ਤੋਰੇ। ਪਰ ਕੁਝ ਵੀ ਨਾ ਬਣਿਆ। ਪਾਣੀ ਵਿੱਚ ਮਧਾਣੀ ਪਾਈ ਤੋਂ ਨਾ ਘਿਉ ਨਿੱਕਲਿਆ ਅਤੇ ਨਾ ਹੀ ਲੱਸੀ ਬਣੀ। ਸ਼ੱਕ-ਸ਼ੱਕ ਵਿੱਚ ਉਹਨਾਂ ਨੇ ਕਿਰਪਾਲ ਦੀ ਭਾਲ਼ ਕਰਕੇ, ਉਸ ਨਾਲ ਪ੍ਰਸ਼ਨ-ਉੱਤਰ ਕੀਤੇ। ਪਰ ਕੋਈ ਥਹੁ ਪਤਾ ਨਾ ਲੱਭਿਆ। ਦਰਸ਼ੋ ਦੇ ਬਾਪੂ ਨੂੰ ਪੁਲੀਸ ਫੜ੍ਹ ਲਿਆਈ। ਪਰ ਬੁਜ਼ਰਗ ਨੇ ਇਕ ’ਚ ਹੀ ਗੱਲ ਨਿਬੇੜ ਦਿੱਤੀ।

‘‘ਸਾਡੀ ਵੱਲੋਂ ਤਾਂ ਜੀ ਉਹੋ ਕਦੋਂ ਦੀ ਮਰੀ ਮਰਾਈ ਐ...!’’

ਵੈਦ ਦੀ ਲਾਗਡਾਟ ਵਾਲੇ ਬੰਦੇ ਫੜ੍ਹ ਕੇ ਠਾਣੇ ਬਿਠਾਈ ਰੱਖੇ। ਪਰ ਕਿਸੇ ਕੋਲੋਂ ਕੋਈ ਸੂੰਹ ਨਾ ਨਿਕਲੀ। ਨਾ ਵੈਦ ਦੀ ਲਾਸ਼ ਬੋਲੀ, ਨਾ ਦਰਸ਼ੋ ਦੀ! ਨਾ ਦੌਣ ਦੀ ਰੱਸੀ ਨੇ ਹੁੰਗਾਰਾ ਭਰਿਆ, ਨਾ ਡਾਂਗ ਨੇ। ਨਾ ਤੂੜੀ ਵਾਲੇ ਕੋਠੇ ਨੇ ਗਵਾਹੀ ਭਰੀ, ਨਾ ਸੁੰਨੇ ਘਾਰੇ ਨੇ। ਨਾ ਧਰਤੀ ਨੇ ਉਠ ਕੇ ਕੋਈ ਭੇਦ ਖੋਹਲਿਆ ਅਤੇ ਨਾ ਹੀ ਆਕਾਸ਼ ਉੱਤਰ ਕੇ ਥੱਲੇ ਆਇਆ। ਨਾ ਦਿਨ ਨੇ ਕੁਝ ਦੱਸਿਆ ਅਤੇ ਨਾ ਰਾਤ ਨੇ। ਨਾ ਹਵਾ ਨੇ ਮੂੰਹ ਖੋਹਲਿਆ ਅਤੇ ਨਾ ਕਿਸੇ ਫਰਿਸ਼ਤੇ ਨੇ। ਨਾ ਟੋਆ ਬੋਲਿਆ ਅਤੇ ਨਾ ਹੀ ਕੁੱਤਿਆਂ ਨੇ ਡਕ੍ਹਾਰ ਮਾਰਿਆ। ਠਾਣੇਦਾਰ ਨੂੰ ਮਕਤੂਲਾਂ ਦਾ ਕੋਈ ਰਿਸ਼ਤੇਦਾਰ ਵੀ ਹੱਥ ਨਹੀਂ ਝਾੜ ਰਿਹਾ ਸੀ। ਸੁੱਕੀ ਕਾਰਵਾਈ ਕਿਵੇਂ ਹੁੰਦੀ?

ਠਾਣੇਦਾਰ ਬੇਵੱਸ ਹੋ ਕੇ ਰਹਿ ਗਿਆ।

''ਸਰਪੰਚ ਸਾਹਬ, ਹੁਣ ਕੀ ਕਰੀਏ? ਕੋਈ ਸਿਰ ਪੈਰ ਨਜ਼ਰ ਨਹੀਂ ਆਉਂਦਾ – ਮੁਕੱਦਮਾ ਖੜ੍ਹੂ ਕਾਹਦੇ ਸਿਰ ਤੇ?'' ਠਾਣੇਦਾਰ ਨੇ ਪੁੱਛਿਆ। ਉਹ ਬਹੁਤ ਦੁਖੀ ਨਜ਼ਰ ਆ ਰਿਹਾ ਸੀ।

''ਜੀ ਕੀ ਕਰ ਸਕਦੇ ਆਂ – ਮਿੱਟੀ ਪਾਓ ਤੇ ਸਸਕਾਰ ਕਰਵਾਓ।'' ਸਰਪੰਚ ਢੇਰੀ ਢਾਹੀ ਖੜ੍ਹਾ ਸੀ।

ਹਾਰ ਕੇ ਪੁਲੀਸ ਨੇ ਪਿੰਡ ਦੇ ਸਾਹਮਣੇ ਸਾਰੀ ਪੰਚਾਇਤ ਤੋਂ ਦਸਤਖ਼ਤ ਕਰਵਾ ਲਏ। ਲਾਸ਼ਾਂ ਦਾ ਸੰਸਕਾਰ ਕਰ ਦਿੱਤਾ ਸੀ। ਮੁਕੱਦਮਾ ਜਿਵੇਂ ਲਾਸ਼ਾਂ ਦੇ ਨਾਲ ਹੀ ਸੜ ਕੇ ਸੁਆਹ ਹੋ ਗਿਆ ਸੀ। ਧੂੰਆਂ ਕਾਤਲਾਂ ਵਾਂਗ ਹੀ ਉੱਡ ਪੁੱਡ ਗਿਆ ਸੀ। ਕੋਈ ਸਬੂਤ, ਕੋਈ ਖੋਜ-ਖੁਰਾ ਨਹੀਂ ਛੱਡ ਕੇ ਗਿਆ ਸੀ।

(ਚਲਦਾ)

ਜੱਟ ਵੱਢਿਆ ਬੋਹੜ ਦੀ ਛਾਵੇਂ
(ਕਿਸ਼ਤ ਦਸਵੀਂ)

ਬਿੱਲੂ ਹੁਸੀਨ ਸੁਪਨਿਆਂ ਵਿੱਚ ਗੁਆਚਿਆ ਰਹਿੰਦਾ। ਚਰਨਾ ਆਪ ਦਾ ਠਰਕ ਝਾੜ ਛੱਡਦਾ ਸੀ। ਵਕਤ ਗੁਜ਼ਾਰ ਛੱਡਦਾ ਸੀ। ਕਾਫੀ ਦਿਨਾਂ ਤੋਂ ਬਾਅਦ ਬਿੱਲੂ ਨੂੰ ਪਿੰਡੋਂ ਚਿੱਠੀ ਆਈ। ਬੜੀ ਮਨਹੂਸ ਖ਼ਬਰ ਸੀ। ਅਸ਼ਲੀਲ ਖਬਰ ਨੇ ਸਾਹ ਸੂਤ ਲਏ ਸਨ। ਚਰਨਾ ਸੁਣ ਕੇ ਦੰਗ ਰਹਿ ਗਿਆ। ਬਿੱਲੂ ਨੂੰ ਝਟਕਾ ਲੱਗਿਆ। ਉਹ ਹੀ ਹੋਇਆ, ਜਿਸਦਾ ਉਹਨਾਂ ਨੂੰ ਡਰ ਸੀ। ਬਿੱਲੂ ਦਾ ਚਾਚਾ ਬਿੱਲੂ ਦੀ ਮਾਸੀ ਦੀ ਨਣਾਨ 'ਕੱਢ ਕੇ' ਲੈ ਗਿਆ ਸੀ! ਪਰ ਬਿੱਲੂ ਨੂੰ ਚਿੱਠੀ ਪਾਉਣ ਦਾ ਕੀ ਫਾਇਦਾ ਸੀ? ਬਿੱਲੂ ਵਿਚਾਰਾ ਕੀ ਕਰ ਸਕਦਾ ਸੀ? ਬਿੱਲੂ ਕਿਹੜਾ ਚੁੰਬਕ ਸੀ, ਜਿਹੜਾ ਆਪਣੀ ਮਾਸੀ ਦੀ ਨਣਾਨ ਨੂੰ ਲੋਹੇ ਵਾਂਗ ਖਿੱਚ ਕੇ ਲੈ ਆਉਂਦਾ?

''ਚਰਨਿਆ, ਆਪਾਂ ਕੀ ਕਰ ਸਕਦੇ ਆਂ?'' ਸ਼ਾਮ ਸਮੇਂ ਬਿੱਲੂ ਨੇ ਪੈੱਗ ਪੀ ਕੇ ਪੁੱਛਿਆ।

''ਡਮਾਕ ਕੰਮ ਨਹੀਂ ਕਰਦਾ।'' ਚਰਨੇ ਨੇ ਲੂਣ ਦੀ ਡਲ਼ੀ ਜੀਭ ਤੇ ਘਸਾ ਕੇ ਆਖਿਆ। ਉਸ ਦੀਆਂ ਅੱਖਾਂ ਵਿੱਚ ਨਸ਼ਾ ਅਤੇ ਸੋਚ ਸੀ।

''ਸਹੁਰੇ ਲੈਲਕ ਨੇ ਮਾਰਿਆ ਕਮਲ ਈ - ਬਈ ਕੰਜਰਾ, ਤੂੰ ਆਹ ਕੀ ਕਾਲਸ ਮਲਦੈਂ ਮੂੰਹ ਤੇ? ਤੇਰੀ ਗੱਲ ਬਾਤ ਐ ਤਾਂ ਡੰਗ ਟਪਾਈ ਚੱਲ-ਬਈ ਬੁੜ੍ਹੀ ਖੋਲੀ ਨੂੰ ਨਾਲ ਲਿਜਾ ਕੇ ਤੂੰ ਇਹਦੀ ਧਾਰ ਕੱਢਣੀ ਐਂ?''

''ਪਤੰਦਰ ਨੇ ਘਰ ਦੀ ਇੱਜ਼ਤ ਈ ਬੈਰਾਨ ਕਰਤੀ-ਬਹੁੜੀ ਉਏ, ਸਾਰਿਆਂ ਨੂੰ ਟੁੱਕ ਤੇ ਡੇਲਾ ਈ ਸਮਝ ਲਿਆ?''

''ਹੋਰ ਦੇਖ! ਕੰਜਰ ਨੇ ਹਿੰਮਤ ਕਿਵੇਂ ਕੀਤੀ?"

"ਪਰ ਆਪਣੇ ਜਾਣ ਨਾਲ ਫਾਇਦਾ ਕੀ ਹੋਊ?''

''ਫਾਇਦਾ ਹੋਵੇ ਨਾ ਹੋਵੇ - ਪਰ ਇਕ ਵਾਰੀ ਤਾਂ ਜਾਣਾ ਈ ਪੈਣੈ।''

ਅਗਲੀ ਸਵੇਰ ਉਹਨਾਂ ਨੇ ਜ਼ਮੀਨ ਦੀ ਨਿਗਰਾਨੀ ਗੁਆਂਢੀ ਖੇਤ ਵਾਲੇ ਸਰਦਾਰੇ ਨੂੰ ਸੰਭਾਲ ਗੱਡੀ ਫੜ੍ਹ ਲਈ।

ਤਕਰੀਬਨ ਰਾਤ ਦੇ ਨੌਂ ਕੁ ਵਜੇ ਤੱਕ ਪਿੰਡ ਪਹੁੰਚ ਗਏ। ਮਾਸੀ, ਮਾਸੜ ਅਤੇ ਹੋਰ ਰਿਸ਼ਤੇਦਰ ਬੈਠੇ ਸਨ। ਮਾਸੀ ਅਤੇ ਬੇਬੇ ਰੋ ਰਹੀਆਂ ਸਨ। ਭੈਣ ਸੁੰਨ ਜਿਹੀ ਹੋਈ, ਰਸੋਈ ਵਿੱਚ ਬੈਠੀ ਚੱਕਣ ਧਰਨ ਕਰ ਰਹੀ ਸੀ। ਇਕ ਪਾਸੇ ਮਾਮਾ ਅਤੇ ਮਾਮੀ ਘੋਰ ਉਦਾਸ ਬੈਠੇ ਸਨ।

ਸੂਹੀਏ ਛੱਡੇ ਹੋਏ ਸਨ। ਪਰ ਅਜੇ ਤੱਕ ਕੋਈ ਖਬਰ ਲੈ ਕੇ ਪਹੁੰਚਿਆ ਨਹੀਂ ਸੀ।

ਅਗਲੀ ਸਵੇਰ ਬੰਤ ਸਿੰਘ ਨੰਗਲ਼ੀਏ ਨੇ ਆ ਕੇ ਖ਼ਬਰ ਦਿੱਤੀ ਕਿ ਚਾਚਾ ਸੁਰਜਣ ਅਤੇ ਪੱਤੋ ਵਾਲੀ ਭੋਲੀ, ਕੁਵੈਤ ਵਾਲੇ ਰਣਜੀਤ, ਪਿੰਡ ਚੱਕ ਤਾਰੇਵਾਲ ਦੇ ਖੇਤ ਬੈਠੇ ਸਨ।

''ਹੁਣ ਕੀ ਕਰੀਏ?'' ਬਲਵੰਤ ਸਿੰਘ ਨੇ ਇਕ ਤਰ੍ਹਾਂ ਸਾਰਿਆਂ ਤੋਂ ਰਾਇ ਪੁੱਛੀਂ।

''ਚੱਲੋ ਨਿਸਾਲ਼ੀਏ ਚੱਲ ਕੇ!''

''ਐਥੋਂ ਬੱਸ ਫੜ ਕੇ ਮੋਗੇ ਚੱਲੋ – ਮੋਗਿਓਂ ਧਰਮਕੋਟ ਤੇ ਕੋਟੋਂ ਨਸੀਰੇਵਾਲ ਤੱਕ ਚੱਲਾਂਗੇ – ਟੈਂਪੂ 'ਤੇ ਨਸੀਰੇਵਾਲ ਤੋਂ ਚੱਕ ਤਾਰੇਵਾਲ ਨਾਲ ਈ ਐ।''

ਅਜੇ ਉਹ ਤਿਆਰੀ ਕਰ ਹੀ ਰਹੇ ਸਨ ਕਿ ਚੌਂਕੀਦਾਰ ਹੱਥ ਪੁਲਸ ਦਾ ਸੱਦਾ ਆ ਗਿਆ। ਪਤਾ ਨਹੀਂ ਕਿਸ ਦੋਖੀ ਨੇ ਖ਼ਬਰ ਕਰ ਦਿੱਤੀ ਸੀ?

''ਕੀ ਭੀੜ ਪੈ ਗਈ ਸਰਦਾਰ ਜੀ – ਜਿਸ ਕਰਕੇ ਦਰਸ਼ਨ ਦਿੱਤੇ?'' ਸਰਪੰਚ ਪੁੱਛ ਰਿਹਾ ਸੀ।

''ਪਿੰਡ ਕੁੱਤਾ ਐ – ਪਿੰਡ ਗੁੰਡਾ ਐ – ਜਿਹੜਾ ਹਰ ਰੋਜ ਸਾਨੂੰ ਵੰਝ ਤੇ ਚੜ੍ਹਾਈ ਰੱਖਦੈ।'' ਠਾਣੇਦਾਰ ਕਾਫ਼ੀ ਅੱਕਿਆ ਲੱਗਦਾ ਸੀ।

''ਤਾਂ ਵੀ ਕੁਝ ਪਤਾ ਤਾਂ ਲੱਗੇ?''

''ਅਣਜਾਣ ਬਣਨ ਦੀ ਕੋਸ਼ਿਸ਼ ਨਾ ਕਰ!''

''ਕੁਝ ਦੱਸੋਂਗੇ ਵੀ?''

''ਤੈਨੂੰ ਪਤਾ ਹੀ ਨ੍ਹੀਂ? ਜਿਹੜਾ ਤੇਰਾ ਪਤੰਦਰ ਅਗਲੇ ਦੀ ਕੁੜੀ ਕੱਢੀ ਫਿਰਦੈ।''

''ਇਹ ਕੰਮ ਪੰਚਾਇਤ ਦਾ ਐ – ਅਸੀਂ ਆਪੇ ਨਿਬੇੜਾ ਕਰਵਾ ਦਿਆਂਗੇ।'' ਇਕ ਮੈਂਬਰ ਨੇ ਕਿਹਾ। ਕਈ ਆਦਮੀਆਂ ਨੇ ਉਸਦੀ ਹਾਂਮੀ ਭਰੀ।

''ਭੌਂਕੋ ਨਾ ਓਏ ਕੁੱਤਿਓ...! ਕੁੱਟ ਕੇ ਦਲ਼ੀਆ ਬਣਾ ਦਿਊਂ।''

''ਠਾਣੇਦਾਰ ਸਾਹਬ – ਗੁੱਸਾ ਨਾ ਕਰੋ – ਅਸੀਂ ਇਹ ਕੇਸ ਆਪੇ ਸਾਂਭਾਗੇ।'' ਸਰਪੰਚ ਬੜੇ ਠੰਡੇ ਮਤੇ ਨਾਲ ਗੱਲ ਕਰ ਰਿਹਾ ਸੀ।

''ਤੂੰ ਤਾਂ ਕਹੇਂਗਾ ਕਤਲ ਦਾ ਕੇਸ ਵੀ ਅਸੀਂ ਸਾਂਭਾਗੇ?''

''ਜਿਥੋਂ ਤੱਕ ਸਾਡੀ ਪਹੁੰਚ ਹੈ – ਕਰਾਂਗੇ।''

ਕਾਫੀ ਚਿਰ ''ਘੈਂਸ-ਘੈਂਸ'' ਹੁੰਦੀ ਰਹੀ। ਠਾਣੇਦਾਰ ਕਾਫੀ ''ਠੰਢਾ-ਤੱਤਾ'' ਹੋਇਆ ਸੀ। ਪਰ ਪੰਚਾਇਤ ਨੇ ਉਸ ਨੂੰ ਬੁਸ਼ਕਾਰ ਲਿਆ ਸੀ।

ਅਖੀਰ ਰੋਟੀ ਖੁਆ ਕੇ ਪੁਲੀਸ ਵਿਦਾ ਕਰ ਦਿੱਤੀ।

ਸਰਪੰਚ ਨੂੰ ਲੈ ਕੇ ਬਲਵੰਤ ਸਿੰਘ, ਨਾਹਰ ਸਿੰਘ ਅਤੇ ਪੰਚਾਇਤ ਕੁਵੈਤ ਵਾਲੇ ਰਣਜੀਤ ਦੇ ਖੇਤ ਚੱਕ ਤਾਰੇਵਾਲ ਪੁੱਜ ਗਏ।

ਬਲਵੰਤ ਸਿੰਘ ਨੂੰ ਦੇਖ ਕੇ ਬਿੱਲੂ ਦਾ ਚਾਚਾ ਸੁਰਜਣ ਕੰਬਣ ਲੱਗ ਪਿਆ। ਉਹ ਬਲਵੰਤ ਸਿੰਘ ਤੋਂ ਬਹੁਤ ਡਰਦਾ ਸੀ, ਭੈਅ ਖਾਂਦਾ ਸੀ ਜਾਂ ਕਹੋ ਉਸਨੂੰ ਬਲਵੰਤ ਸਿੰਘ ਦੀ ਅੱਖ ਦੀ ਸ਼ਰਮ ਸੀ। ਪੱਤੋ ਵਾਲੀ ਭੋਲੀ ਡਰ ਕੇ ਅਗਲੇ ਅੰਦਰ ਵੜ ਗਈ ਸੀ। ਉਸਨੂੰ ਲੁਕਣ ਨੂੰ ਕੋਈ ਥਾਂ ਨਹੀਂ ਲੱਭਦਾ ਸੀ।

''ਕੁੱਤੀਏ ਜਾਤੇ - ਤੇਰੇ ਕੱਢਲਾਂ ਮੈਂ ਆਨੇ - ਇਹ ਕੀ ਲੱਛਣ ਫੜਿਐ ਉਏ?'' ਬਲਵੰਤ ਸਿੰਘ ਗੁੱਸੇ ਨਾਲ ਪਾਗਲ ਹੋ ਗਿਆ ਸੀ। ਉਸਨੇ ਕੰਧ ਨਾਲ ਖੜ੍ਹਾ ਰੈਂਗੜਾ ਖਿੱਚ ਲਿਆ।

ਪਰ ਪੰਚਾਇਤ ਨੇ ਫੜ ਲਿਆ।

''ਸਾਲਿਆ, ਤੈਨੂੰ ਵੱਢ ਕੇ ਕਿਸੇ ਖੂਹ ਖਾਤੇ 'ਚ ਨਾ ਸਿੱਟਿਆ ਤਾਂ ਮੈਨੂੰ ਕਹਿ ਦੀਂ।''

''......!'' ਸੁਰਜਣ ਚੁੱਪ ਸੀ।

''ਬੱਸ ਬਲਵੰਤ ਸਿਆਂ, ਜਾਣਦੇ ਗੁੱਸੇ ਨੂੰ!''

''ਚੱਲ ਮੁੰਡਿਆ - ਚੱਲ ਘਰ ਨੂੰ ਤੁਰ!''

''ਸਹੁਰਿਆ, ਕੀ ਬੂਅ-ਬੂਅ ਕਰਾ ਛੱਡੀ ਐ।''

''ਆਵਦੇ ਘਰ ਦੀ ਇੱਜ਼ਤ ਬੰਨੀ ਦੇਖੀਏ।''

''ਜੁਗਰਾਜ ਸਿਆਂ, ਸਾਡਾ ਕੋਈ ਮੂਤ ਨਹੀਂ ਉਲੰਘਦਾ - ਤੇ ਇਹਨੇ ਹਰਾਮ ਦੇ ਨੇ ਲੋਕਾਂ 'ਚ ਬਹਿਣ ਜੋਕਰਾ ਨ੍ਹੀਂ ਛੱਡਿਆ।'' ਬਲਵੰਤ ਸਿੰਘ ਨੇ ਧਾਹ ਜਿਹੀ ਮਾਰੀ।

''ਕੋਈ ਨਾ, ਅੱਗੇ ਤੋਂ ਸੰਭਲੂ।''

''ਥੁੱਕ ਦੇ ਗੁੱਸਾ!''

''ਤੇ ਹੋਰ......!''

''ਚੱਲ ਮੱਲਾ ਸੁਰਜਣ ਸਿਆਂ, ਮੁਆਫੀ ਮੰਗ ਲੈ – ਉਹ ਜਾਣੇ!''

''.......!''ਸੁਰਜਣ ਚੁੱਪ ਖੜ੍ਹਾ ਸੀ।

''ਮੈਂ ਤੇਰੇ ਗਿੱਟੇ ਵੱਢਦੂੰ ਗਿੱਟੇ – ਕੁਛ ਨਾ ਭਾਲ਼!'' ਬਲਵੰਤ ਸਿੰਘ ਹੋਰ ਭੜ੍ਹਕ ਪਿਆ। ਉਹ ਹਨ੍ਹੇਰੀ ਵਾਂਗ ਸੁਰਜਣ ਵੱਲ ਆਇਆ। ਪਰ ਬਜ਼ੁਰਗ ਨੇ ਰੋਕ ਲਿਆ।

''ਚੱਲ, ਹੁਣ ਜਾਣਦੇ ਬਲਵੰਤ ਸਿਆਂ।''

''ਨਹੀਂ ਯਾਰ, ਇਹਨੇ ਸਾਨੂੰ ਕੀ ਫੁੱਦੂ ਤਕਾ ਰੱਖਿਐ।''

''ਬਲਵੰਤ ਸਿਆਂ, ਕਿਉਂ ਕਮਲ਼ ਮਾਰੀ ਜਾਨੈ?''

''ਨਹੀਂ ਮਹਿੰਦਰ ਸਿਆਂ – ਇਹ ਸਾਲਾ ਊਠ ਜਿੱਡਾ ਹੋਇਆ ਵਿਐ – ਦਾਹੜੀ ਮੂੰਹ ਤੇ ਐ – ਇਹਨੂੰ ਪੁੱਛੋ ਬਈ ਕਦੇ ਇਹਨੇ ਕੋਈ ਭਦਰਕਾਰੀ ਕੀਤੀ ਐ?'' ਬਲਵੰਤ ਸਿੰਘ ਪਾਣੀ ਵਾਂਗ ਉੱਬਲ਼ ਰਿਹਾ ਸੀ।

''ਭਦਰਕਾਰੀ ਕਰੂਗਾ – ਕਰੂ ਕਿਉਂ ਨਾ?''

''ਚੱਲ ਕੋਈ ਨਾ – ਨਿਆਣਾ ਸੀ ਜਾਣ ਦੇਹ।''

''ਅਜੇ ਇਹੇ ਨਿਆਣਾਂ ਈ ਐ? ਸਾਲੇ ਦੀ ਦਾਹੜੀ ਗਿੱਟਿਆਂ ਤੱਕ ਆਉਣ ਆਲੀ ਐ।''

''ਚੱਲ ਬੱਸ ਕਰ ਹੁਣ!'' ਨਾਹਰ ਸਿੰਘ ਨੇ ਬਲਵੰਤ ਸਿੰਘ ਨੂੰ ਅੰਦਰੋਂ ਬਾਹਰ ਕੱਢ ਦਿੱਤਾ। ਬਲਵੰਤ ਸਿੰਘ ਬਾਹਰ ਖੜ੍ਹ ਕੇ ਗੁੱਸੇ ਨਾਲ ਡੱਕੇ ਭੰਨਣ ਲੱਗ ਪਿਆ।

ਖੈਰ! ਸੁਰਜਣ ਦਾ ਵੀ ਸਾਰਾ ਕਸੂਰ ਨਹੀਂ ਸੀ। ਗਿੱਧਾ ਦੋਨ੍ਹਾਂ ਹੱਥਾਂ ਨਾਲ ਹੀ ਪੈਂਦਾ ਹੈ। ਨਾਲੇ ਸੁਰਜਣ ਕਿਹੜਾ ਉਸਨੂੰ ਅਗਵਾ ਕਰ ਕੇ ਲਿਆਇਆ ਸੀ? ਪੱਤੋ ਵਾਲੀ ਭੋਲੀ ਤਾਂ ਰੱਬ ਦੀ

ਭਗਤਣੀ ਸੀ। ਦਰਵੇਸ਼ ਸੀ। ਸੀਲ ਗਊ ਵਰਗੀ ਸੀ। ਉਹ ਤਾਂ ਫੱਕਰਨੀ ਬਿਨਾਂ ਨਾਂਹ-ਨੁੱਕਰ ਦੇ ਸੁਰਜਣ ਨਾਲ ਆਪ ਹੀ ਤੁਰ ਆਈ ਸੀ। ਕਿਹੜਾ ਸੁਰਜਣ ਉਸਨੂੰ ਸੁੱਤੀ ਪਈ ਨੂੰ ਚੁੱਕ ਕੇ ਲਿਆਇਆ ਸੀ? ਬਲਵੰਤ ਸਿੰਘ ਤਾਂ ਐਵੇਂ ਹੀ, ਬਿਨਾਂ ਗੱਲੋਂ ਭੂਤਰਿਆ ਫਿਰਦਾ ਸੀ। ਜੇ ਕਦੇ ਬੂਰ ਦੇ ਲੱਡੂ ਉਸਨੇ ਚੱਖ ਕੇ ਦੇਖੇ ਹੁੰਦੇ, ਤਾਂ ਹੀ ਉਸਨੂੰ ਪਤਾ ਹੁੰਦਾ ਕਿ ਇਸ਼ਕ, ਮੁਸ਼ਕ ਅਤੇ ਆਸ਼ਕੀ ਮਾਸ਼ੂਕੀ ਕੀ ਹੁੰਦੀ ਹੈ? ਉਹ ਤਾਂ ਵਿਚਾਰਾ ਕਿੱਲੇ ਦੇ ਜੋਰ 'ਤੇ ਆਕੜਨ ਵਾਲਾ ਸੀ। ਜੇ ਸ਼ਾਇਦ ਬਲਵੰਤ ਸਿੰਘ ਰਾਂਝੇ ਦਾ ਬਾਪੂ ਹੁੰਦਾ, ਉਸਨੂੰ ਆਥਣ ਨੂੰ ਮਾਰ ਦਿੰਦਾ!

ਅਖੀਰ ਪੰਚਾਇਤ ਨੇ ਫੈਸਲਾ ਕੀਤਾ।

ਸੁਰਜਣ ਨੂੰ ਝਾੜਾਂ ਪਾਈਆਂ। ਲਾਹ ਪਾਅ ਕੀਤੀ। ਇਧਰ ਉਧਰ ਕਰਕੇ ਸੁਰਜਣ, ਬਲਵੰਤ ਸਿੰਘ ਹੁਰਾਂ ਨਾਲ ਤੋਰ ਦਿੱਤਾ ਅਤੇ ਭੋਲੀ ਦਾ ਰੱਸਾ ਬਿੱਲੂ ਦੇ ਮਾਸੜ ਹੱਥ ਫੜ੍ਹਾ ਦਿੱਤਾ। ਭਲਾ ਹੋਵੇ ਵਿਚਾਰੀ ਭੋਲੀ ਦਾ! ਜੁੱਗ ਜੁੱਗ ਜੀਵੇ ਦਰਵੇਸ਼ਣੀ, ਜਿਹੜੀ ਬਿਨਾਂ ਕਿਸੇ ਰੌਲੇ ਰੱਪੇ ਤੋਂ ਭਲੀ ਪੱਤ ਨਾਲ ਤੁਰ ਗਈ ਸੀ। ਕਿੰਨੀ ਚੰਗੀ ਸੀ ਵਿਚਾਰੀ ਭੋਲੀ! ਸੁਰਜਣ ਲੈ ਆਇਆ ਸੀ - ਆ ਗਈ ਸੀ। ਹੁਣ ਪੰਚਾਇਤ ਲੈਣ ਆ ਗਈ, ਤੁਰ ਗਈ ਸੀ। ਕਿੰਨੀ ਚੰਗੀ ਸੀ ਵਿਚਾਰੀ ਭੋਲੀ, ਜਿਹੜੀ ਕਦੇ ਕਿਸੇ ਨੂੰ ਕਿਸੇ ਗੱਲੋਂ 'ਨਾਂਹ' ਨਹੀਂ ਕਰਦੀ ਸੀ। ਹਰ ਕਿਸੇ ਦਾ ਖਿਆਲ ਰੱਖਦੀ ਸੀ।

ਪ੍ਰੀਤਮ ਅਤੇ ਜਿੰਦਰ ਦੀ ਸਜ਼ਾ ਖਤਮ ਹੋਣ ਵਿੱਚ ਦੋ ਮਹੀਨੇ ਹੀ ਰਹਿੰਦੇ ਸਨ। ਉਹ ਹਰ ਰੋਜ ਉਂਗਲਾਂ ਤੇ ਦਿਨ ਗਿਣਦੇ ਰਹਿੰਦੇ। ਤਰ੍ਹਾਂ-ਤਰ੍ਹਾਂ ਦੀਆਂ ਵਿਚਾਰਾਂ ਕਰਦੇ।

ਅੜਿੱਕਾ, ਪ੍ਰੀਤਮ ਅਤੇ ਜਿੰਦਰ ਨਾਲ ਮੁਲਾਕਾਤ ਕਰਨ ਆਇਆ।

''ਤਕੜੈਂ, ਚਾਚਾ?'' ਅੜਿੱਕਾ ਆਪਣਿਆਂ ਵਾਂਗ ਮੱਥੇ ਲੱਗਿਆ।

''ਲੋਹੇ ਅਰਗਾ...! ਤੂੰ ਸੁਣਾਂ ਅੜਿੱਕਿਆ?''

''ਬੱਸ ਚਾਚਾ, ਚਿੱਤ ਈ ਨ੍ਹੀ ਲੱਗਿਆ - ਮੈਂ ਸੋਚਿਆ ਮਿਲ਼ ਈ ਆਈਏ ਚਾਚੇ ਹੋਰਾਂ ਨੂੰ।''

''ਜੀ ਆਏ ਦੇ – ਹੋਰ ਸੁਣਾਂ ਹਾਲ ਚਾਲ?''

''ਕਾਹਦੇ ਹਾਲ ਐ ਚਾਚਾ – ਜਦੋਂ ਦੀ ਚਾਚੀ ਮਰੀ ਐ – ਬੱਸ ਉਦੋਂ ਦਾ ਤੇਰੇ ਘਰ ਅੱਲੀਂ ਝਾਕਣ ਨੂੰ ਰੂਹ ਨਹੀਂ ਕਰਦੀ।''

''.......!'' ਪ੍ਰੀਤਮ ਨੇ ਨੀਵੀਂ ਪਾ ਲਈ। ਜਿਵੇਂ ਉਹ ਕਿਸੇ ਸ਼ਰਮ ਅਤੇ ਦੁੱਖ ਵਿੱਚ ਡੁੱਬ ਗਿਆ ਸੀ।

''ਚਾਚਾ! ਆਪਣੀ ਕੁੜੀ ਵੀ ਕਮਲ਼ੀ ਐ – ਐਮੇਂ ਦੁਆਨੀ ਦੇ ਜੱਟ ਪਿੱਛੇ ਲੱਗ ਕੇ ਸਾਰੇ ਘਰ ਦਾ ਨਾਸ ਮਾਰਤਾ – ਮੈ ਕਹਿੰਨੇ ਜਮਾਂ ਈ ਸੱਤਿਆ ਨਾਸ ਕਰਤਾ।''

''ਅੜਿੱਕਿਆ...! ਕੋਈ ਨਾ, ਸਾਨੂੰ ਇਕ ਵਾਰੀ ਬਾਹਰ ਤਾਂ ਆਉਣ ਦੇ – ਦੇਖੀਂ ਕਰਦੇ ਹਿਸਾਬ-ਕਿਤਾਬ ਬਰਾਬਰ...।''

''ਇਕ ਆਰੀ ਡੱਕਰੇ ਜਰੂਰ ਕਰਨੇਂ ਐਂ – ਇਹਦੀ ਮਾਂ ਦੀ......ਕੁੱਤੇ ਜੱਟ ਦੀ!'' ਪ੍ਰੀਤਮ ਨੇ ਦੰਦ ਪੀਹੇ। ਉਸ ਦਾ ਮੂੰਹ ਅੰਗਿਆਰ ਵਾਂਗ ਭਖ਼ ਰਿਹਾ ਸੀ।

ਬਰਾਬਰ ਜਿੰਦਰ ਬਿਮਾਰ ਪਠੋਰੇ ਵਾਂਗ ਬੈਠਾ ਸੀ।

''ਚਾਚਾ, ਹੁਣ ਆਪਣੀ ਤਾਂ ਰਹਿੰਦੀ ਐ – ਜੇ ਜੱਟ ਦਾ ਸਿਵਾ ਵੀ ਚਾਚੀ ਮਾਂਗੂੰ ਮੱਚੇ।'' ਅੜਿੱਕਾ ਫੂਕ ਭਰਨ ਦੀ ਕਸਰ ਬਾਕੀ ਨਹੀਂ ਛੱਡ ਰਿਹਾ ਸੀ।

''ਜਰੂਰ ਮੱਚੂਗਾ ਅੜਿੱਕਿਆ – ਜਰੂਰ ਮੱਚੂਗਾ – ਕੇਰਾਂ ਦਿਨ ਆ ਜਾਣਦੇ।'' ਪ੍ਰੀਤਮ ਦੰਦੀਆਂ ਵੱਢ ਰਿਹਾ ਸੀ।

''ਦਿਨ ਤਾਂ ਆਏ ਸਮਝੋ ਚਾਚਾ – ਬੱਕਰੇ ਦੀ ਮਾਂ ਕਿੰਨੇ ਕੁ ਦਿਨ ਸੁੱਖ ਮਨਾਊ?'' ਜਿੱਥੇ ਐਨੇ ਸਾਲ ਕੱਟ ਲਏ- ਉਥੇ ਦੋ ਮਹੀਨੇ ਹੋਰ ਸਹੀ – ਮੇਰਾ ਸਹੁਰਾ ਜੱਟ, ਨਸੌੜ ਚੱਕ ਚੱਕ ਕੇ ਤੁਰਦੈ – ਹੁਣ ਤਾਂ ਚਾਚਾ, ਤੁਸੀਂ ਈ ਦਿਲ ਠਾਰੋਂਗੇ ਆ ਕੇ।''

''ਮੈਖਿਆ ਵਹਿਮ ਕਾਹਦਾ ਕਰਦੈਂ?''

''ਮੈਂ ਥੋਨੂੰ ਲੈਣ ਆਊਂਗਾ।'' ਅੜਿੱਕੇ ਨੇ ਕਿਹਾ।

''ਚੰਗਾ।''

ਪਾਣ ਚਾੜ੍ਹ ਕੇ ਅੜਿੱਕਾ ਚਲਾ ਗਿਆ। ਧੁੱਪ ਛਾਂ ਆਉਂਦੀ ਰਹੀ। ਕੁਦਰਤ ਦੇ ਹੁਕਮ ਅਨੁਸਾਰ ਜਾਂਦੀ ਰਹੀ। ਦਿਨ ਚੜ੍ਹਦਾ ਰਿਹਾ, ਛੁਪਦਾ ਰਿਹਾ। ਹਵਾ ਦੇ ਬੁੱਲੇ ਆਉਂਦੇ ਰਹੇ, ਲੰਘਦੇ ਰਹੇ।

ਦਿਨ ਬੀਤ ਗਏ।

ਪ੍ਰੀਤਮ ਅਤੇ ਜਿੰਦਰ ਦੀ ਸਜ਼ਾ ਪੂਰੀ ਹੋ ਗਈ। ਸ਼ਾਮ ਦੇ ਪੰਜ ਵਜੇ ਪ੍ਰੀਤਮ ਅਤੇ ਜਿੰਦਰ ਨੂੰ ਜੇਲ੍ਹ ਦੀ ਡਿਉੜ੍ਹੀ ਰਾਹੀਂ ਬਾਹਰ ਕੱਢ ਦਿੱਤਾ ਗਿਆ।

ਅੜਿੱਕਾ ਵੱਡੇ ਦਰਵਾਜ਼ੇ ਦੇ ਸਾਹਮਣੇ ਮਸੀਤ ਕੋਲ ਕੱਪੜੇ ਲੱਤੇ ਬਗੈਰਾ ਲਈ ਖੜ੍ਹਾ ਸੀ।

ਬਾਹਰ ਨਿਕਲ ਕੇ ਪ੍ਰੀਤਮ ਅਤੇ ਜਿੰਦਰ ਨੇ ਅਗਵਾੜੀਆਂ ਭੰਨਣੀਆਂ ਸ਼ੁਰੂ ਕਰ ਦਿੱਤੀਆਂ। ਉਹ ਪਿੰਜਰੇ ਵਿੱਚੋਂ ਆਜ਼ਾਦ ਹੋਏ ਪੰਛੀ ਵਾਂਗ ਖੰਭ ਜਿਹੇ ਝਿਣਕ ਰਹੇ ਸਨ। ਬਾਹਾਂ ਝਟਕ ਰਹੇ ਸਨ। ਆਸੇ ਪਾਸੇ ਦਾ ਰੰਗ ਢੰਗ ਦੇਖ ਕੇ ਉਹ ਜੀਭਾਂ ਕੱਢਣ ਲੱਗ ਪਏ।

ਉਹਨਾਂ ਠੇਕੇ ਤੋਂ ਦੋਂ ਬੋਤਲਾਂ ਸੰਤਰਾ ਖਰੀਦ ਲਈਆਂ ਅਤੇ ਭਲਵਾਨ ਦੇ ਢਾਬੇ 'ਤੇ ਬੈਠ ਕੇ ਪੀਣ ਲੱਗ ਪਏ।

''ਕੱਲ੍ਹ ਨੂੰ ਪੁੱਤ ਦਾ ਕੰਡਾ ਕੱਢ ਈ ਦੇਣੈ।''

ਜਿੰਦਰ ਸ਼ਰਾਬੀ ਹੋ ਗਿਆ ਸੀ।

''ਸੁਆਦ ਤਾਂ ਚਾਚਾ, ਫੇਰ ਈ ਆਊ।'' ਅੜਿੱਕੇ ਨੇ ਕਿਹਾ। ਉਹ ਤੇਜ ਨਜ਼ਰ ਨਾਲ ਤਾੜ ਰਿਹਾ ਸੀ ਕਿ ਲੋਹਾ ਗਰਮ ਹੋ ਕੇ ਲਾਲ ਹੋ ਚੁੱਕਾ ਸੀ। ਬੱਸ! ਹਥੌੜੇ ਦੀ ਸੱਟ ਮਾਰਨ ਦੀ ਹੀ ਲੋੜ ਸੀ।

''ਬਾਈ, ਜੇ ਆਪਾਂ ਐਨਾਂ ਕੰਮ ਨਾ ਕੀਤਾ – ਤਾਂ ਆਪਾਂ ਪਿਛੌਰਾ ਸਿੰਘ ਦੇ ਪੁੱਤ ਨਹੀਂ।''

ਸ਼ਰਾਬੀ ਜਿੰਦਰ ਨੂੰ ਹਿਚਕੀ ਲੱਗੀ ਹੋਈ ਸੀ। ਉਹ ਵਾਰ-ਵਾਰ ਸ਼ਰਾਬ ਦੀ ਘੁੱਟ ਭਰਦਾ ਸੀ।

''ਹੈ ਕਮਲਾ...! ਕੀ ਗੱਲਾਂ ਕਰੀ ਜਾਂਦਾ ਐ, ਯੱਭਲੀਆਂ - ਤੂੰ ਕੇਰਾਂ ਪਿੰਡ ਤਾਂ ਚੱਲ - ਦੇਖ ਕਿਮੇਂ ਬਣਾਉਨੇ ਆਂ ਬੋਕ।'' ਪ੍ਰੀਤਮ ਤੇਲ ਤਲ਼ੇ ਪਕੌੜੇ ਨੂੰ ਫੂਕਾਂ ਮਾਰ-ਮਾਰ ਕੇ ਖਾ ਰਿਹਾ ਸੀ। ਉਸ ਦੀ ਦਾਹੜੀ ਥੰਦਿਆਈ ਨਾਲ ਲਿਸ਼ਕ ਪਈ ਸੀ।

''ਤੂੰ ਚਾਚੇ ਨੂੰ ਠੰਢਾ ਨਾ ਸਮਝ - ਕਮਲ਼ਿਆ ਇਹਦੇ ਢਿੱਡ 'ਚ ਤਾਂ ਮੱਚੀ ਜਾਂਦੇ ਐ ਕੋਲੇ।'' ਅੜਿੱਕਾ, ਪ੍ਰੀਤਮ ਸਿੰਘ ਵੱਲੋਂ ਕਹਿ ਰਿਹਾ ਸੀ, ''ਬੱਸ ਤੂੰ ਟੈਟ ਹੋ...!''

''ਮੈਂ ਠੰਢਾ ਕਿੱਥੇ ਅੜਿੱਕਿਆ? ਆ ਤਾਂ ਜਾਣਦੇ ਇਕ ਵਾਰੀ ਜੱਟ ਨੂੰ ਸਾਹਮਣੇ ਮੈਂ ਕੱਚੇ ਨੂੰ ਨਾ ਖਾ ਜਾਵਾਂ।''

''ਭੈੜਿਆ, ਜੀਹਦਾ ਐਡਾ ਸੋਹਣਾ ਚੱਲਦਾ ਛਿਛਟਮ ਤਬਾਹ ਹੋਜੇ - ਉਹ ਤੇਰੇ ਭਾਅ ਦਾ ਟਿਕ ਕੇ ਬੈਠੂ?''

''ਮੈਂ ਤਾਂ ਫਿਰ ਉਸ ਆਦਮੀ ਨੂੰ ਬੰਦਾ ਈ ਨਹੀਂ ਗਿਣਦਾ - ਉਹ ਭਲਾ ਕੋਈ ਬੰਦਾ ਹੋਇਆ, ਚਾਚਾ?'' ਅੜਿੱਕੇ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ।

''ਬਿਲਕੁਲ ਨਹੀਂ!''

''ਐਹੋ ਜਿਆ ਬੰਦਾ ਤਾਂ ਚੱਪਣੀ 'ਚ ਨੱਕ ਡਬੋ ਕੇ ਮਰਜੇ।''

''ਜਿਹੜੀ ਜ਼ਿੰਦਗੀ ਚਾਰ ਦਿਨ ਜਿਉਣੀਂ ਐਂ - ਮੈਂ ਤਾਂ ਕਹਿੰਨੈ ਹਿੱਕ ਕੱਢ ਕੇ ਜਿਉਂਣੈ।''

''ਆਹੋ, ਮਰਨਾ ਤਾਂ ਇਕ ਦਿਨ ਸਭ ਨੇ ਐ - ਐਥੇ ਕਿਸੇ ਨੇ ਬੈਠ ਰਹਿਣੈ?''

''ਚਾਚਾ, ਜਿੰਨੇ ਸੰਸਾਰ ਦੇ ਛਿੱਤਰ ਮਾਰੋ - ਉਨਾਂ ਈ ਨੇੜ ਨੂੰ ਆਉਂਦੈ।'' ਅੜਿੱਕਾ ਆਪਣੀ ਸਫ਼ਲਤਾ 'ਤੇ ਪੂਰਾ ਬਾਗੋਬਾਗ ਸੀ। ਜਿਸ ਲੀਹ 'ਤੇ ਉਹ ਗੱਡੀ ਪਾਉਣੀ ਚਾਹੁੰਦਾ ਸੀ, ਉਹ ਤਾਂ ਸੁੱਖ ਨਾਲ ਉਸੇ ਲੀਹ ਤੇ ਹੀ ਛੱਕਾ ਛੱਕ ਭੱਜੀ ਜਾ ਰਹੀ ਸੀ।

''ਅੜਿੱਕਿਆ, ਤੂੰ ਆਪ ਈ ਸਿਆਣਾ ਐਂ - ਸਿਆਣਿਆਂ ਨੇ ਕਿਹਾ ਐ - ਬਈ ਜੀਹਦੀ

ਮਾਂ ਨੂੰ ਚੋਦੋ – ਉਹੀ ਬਾਪੂ ਆਖਦੈ।''

''ਗੱਲ ਤਾਂ ਹਾਅ ਐ ਚਾਚਾ – ਉਹੀ ਬਾਪੂ ਆਖਦੈ!''

''ਪੇਕ ਪਾ ਯਾਰ...!''

''ਸੱਚ...! ਮੈਂ ਤਾਂ ਥੋਨੂੰ ਇਕ ਹੋਰ ਗੱਲ ਦੱਸਣੀ ਭੁੱਲ ਗਿਆ ਸੀ!'' ਅੜਿੱਕੇ ਨੂੰ ਅਚਾਨਕ ਹੀ ਚੇਤਾ ਆਇਆ ਸੀ।

''ਕੀ......?" ਦੋਹਾਂ ਨੇ ਕੰਨ ਚੁੱਕੇ।

''ਬਿੱਲੂ ਦਾ ਚਾਚਾ ਪੱਤੋ ਆਲੀ ਭੋਲੀ ਕੱਢ ਕੇ ਲੈ ਗਿਆ ਸੀ।''

''ਫੇਰ......?''

''ਫੇਰ ਕੀ? ਪੁੱਛ ਨਾ ਚਾਚਾ! ਪੰਚੈਤਾਂ ਆ – ਪੁਲ਼ਸਾਂ ਆ – ਬੁਰੇ ਹਾਲ ਬੌਂਕੇ ਦਿਹਾੜੇ...!''

''ਫੇਰ ਮੁੜ ਆਈ?''

''ਮੁੜ ਤਾਂ ਆਈ – ਪਰ ਸੌ ਪੰਗਾ ਖੜ੍ਹਾ ਕਰਕੇ – ਕੀ ਸਾਲਿਆਂ ਦੇ ਸਾਰੇ ਟੱਬਰ ਨੇ ਮੂੰਹ ਤੇ ਮਿੱਟੀ ਮਲ਼ ਰੱਖੀ ਐ – ਚਾਚਾ, ਜੇ ਤੁਸੀ ਇਹਨਾਂ 'ਚੋਂ ਇਕ ਅੱਧਾ ਮਾਰ ਦਿਓਂ – ਤਾਂ ਸਾਰੇ ਈ ਲੋਟ ਹੋ ਜਾਣ।''

''ਪਹਿਲਾਂ ਉਹਦਾ ਕੰਡਾ ਕੱਢਣੈਂ।''

''ਚਲੋ ਪਿੰਡ ਚੱਲੋ।'' ਜਿੰਦਰ ਮੁੱਛਾਂ ਸੁਆਰ ਕੇ ਉਠਿਆ।

''ਪਿੰਡ ਕਿਉਂ? ਮੇਰੇ ਸਹੁਰੀਂ ਚੱਲਦੇ ਆਂ – ਉਥੋਂ ਕੱਲ੍ਹ ਨੂੰ ਪਿੰਡ ਚੱਲਾਂਗੇ ਤੇ ਜੱਟ ਦਾ ਪ੍ਰਬੰਧ ਕਰਾਂਗੇ।'' ਅੜਿੱਕੇ ਨੇ ਬੜੇ ਠਰੰਮੇ ਨਾਲ ਆਖਿਆ। ਉਹ ਨਹੀਂ ਚਾਹੁੰਦਾ ਸੀ ਕਿ ਪ੍ਰੀਤਮ ਅਤੇ ਜਿੰਦਰ ਨੂੰ ਰੇਤ ਕੇ ਦਿੱਤੀਆਂ ਧਾਰਾਂ ਕੱਲ੍ਹ ਤੱਕ ਖੁੰਢੀਆਂ ਹੋ ਜਾਣ।

''ਜਿਵੇਂ ਕਹੇਂ ਕਰ ਲੈਨੇ ਆਂ।''

''ਭਲਵਾਨ, ਕਿੰਨੇ ਪੈਸੇ?''

''ਇੱਕੀ ਰੁਪਈਏ ਜੀ।''

''ਲੈ, ਬੀਹ ਕੱਟਲਾ - ਬਾਹਲ਼ਾ ਲਾਲਚ ਨਾ ਕਰਿਆ ਕਰ! ਸਾਰੇ ਘਰਦੇ ਬੰਦੇ ਈ ਐਂ!''

ਸਾਰੇ ਅੜਿੱਕੇ ਦੇ ਸਹੁਰਿਆਂ ਨੂੰ ਸਿੱਧੇ ਹੋ ਗਏ। ਰਾਤ ਠਰ ਗਈ ਸੀ।

(ਚਲਦਾ)

ਜੱਟ ਵੱਢਿਆ ਬੋਹੜ ਦੀ ਛਾਵੇਂ
(ਕਿਸ਼ਤ ਗਿਆਰਵੀਂ)

ਸ਼ਾਮ ਦਾ ਮੌਕਾ ਸੀ।

ਬਿੱਲੂ ਖੇਤ ਪਹੀ ਤੇ ਘੁੰਮ ਰਿਹਾ ਸੀ। ਪਤਾ ਨਹੀਂ ਉਹ ਕਿਹੜੀਆਂ ਸੋਚਾਂ ਵਿਚ ਡੁੱਬਿਆ ਹੋਇਆ ਸੀ?

ਅਚਾਨਕ ਅੜਿੱਕਾ ਪਹੁੰਚ ਗਿਆ। ਬਿੱਲੂ ਦੇਖ ਕੇ ਹੈਰਾਨ ਜਿਹਾ ਹੋਇਆ। ਕਿਉਂਕਿ ਉਹ ਅੜਿੱਕੇ ਨੂੰ ਜਾਣਦਾ ਨਹੀਂ ਸੀ। ਪਰ ਅੜਿੱਕਾ ਬਿੱਲੂ ਦਾ ਖੇਤ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ। ਬਿੱਲੂ ਛੋਟਾ ਜਿਹਾ ਹੁੰਦਾ ਸੀ, ਜਦੋਂ ਅੜਿੱਕਾ ਨਾਹਰ ਸਿੰਘ ਨਾਲ ਕਈ ਵਾਰ ਬਿੱਲੂ ਕੇ ਖੇਤ ਆ ਕੇ ਗਿਆ ਸੀ। ਹਰ ਸਾਲ ਉਹ ਬਲਵੰਤ ਸਿੰਘ ਕੇ ਖੇਤੋਂ ਬਰੈਸ਼ਰ ਲੈ ਕੇ ਜਾਂਦੇ ਹੁੰਦੇ ਸਨ। ਅੜਿੱਕੇ ਨੂੰ ਰਾਹ ਦੀ ਅਤੇ ਖੇਤ ਦੀ ਚੰਗੀ ਤਰ੍ਹਾਂ ਸਿਆਣ ਸੀ।

''ਬਾਈ, ਬਿੱਲੂ ਆਪਣਾ ਨਾਂ ਈ ਐਂ?'' ਅੜਿੱਕੇ ਨੇ ਪੁੱਛਿਆ।

''ਹਾਂ ਬਾਈ, ਕੀ ਗੱਲ ਐ?''

''ਗੱਲ ਤਾਂ ਬਹੁਤ ਖਰਾਬ ਐ।'' ਉਸ ਨੇ ਦੁੱਖ ਨਾਲ ਸਿਰ ਮਾਰਿਆ।

''ਤਾਂ ਵੀ...?'' ਬਿੱਲੂ ਹੈਰਾਨ ਸੀ। ਦੰਗ ਸੀ।

''ਮੈਨੂੰ ਮੀਤੀ ਨੇ ਭੇਜਿਐ - ਉਹਦੀ ਹਾਲਤ ਬਹੁਤ ਖਰਾਬ ਐ - ਤੈਨੂੰ ਜਰੂਰੀ ਸੱਦਿਐ।'' ਅੜਿੱਕਾ ਘਬਰਾਹਟ ਨਾਲ ਦੱਸ ਰਿਹਾ ਸੀ।

''ਕੀ ਗੱਲ ਹੋ ਗਈ...?'' ਬਿੱਲੂ ਦੀਆਂ ਅੱਖਾਂ ਖੜ੍ਹ ਗਈਆਂ। ਸਰੀਰ ਵਿੱਚੋਂ ਇਕ ਝਰਨਾਹਟ ਜਿਹੀ ਛੁੱਟੀ ਸੀ।

''ਪੱਕਾ ਪਤਾ ਨਹੀਂ - ਡਾਕਦਾਰ ਕਹਿੰਦੇ ਬਈ ਕੈਂਸ਼ਲ ਫੋੜਾ ਹੋ ਗਿਆ।''

''ਕੈਂਸਰ...?'' ਬਿੱਲੂ ਦੀਆਂ ਥਾਏਂ ਦੀਆਂ ਥਾਏਂ ਹੀ ਰਹਿ ਗਈਆਂ। ਉਸ ਦਾ ਚਿਹਰਾ ਬੱਗਾ ਖੁੰਬ ਵਰਗਾ ਹੋ ਗਿਆ ਸੀ।

''ਟੈਮ ਨਾ ਲਾ, ਛੇਤੀ ਕਰ...! ਤੈਨੂੰ ਹੁਣੇ ਈ ਸੱਦਿਐ - ਪਤਾ ਨਹੀਂ ਸ਼ਹਿਰ ਕਿਸੇ ਡਾਕਦਾਰ ਦੇ ਦਾਖਲ ਕਰਾਉਣੀ ਐਂ।'' ਅੜਿੱਕਾ ਬਾਜ਼ ਨਜ਼ਰ ਨਾਲ ਚਾਰੇ ਪਾਸੇ ਤੱਕ ਰਿਹਾ ਸੀ ਕਿ ਕੋਈ ਉਸ ਨੂੰ ਦੇਖ ਤਾਂ ਨਹੀ ਰਿਹਾ ਸੀ?

ਬਿੱਲੂ, ਅੜਿੱਕੇ ਦੇ ਸਾਈਕਲ ਮਗਰ ਬੈਠ ਗਿਆ। ਸਾਈਕਲ ਅੜਿੱਕੇ ਨੇ ਪਿੰਡ ਵਿੱਚੋਂ ਦੀ ਲਿਜਾਣ ਦੀ ਵਜਾਏ ਸੜਕ ਪਾ ਲਿਆ।

''ਐਧਰ ਦੀ ਤਾਂ ਬਾਹਲਾ ਵਿੰਗ ਪਊ।'' ਬਿੱਲੂ ਨੇ ਕਿਹਾ। ਉਹ ਉੱਡ ਕੇ ਮੀਤੀ ਕੋਲ ਪਹੁੰਚ ਜਾਣਾ ਚਾਹੁੰਦਾ ਸੀ।

''ਐਧਰ ਈ ਲੋਟ ਐ - ਰਾਊਕਿਆਂ ਦੇ ਰਾਹ ਆਲ਼ੀ ਕੱਸੀ ਦਾ ਪੁੱਲ ਟੁੱਟਿਆ ਹੋਇਐ।'' ਅੜਿੱਕੇ ਨੇ ਗੱਲ ਬੋਚੀ।

''ਅੱਛਾ...!''

''ਤੇ ਹੋਰ...! ਮੈਂ ਤਾਂ ਰੋਟੀ ਵੇਲੇ ਦਾ ਪਿੰਡੋਂ ਤੁਰਿਆ ਹੋਇਆਂ - ਕੁੜੀ ਚੋਦ ਦਾ ਪੁਲ ਟੁੱਟਿਆ ਹੋਣ ਕਰਕੇ ਰਾਹ 'ਚ ਈ ਆਥਣ ਹੋ ਗਿਆ - ਪਤਾ ਨਹੀਂ ਬਚਾਰੀ ਨੂੰ ਸ਼ਹਿਰ ਲੈ ਈ ਗਏ ਹੋਣਗੇ।''

‘‘ਤੇ ਡਾਕਟਰ ਨੇ ਦੁਆਈ ਬੂਟੀ ਨਹੀਂ ਦਿੱਤੀ?’’

‘‘ਦਿੱਤੀ ਸੀ...! ਪਿਲ਼ਸਲੀਨ ਦਾ ਟੀਕਾ ਲਾਇਆ – ਗੁਲੂਕੋਸ਼ ਲਾਇਆ – ਖ਼ੂਨ ਦੀ ਬੋਤਲ ਵੀ ਲਾਈ।’’

‘‘ਖ਼ੂਨ ਦੀ ਬੋਤਲ ਕਿੱਥੋਂ ਲਈ?’’

‘‘ਖ਼ੂਨ ਦੀ ਬੋਤਲ ਲਈ ਨਿੱਕੇ ਹਸਪਤਾਲ ਤੋਂ – ਡਾਕਦਾਰ ਕਹਿੰਦਾ ਖ਼ੂਨ ਬੱਟੇ ਖ਼ੂਨ ਈ ਲੈਣੈਂ – ਪੈਸੇ ਨਹੀਂ ਲੈਣੇ?"

‘‘ਫੇਰ ਖ਼ੂਨ ਦਿੱਤਾ ਕੀਹਨੇ?’’

‘‘ਮੈਂ......!’’ ਉਸ ਨੇ ਆਫ਼ਰ ਕੇ ਦੱਸਿਆ।

‘‘ਅੱਛਾ......।’’

‘‘ਮੇਰੇ ’ਚੋਂ ਤਾਂ ਕੱਢ ਲਿਆ ਹੋਊ ਕੋਈ ਲੀਟਰ ਖ਼ੂਨ ਉਹਨੇ।’’

‘‘ਮੇਰੇ ਸਹੁਰੇ ਬੜੇ ਬੇਕਿਰਕ ਐ।’’

‘‘ਪੁੱਛ ਨਾ ਬਾਈ – ਡਾਕਦਾਰ ਤਾਂ ਜਿੰਨੇ ਐ – ਜੋਕਾਂ ਅਰਗੇ ਐ।’’

ਹਨ੍ਹੇਰਾ ਕਾਫੀ ਗੂਹੜਾ ਹੋ ਚੁੱਕਾ ਸੀ। ਹੱਥ ਨੂੰ ਹੱਥ ਮਾਰਿਆਂ ਨਹੀਂ ਦਿਸਦਾ ਸੀ। ਉਹ ਮੀਤੀ ਦੇ ਪਿੰਡ ਦੀ ਜੂਹ ਵਿੱਚ ਪਹੁੰਚ ਗਏ। ਡੈਰ੍ਹੀ ਵਾਲਿਆਂ ਦੇ ਘਰਾਂ ਕੋਲੋਂ ਅੜਿੱਕੇ ਨੇ ਸਾਈਕਲ ਕੱਚੇ ਰਾਹ ਪਾ ਲਿਆ। ਉਸ ਦਾ ਦਿਮਾਗ ਮਿਥੀ ਸਕੀਮ ਅਨੁਸਾਰ ਚੱਲ ਰਿਹਾ ਸੀ।

‘‘ਪਾਣੀ ਪੀ ਲਈਏ ਘੁੱਟ ਕੁ – ਕੁੜੀ ਯਹਾਵੇ ਦੀ ਜੀਭ ਈ ਤਾਲੂਏ ਲੱਗੀ ਪਈ ਐ।’’

‘‘ਖ਼ੂਨ ਕਢਾਇਆ ਕਰਕੇ ਐ।’’ ਬਿੱਲੂ ਤਰਸ ਨਾਲ ਪਾਣੀ–ਪਾਣੀ ਹੋ ਗਿਆ। ਅੜਿੱਕਾ ਉਸ ਨੂੰ ਬੜਾ ਦਿਲਦਾਰ ਅਤੇ ਹਮਦਰਦ ਬੰਦਾ ਲੱਗ ਰਿਹਾ ਸੀ।

ਅੜਿੱਕੇ ਨੇ ਬੋਹੜ ਥੱਲੇ ਸਾਈਕਲ ਰੋਕਿਆ। ਬੋਹੜ ‘ਸਾਂ–ਸਾਂ’ ਕਰਦਾ ਡਰਾਉਣ ਆ ਰਿਹਾ ਸੀ। ਕਿਸੇ ਦੈਂਤ ਦਾ ਰੂਪ ਲੱਗਦਾ ਸੀ। ਬਿੱਲੂ ਨੂੰ ਡਰ ਜਿਹਾ ਲੱਗਿਆ। ਬਿੱਲੂ ਤੱਕ ਰਿਹਾ ਸੀ

ਕਿ ਇਹ ਉਹੀ ਬੋਹੜ ਸੀ, ਜਿਸ ਦੀ ਛਾਂ ਹੇਠ ਉਸਨੂੰ ਵੱਢਿਆ ਗਿਆ ਸੀ। ਬਿੱਲੂ ਦਾ ਦਿਲ 'ਫੜੱਕ-ਫੜੱਕ' ਵੱਜਣ ਲੱਗ ਪਿਆ। ਧੜਕਣ ਤੇਜ਼ ਹੋ ਗਈ।

ਅੜਿੱਕੇ ਨੇ ਨਲਕੇ ਤੋਂ ਪਾਣੀ ਪੀਤਾ।

ਪਰ ਬਿੱਲੂ ਦਾ ਕਿਸੇ ਚੀਜ਼ ਨੂੰ ਦਿਲ ਨਹੀ ਕਰ ਰਿਹਾ ਸੀ। ਉਹ ਭੱਜ ਕੇ ਉਸ ਬੋਹੜ ਹੇਠੋਂ ਨਿੱਕਲ ਜਾਣਾ ਚਾਹੁੰਦਾ ਸੀ। ਜਿਵੇਂ ਬੋਹੜ 'ਸਾਂ-ਸਾਂ' ਕਰਕੇ ਬਿੱਲੂ ਨੂੰ ਖ਼ਬਰਦਾਰ ਕਰ ਰਿਹਾ ਸੀ। ਸਾਵਧਾਨ ਹੋਣ ਲਈ ਆਖ ਰਿਹਾ ਸੀ।

ਅੜਿੱਕੇ ਨੇ ਪਾਣੀ ਪੀ ਕੇ ਹੱਥ ਝਿਣਕੇ।

ਮੂੰਹ ਸੰਵਾਰਿਆ।

ਪੱਗ ਦੇ ਲੜ ਨਾਲ ਮੁੜ੍ਹਕਾ ਪੂੰਝਿਆ।

ਚਾਣਚੱਕ ਗੂਹੜੇ ਹਨ੍ਹੇਰੇ 'ਚੋਂ ਦੋ ਆਕਾਰ ਅੜਿੱਕੇ ਵੱਲ ਨੂੰ ਵਧੇ। ਬਿੱਲੂ ਡਰ ਗਿਆ। ਖ਼ੈਰ ਨਹੀਂ ਸੀ। ਕੋਈ ਭਾਣਾ ਵਰਤਣ ਵਾਲਾ ਸੀ। ਉਹ ਭੱਜ ਕੇ ਬੋਹੜ ਦੀਆਂ ਜੜ੍ਹਾਂ ਕੋਲ ਹੋ ਗਿਆ। ਬੋਹੜ ਦੀ ਦਾਹੜੀ ਦਾ ਓਹਲਾ ਕਰ ਲਿਆ।

ਪਰ ਅੜਿੱਕਾ ਸਹਿਜ ਸੁਭਾਅ ਹੀ ਬੋਹੜ ਵੱਲ ਪਿੱਠ ਕਰੀ ਖੜ੍ਹਾ ਸੀ।

''ਕਿਹੜੇ ਐ ਬਈ?'' ਜਿੰਦਰ ਦੀ ਆਵਾਜ਼ ਸੀ। ਆਵਾਜ਼ ਤੋਂ ਸਾਫ਼ ਪਤਾ ਚੱਲਦਾ ਸੀ ਕਿ ਉਹ ਸ਼ਰਾਬ ਵਿੱਚ ਧੁੱਤ ਸੀ।

''ਜਿਹੜਾ ਥੋਨੂੰ ਚਾਹੀਦਾ ਸੀ...!'' ਕਹਿ ਕੇ ਅੜਿੱਕੇ ਨੇ ਸਾਈਕਲ ਨੂੰ ਹੱਥ ਪਾ ਲਿਆ ਅਤੇ ਬਿੱਲੂ ਦੀਆਂ ਅੱਖਾਂ ਅੱਗੇ ਭੂਚਾਲ ਆ ਗਿਆ। ਉਸ ਨੂੰ ਅੜਿੱਕੇ ਦੀ ਬਦਨੀਤੀ ਦੀ ਸਮਝ ਪਈ।

ਗੰਡਾਸੇ ਦਾ ਭਰਵਾਂ ਵਾਰ ਹੋਇਆ। ਗੰਡਾਸਾ ਸਿਰ ਵਿੱਚ ਪਾੜ ਪਾਉਂਦਾ ਘੰਡੀ ਤੱਕ ਬਹਿ ਗਿਆ। ਦੂਜਾ ਵਾਰ ਪਾਸੇ ਹੋ ਗਿਆ। ਸਿਰ ਚਾਰ ਟੋਟਿਆਂ ਵਿੱਚ ਵੰਡਿਆ ਗਿਆ।

"ਉਏ ਮੈਂ ਤਾਂ...!" ਆਖਦਾ ਅੜਿੱਕਾ ਭਾਰੀ ਬਿਰਛ ਵਾਂਗ ਧਰਤੀ ਤੇ ਡਿੱਗਿਆ!!

ਪ੍ਰੀਤਮ ਨੇ ਹੌਂਸਲਾ ਕਰਕੇ ਆਪਣੀ ਕਿਰਪਾਨ ਉਸ ਦੀ ਖੱਬੀ ਵੱਖੀ ਵਿੱਚੋਂ ਪਾਰ ਕਰ ਦਿੱਤੀ। ਅੜਿੱਕੇ ਦੀ ਲਾਸ਼ ਸੱਪ ਵਾਂਗ ਵਿਹੁ ਜਿਹੀ ਘੋਲ ਕੇ ਠਰ ਗਈ। ਲਾਸ਼ ਵਿੱਚੋਂ ਖ਼ੂਨ ਧਰਾਲੀਂ ਵਹਿ ਗਿਆ ਸੀ।

ਬਿੱਲੂ ਅੱਖ ਬਚਾ ਕੇ ਤਿੱਤਰ ਹੋ ਗਿਆ।

ਰਾਤ ਦੇ ਹਨ੍ਹੇਰੇ ਅਤੇ ਸ਼ਰਾਬ ਦੇ ਅੰਨ੍ਹੇ ਨਸ਼ੇ ਵਿੱਚ ਜਿੰਦਰ ਅਤੇ ਪ੍ਰੀਤਮ ਨੇ ਭੁਲੇਖੇ ਨਾਲ ਅੜਿੱਕੇ ਦਾ ਗੁੱਗਾ ਪੂਜ ਦਿੱਤਾ ਸੀ!! ਥਾਂ-ਥਾਂ ਤੋਂ ਵੱਢ ਦਿੱਤਾ ਸੀ। ਵੱਢਿਆ ਨਹੀਂ, ਸਗੋਂ ਕੁਤਰਾ ਕਰ ਦਿੱਤਾ ਸੀ!!!

''ਬਾਈ, ਇਹਦਾ ਕੰਮ ਤਾਂ ਨਿਬੜਿਆ - ਚੱਲ ਹੁਣ ਉਸ ਚੜੇਲ ਦਾ ਵੀ ਮੁਕਾਈਏ ਧੰਦਾ...!'' ਜਿੰਦਰ ਨੇ ਆਖਿਆ। ਉਸ ਦੇ ਪੈਰ ਉਖੜ ਰਹੇ ਸਨ।

''ਚੱਲ ਜਿੰਦਰਾ - ਨਿੱਕੇ ਭਾਈ ਨਿੱਤ ਨਿੱਤ ਆਹਰ ਨ੍ਹੀਂ ਹੁੰਦੇ - ਇਹ ਵੀ ਨਬੇੜੀਏ ਟੈਂਟਾ!''

ਦੋਨੋਂ ਹਥਿਆਰ ਫੜ, ਮੜ੍ਹੀਆਂ ਵਾਂਗ ਚੁੱਪ ਚਾਪ ਘਰੇ ਪਹੁੰਚੇ।

ਦਰਵਾਜ਼ਾ ਖੁੱਲ੍ਹਾ ਪਿਆ ਸੀ। ਨਾ ਬੱਤੀ ਜਗ ਰਹੀ ਸੀ। ਨਾ ਹੀ ਮੀਤੀ ਘਰੇ ਸੀ। ਉਹ ਬੜੇ ਹੈਰਾਨ ਅਤੇ ਦੁਖੀ ਹੋਏ। ਮੀਤੀ ਆਲੋਪ ਸੀ। ਉਹਨਾਂ ਨੇ ਅੰਦਰ ਬਾਹਰ, ਇਧਰ ਉਧਰ ਕਰੋਲ਼ੇ ਦਿੱਤੇ। ਪਰ ਮੀਤੀ ਦਾ ਕਿਤੋਂ ਪਰਛਾਵਾਂ ਵੀ ਨਜ਼ਰ ਨਾ ਆਇਆ। ਦੋਨੋਂ ਭਾਲ਼ ਕੇ ਥੱਕ ਗਏ। ਉਹ ਸ਼ਰਾਬ ਦੇ ਭੰਨੇ, ਹਫ਼ ਗਏ ਸਨ। ਹਾਰ ਕੇ ਉਹਨਾਂ ਨੇ ਖ਼ੂਨ ਨਾਲ਼ ਲਿੱਬੜੀ ਕਿਰਪਾਨ ਅਤੇ ਗੰਡਾਸਾ ਮੰਜਿਆਂ ਹੇਠ ਰੱਖ ਲਏ ਅਤੇ ਪੈ ਕੇ ਘੁਰਾੜੇ ਮਾਰਨ ਲੱਗ ਪਏ। ਉਹ ਇੰਜ ਬੇਫ਼ਿਕਰ ਹੋ ਕੇ ਸੁੱਤੇ ਪਏ ਸਨ, ਜਿਵੇਂ ਕੋਈ ਕਤਲ ਕਰਕੇ ਨਹੀਂ ਜੰਨ ਜਾ ਕੇ, ਆ ਕੇ ਸੁੱਤੇ ਸਨ।

ਬਿੱਲੂ, ਮੀਤੀ ਅਤੇ ਕਿਰਪਾਲ ਅੱਧੀ ਰਾਤ ਨੂੰ ਠਾਣੇ ਪਹੁੰਚੇ।

ਉਂਘਦੇ ਸੰਤਰੀ ਨੇ ਬੰਦੂਕ ਸੰਭਾਲ਼ੀ।

''ਮੁਣਸ਼ੀ ਜੀ.....!'' ਬਿੱਲੂ ਨੇ ਆਵਾਜ਼ ਦਿੱਤੀ। ਬਿਸਤਰੇ ਵਿੱਚ ਪਿਆ ਮੁਣਸ਼ੀ ਨਾਸਾਂ ਰਾਹੀਂ ਸੀਟੀਆਂ ਵਜਾ ਰਿਹਾ ਸੀ।

''ਕੀ ਗੱਲ ਐ...? ਕੁੱਤੇ ਲੋਕ ਮਿੰਟ ਕਿਹੜਾ ਸੌਣ ਦਿੰਦੇ ਐ - ਸੁੱਕਣੇ ਪਾ ਰੱਖਿਐ...!''

ਮੁਣਸ਼ੀ ਨੇ ਡੋਕਲ ਕੱਛ ਦਾ ਨਾਲ਼ਾ ਗੋਡਿਆਂ ਕੋਲੋਂ ਫੜ੍ਹ ਕੇ ਟੰਗਿਆ ਅਤੇ ਬਨੈਣ ਉਪਰ ਨੂੰ ਚੁੱਕ ਕੇ ਢਿੱਡ ਖੁਰਕਣਾ ਸ਼ੁਰੂ ਕਰ ਦਿੱਤਾ।

''ਹਾਂ, ਕੀ ਗੱਲ ਐ...?'' ਮੁਣਸ਼ੀ ਦੀ ਆਵਾਜ਼ ਵਿੱਚ ਅੰਤਾਂ ਦਾ ਸੇਕ ਸੀ। ਲਮਕਦੀ ਦਾਹੜੀ ਦੀ ਪੂਛਕੀ ਦੀ ਉਸਨੇ ਕਸੀਸ ਵੱਟ ਕੇ ਗੁੱਟੀ ਕੀਤੀ ਸੀ।

''ਜੀ, ਇਕ ਕਤਲ ਹੋ ਗਿਆ...।'' ਬਿੱਲੂ ਨੇ ਦੱਸਿਆ।

''ਹੈਂ! ਕਤਲ ਹੋ ਗਿਆ? ਕਿੱਥੇ??'' ਉਸਦੀ ਸੁਸਤੀ ਫ਼ੌਰਨ ਉੱਡ ਗਈ। ਮੂੰਹ ਆਲੇ ਵਾਂਗ ਖੁੱਲ੍ਹ ਗਿਆ।

''ਜੀ, ਮਾਛੀਕੇ...!''

''ਮਾਛੀਕੇ...? ਕੀਹਨੇ ਕੀਤੈ...?''

''ਜਿੰਦਰ ਸਿੰਘ ਤੇ ਪ੍ਰੀਤਮ ਸਿੰਘ ਨੇ।''

ਮੁਣਸ਼ੀ ਨੇ ਰਪਟ ਦਰਜ ਕਰ ਲਈ।

''ਠੀਕ ਐ - ਅਸੀਂ ਸਵੇਰੇ ਪਹੁੰਚਾਂਗੇ...।'' ਤੇ ਮੁਣਸ਼ੀ ਨਹੁੰਆਂ ਨਾਲ ਢਿੱਡ ਖੁਰਕਦਾ ਫਿਰ ਬਿਸਤਰੇ ਵਿੱਚ ਵੜ ਕੇ 'ਸੂੰ-ਸੂੰ' ਕਰਨ ਲੱਗ ਪਿਆ। ਗੱਲ ਦਾ ਉਸ ਨੇ ਕੋਈ ਬਹੁਤਾ ਜਾਇਜ਼ਾ ਨਹੀਂ ਲਿਆ ਸੀ।

ਬਿੱਲੂ ਹੋਰੀਂ ਬਾਹਰ ਆ ਗਏ। ਸੰਤਰੀ ਨੇ ਗੇਟ ਭੇੜ ਦਿੱਤਾ। ਕੁਰਸੀ ਤੇ ਡਿੱਗ ਉਹ 'ਬੁੜ-ਬੁੜ' ਕਰਨ ਲੱਗ ਪਿਆ। ਸਾਰਾ ਠਾਣਾ ਫਿਰ ਸੌਂ ਗਿਆ ਸੀ। ਬਾਹਰ ਸੜਕ 'ਤੇ ਦੁਧੀਆਂ

ਬੱਤੀਆਂ ਖਾਮੋਸ਼ ਜਗ ਰਹੀਆਂ ਸਨ। ਸਾਰਾ ਜਹਾਨ ਨੀਂਦ ਦੀ ਬੁੱਕਲ ਵਿੱਚ ਪਿਆ ਸੀ। ਬੱਸ! ਕੁਝ ਲੰਡਰ ਕੁੱਤੇ ਹੀ ਸੁੰਨੀਆਂ ਸੜਕਾਂ ਤੇ ਅਵਾਰਾ ਘੁੰਮ ਰਹੇ ਸਨ।

ਦਿਨ ਚੜ੍ਹਿਆ।

ਪੁਲੀਸ ਪਿੰਡ ਉੱਤਰੀ ਹੋਈ ਸੀ। ਇਕ ਟਰੱਕ ਅਤੇ ਇਕ ਜੀਪ ਵਿੱਚ ਪੁਲੀਸ ਸੀ। ਸਿਪਾਹੀ ਸੜਕ ਤੇ ਡਾਗਾਂ ਖੜਕਾ ਰਹੇ ਸਨ। ਪ੍ਰੀਤਮ ਦੇ ਘਰ ਨੂੰ ਘੇਰ ਲਿਆ ਗਿਆ। ਪ੍ਰੀਤਮ ਅਤੇ ਜਿੰਦਰ ਅੰਦਰੋਂ ਗ੍ਰਿਫ਼ਤਾਰ ਕਰ ਲਏ। ਲਹੂ ਨਾਲ ਲਿੱਬੜੀ ਕਿਰਪਾਨ ਅਤੇ ਗੰਡਾਸਾ ਕਬਜ਼ੇ ਵਿੱਚ ਕਰ ਲਏ ਗਏ। ਠਾਣੇਦਾਰ ਗਾਹਲ ਤੋਂ ਬਿਨਾਂ ਗੱਲ ਨਹੀਂ ਕਰਦਾ ਸੀ।

ਅੜਿੱਕੇ ਦੀ ਕੁਤਰਾ ਕੀਤੀ ਲਾਸ਼ ਪੋਸਟ ਮਾਰਟਮ ਲਈ ਟਰਾਲੀ ਵਿੱਚ ਪਾ ਕੇ ਸ਼ਹਿਰ ਤੋਰ ਦਿੱਤੀ। ਹੌਲਦਾਰ ਅਤੇ ਇਕ ਸਿਪਾਹੀ ਲਾਸ਼ ਦੇ ਨਾਲ ਗਏ ਸਨ। ਪਤਾ ਲੱਗਣ 'ਤੇ ਪ੍ਰੀਤਮ ਅਤੇ ਜਿੰਦਰ ਦੇ ਹੋਸ਼ ਉਡ ਗਏ। ਉਹਨਾਂ ਤੋਂ ਕੀ ਭਾਣਾ ਵਰਤ ਗਿਆ ਸੀ? ਰਾਤ ਦੇ ਹਨ੍ਹੇਰੇ ਅਤੇ ਸ਼ਰਾਬ ਦੇ ਨਸ਼ੇ ਵਿੱਚ ਉਹਨਾਂ ਨੇ ਕੀ ਕਹਿਰ ਢਾਹ ਦਿੱਤਾ ਸੀ? ਉਹ ਬਰਬਾਦ ਹੋ ਗਏ ਸਨ, ਲੁੱਟੇ ਪੁੱਟੇ ਗਏ ਸਨ। ਮਰਨ ਵਾਲਾ ਤਾਂ ਉਹਨਾਂ ਤੋਂ ਬਚ ਕੇ ਭੱਜ ਗਿਆ ਸੀ।

''ਜਾ ਕੋ ਰਾਖੈ ਸਾਈਆਂ ਮਾਰ ਸਕੈ ਨਾ ਕੋਇ।।'' ਗੁਰੂ ਕੀ ਬਾਣੀ ਵਾਲੀ ਗੱਲ ਝੂਠੀ ਨਹੀਂ ਸੀ। ਅੱਜ ਤਾਂ ਉਹਨਾਂ ਨੇ ਪ੍ਰਤੱਖ ਦੇਖ ਲਿਆ ਸੀ।

ਪੁਲੀਸ ਦੋਹਾਂ ਨੂੰ ਫੜ ਕੇ ਲੈ ਗਈ।

ਐਫ਼. ਆਈ. ਆਰ. ਤਿਆਰ ਕਰਕੇ ਉਹਨਾਂ ਤੋਂ ਦਸਤਖਤ ਕਰਵਾਏ। ਜੋ ਪ੍ਰੀਤਮ ਨੇ ਤਾਂ ਝੱਟ ਕਰ ਦਿੱਤੇ। ਪਰ ਜਿੰਦਰ ਮੁਨੱਕਰ ਸੀ।

''ਛੱਡ ਦੇਹ ਜਿੰਦਰਾ ਜਿੱਦ - ਇਹ ਲੜਾਈ ਆਪਾਂ ਹਾਰ ਗਏ ਆਂ।'' ਪ੍ਰੀਤਮ ਨੇ ਆਖਿਆ। ਅੱਜ ਉਹ ਸੱਚਮੁੱਚ ਹੀ ਹਾਰ ਮੰਨ ਗਿਆ ਸੀ। ਜੇ ਉਹ ਆਪਣੀ ਹਿੰਡ ਦਾ ਤਿਆਗ ਕਰ ਦਿੰਦੇ ਤਾਂ ਉਹਨਾਂ ਨੂੰ ਇਤਨਾ ਕਸ਼ਟ ਅਤੇ ਇਤਨਾ ਦਸੌਂਟਾ ਨਾ ਭੁਗਤਣਾ ਪੈਂਦਾ। ਨਾ ਸ਼ਿਕਾਰ

ਨਿੱਕਲਦਾ ਨਾ ਕੁੱਤੀ ਭੌਂਕਦੀ। ਪਰ ਕੀਤਾ ਕੀ ਜਾ ਸਕਦਾ ਸੀ? ਸੱਪ ਲੰਘ ਚੁੱਕਾ ਸੀ, ਲੀਹ ਕੁੱਟਣ ਦਾ ਕੋਈ ਫਾਇਦਾ ਨਹੀਂ ਸੀ। ਪ੍ਰੀਤਮ ਅੱਜ ਸੱਚਮੁੱਚ ਹੀ ਦਿਲੋਂ ਪਿਆਰ ਅੱਗੇ ਝੁਕ ਗਿਆ ਸੀ।

ਜਿੰਦਰ ਨੇ ਵੀ ਦਸਤਖ਼ਤ ਕਰ ਦਿੱਤੇ।

ਚਸ਼ਮਦੀਦ ਗਵਾਹ ਠਾਣੇਦਾਰ ਨੇ ਬਿੱਲੂ ਨੂੰ ਹੀ ਰੱਖ ਲਿਆ। ਇਲਾਕਾ ਮੈਜਿਸਟਰੇਟ ਦੇ ਪੇਸ਼ ਕਰਕੇ ਸਾਰੇ ਬਿਆਨ ਕਲਮਬੱਧ ਕਰਵਾ ਦਿੱਤੇ। ਪੋਸਟ ਮਾਰਟਮ ਦੀ ਰਿਪੋਰਟ ਨਾਲ਼ ਪੁਸ਼ਟੀ ਹੋ ਗਈ। ਮਕਤੂਲ ਦੀ ਲਾਸ਼ 'ਤੇ ਛੋਟੇ ਅਤੇ ਵੱਡੇ ਪੂਰੇ ਸਤਾਰਾਂ ਜਖ਼ਮ ਸਨ। ਖੱਬੀ ਵੱਖੀ ਵਾਲਾ ਘਾਉ ਸਭ ਤੋਂ ਗਹਿਰਾ ਸੀ। ਜਿਸ ਵਿੱਚੋਂ ਕਿਰਪਾਨ ਆਰ ਪਾਰ ਲੰਘ ਗਈ ਸੀ। ਠਾਣੇਦਾਰ ਨੇ ਰਹਿੰਦੀ ਕਾਰਵਾਈ ਮੁਕੰਮਲ ਕਰਕੇ ਕੇਸ ਅਦਾਲਤ ਦੇ ਸਪੁਰਦ ਕਰ ਦਿੱਤਾ। ਦੋਸ਼ੀਆਂ ਨੂੰ ਲੌਕ-ਅੱਪ ਭੇਜ ਦਿੱਤਾ ਗਿਆ।

ਠਾਣੇਦਾਰ ਸੁਰਖ਼ਰੂ ਜਿਹਾ ਹੋ ਕੇ ਬੈਠ ਗਿਆ। ਜਿਵੇਂ ਉਸ ਦੇ ਸਿਰ ਤੋਂ ਕਈ ਮਣ ਭਾਰ ਉਤਰ ਗਿਆ ਸੀ।

ਮੁਕੱਦਮੇ ਦੀ ਤਾਰੀਖ਼ ਨਿਕਲੀ।

ਸਵੇਰੇ ਨੌਂ ਵਜੇ ਦੋਸ਼ੀਆਂ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ। ਉਹਨਾਂ ਦੇ ਚਿਹਰਿਆਂ 'ਤੇ ਕੋਈ ਡਰ ਜਾਂ ਸਹਿਮ ਨਹੀਂ ਸੀ, ਸਗੋਂ ਇਕ ਪਛਤਾਵਾ ਝਲਕ ਰਿਹਾ ਸੀ।

ਡਾਕਟਰੀ ਰਿਪੋਰਟ ਪੇਸ਼ ਕੀਤੀ ਗਈ। ਹਥਿਆਰ ਪੇਸ਼ ਕਰ ਦਿੱਤੇ ਗਏ।

ਸਰਕਾਰੀ ਵਕੀਲ ਨੇ ਮੁਕੱਦਮਾ ਪੜ੍ਹ ਕੇ ਸੁਣਾਇਆ। ਜੱਜ ਨੇ ਕੁਝ ਸੁਆਲ ਕੀਤੇ। ਦੋਸ਼ੀਆਂ ਨੇ ਸਾਫ਼ ਇਕਬਾਲ ਕਰ ਲਿਆ ਕਿ ਉਹਨਾਂ ਨੇ ਅੜਿੱਕੇ ਦਾ ਕਤਲ ਕੀਤਾ ਸੀ! ਮਾਰਨਾ ਤਾਂ ਉਹਨਾਂ ਨੇ ਬਿੱਲੂ ਨੂੰ ਸੀ। ਖੈਰ! ਕਤਲ ਅਕਸਰ ਕਤਲ ਸੀ। ਬੰਦਾ ਇਕ ਵਾਰ ਡੱਕਰੇ-ਡੱਕਰੇ ਕਰ ਦਿੱਤਾ ਸੀ। ਤੂੰਬੇ ਉਡਾ ਦਿੱਤੇ ਸਨ। ਸਿਰ ਚਾਰ ਹਿੱਸਿਆਂ ਵਿੱਚ ਵੰਡ ਦਿੱਤਾ ਸੀ। ਮਧਾਣੀਂ ਚੀਰਾ ਪਾ ਧਰਿਆ ਸੀ।

ਦੋਸ਼ੀਆਂ ਦੇ ਇਕਬਾਲੀਆ ਬਿਆਨ ਤੋਂ ਬਾਅਦ ਅਦਾਲਤ ਨੂੰ ਕਿਸੇ ਚਸ਼ਮਦੀਦ ਗਵਾਹ ਦੀ ਕੋਈ ਲੋੜ ਹੀ ਨਹੀਂ ਰਹਿ ਗਈ ਸੀ।

ਮੁਕੱਦਮਾ ਬਹੁਤ ਸਖ਼ਤ ਸੀ।

ਅਦਾਲਤ ਵਿੱਚ ਉਦੋਂ ਸੰਨਾਟਾ ਛਾ ਗਿਆ, ਜਦੋਂ ਜੱਜ ਨੇ ਦੋਸ਼ੀਆਂ ਨੂੰ ਉਮਰ ਕੈਦ ਦੀ ਬਾ-ਮੁਸ਼ੱਕਤ ਸਜ਼ਾ ਸੁਣਾਈ।

ਦੋਨੋਂ ਖ਼ਾਮੋਸ਼ ਸਨ।

ਅਦਾਲਤ ਵਿੱਚੋਂ ਲੋਕ ਜਾਣੇ ਸ਼ੁਰੂ ਹੋ ਗਏ।

ਪ੍ਰੀਤਮ ਅਤੇ ਜਿੰਦਰ ਨੂੰ ਸਿਪਾਹੀ ਟਰੱਕ ਵਿੱਚ ਲੱਦ ਜੇਲ੍ਹ ਰਵਾਨਾ ਹੋ ਗਏ। ਧੂੜ ਉੱਡ ਅਸਮਾਨ ਚੜ੍ਹ ਗਈ।

(ਚਲਦਾ)

ਜੱਟ ਵੱਢਿਆ ਬੋਹੜ ਦੀ ਛਾਵੇਂ
(ਕਿਸ਼ਤ ਬਾਰਵੀਂ)

ਬਿੱਲੂ ਨੇ ਬੇਬੇ ਅਤੇ ਬਾਪੂ ਨਾਲ ਆਪਣੇ ਅਤੇ ਮੀਤੀ ਦੇ ਵਿਆਹ ਦੀ ਗੱਲ ਚਲਾਈ। ਪਰ ਮਾਂ-ਬਾਪ ਨਾ-ਮੰਨਤ ਸਨ। ਘਰ ਵਿੱਚ ਕਲੇਸ਼ ਖੜ੍ਹਾ ਹੋ ਗਿਆ। ਬੰਦੇ ਭੇਜ ਕੇ ਰਿਸ਼ਤੇਦਾਰ ਬੁਲਾਏ ਗਏ। ਸਾਰਿਆਂ ਨੇ ਸਮਝਾਇਆ। ਪਰ ਬਿੱਲੂ ਜ਼ਿੱਦੀ ਸੀ, ਹਿੰਡੀ ਸੀ।

ਬਿੱਲੂ ਦਾ ਮਾਮਾ ਨਾਹਰ ਸਿੰਘ, ਬਿੱਲੂ ਦੇ ਬਾਪੂ ਨੂੰ ਇਕ ਪਾਸੇ ਲੈ ਗਿਆ।

''ਬਲਵੰਤ ਸਿਆਂ, ਹੁਣ ਕਾਨੂੰਨ ਉਹ ਨਹੀਂ ਰਹੇ ਆਪਣੇ ਜ਼ਮਾਨੇ ਆਲ਼ੇ - ਕੁੜੀ ਮੁੰਡਾ ਦੋਨੋਂ ਬਾਲਗ ਐ - ਕਿਸੇ ਅਦਾਲਤ 'ਚ ਮੈਜਿਸਟਰੇਟ ਦੇ ਪੇਸ਼ ਹੋ ਕੇ ਸ਼ਾਦੀ ਕਰ ਲੈਣਗੇ - ਫੇਰ ਦੱਸ ਕੀ ਫੜਲਾਂਗੇ...?''

''ਖੇਡ ਐ ਮਿਸ਼ਟੇਟ ਦੇ ਪੇਸ਼ ਹੋ ਜਾਣਗੇ? ਮਾਰ-ਮਾਰ ਖੌਂਸੜੇ ਚੂਕਣਾਂ ਨਾ ਤੋੜ ਦਿਆਂਗੇ? ਹੋ ਜਾਣਗੇ ਇਹੇ ਮਿਸ਼ਟੇਟ ਦੇ ਪੇਸ਼!''

''ਇਹ ਗੁੱਸੇ ਹੋਣ ਦਾ ਮੌਕਾ ਨਹੀਂ - 'ਕੱਲਾ ਕਹਿਰਾ ਜੁਆਕ ਵੀ ਹੱਥੋਂ ਗੁਆ ਬੈਠਾਂਗੇ।''

''.......!'' ਬਲਵੰਤ ਸਿੰਘ ਦੀ ਅਕਲ ਕੁਝ ਕੁ ਟਿਕਾਣੇ ਆਈ।

''ਹਰਖ਼ਿਆ ਧੀ ਪੁੱਤ ਖੂਹ ਖਾਤੇ ਪੈ ਜਾਂਦੈ।''

''......!''

''ਜੇ ਘਰੋਂ ਕਿਸੇ ਪਾਸੇ ਟਿੱਭ ਗਿਆ, ਫੇਰ ਮਗਰ ਅਲੀ ਅਲੀ ਕਰਦੇ ਫਿਰਾਂਗੇ - ਜਿਵੇਂ ਕਹਿੰਦੈ ਕਰਲੋ।''

''ਪਿੰਡ ਕੀ ਕਹੂਗਾ...?''

''ਪਿੰਡ ਦੇ ਮਾਰ ਗੋਲੀ...! ਆਬਦਾ ਘਰ ਉਜੜਨੋਂ ਬਚਾਅ - ਲੋਕਾਂ ਦਾ ਕੀ ਐ? ਚਾਰ ਦਿਨ ਬੱਕੜਵਾਹ ਕਰ ਕੇ ਹਟ ਜਾਣਗੇ - ਨਾਲੇ ਐਸ ਗੱਲ ਦਾ ਕਿਤੇ ਕਿਸੇ ਨੂੰ ਪਤਾ ਨ੍ਹੀਂ? ਹਕੀਕਤ ਸਾਰਾ ਜੱਗ ਜਾਣਦੈ!''

''ਇਹਨੇ ਸਹੁਰੇ ਨੇ ਸਾਰੀ ਉਮਰ ਕਦੇ ਸਿੱਧੀ ਨ੍ਹੀਂ ਵੱਢੀ - ਪੁੱਠਾ ਕੰਮ ਈ ਕੀਤੈ।'' ਬਾਪੂ ਕਹਿ ਰਿਹਾ ਸੀ।

''ਕੀ ਆਫ਼ਤ ਆ ਗਈ? ਹਰਖ ਦਾ ਮਾਰਿਆ ਧੀ ਪੁੱਤ ਨਰਕ ਪੈ ਜਾਂਦੈ - ਤੂੰ ਤਾਂ ਪੜਛੱਤੀ ਸਿਰ 'ਤੇ ਚੱਕਲੀਂ।'' ਬੇਬੇ ਆ ਗਈ ਸੀ।

ਰਾਤ ਨੂੰ ਸਾਰੇ ਰਿਸ਼ਤੇਦਾਰਾਂ ਨੇ ਬੈਠ ਕੇ ਸਲਾਹ ਕੀਤੀ। ਅੱਸੀ ਪ੍ਰਤੀਸ਼ਤ ਵੋਟਾਂ ਬਿੱਲੂ ਦੇ ਹੱਕ 'ਚ ਸਨ।

''ਚਲੋ - ਜੋ ਕਹਿੰਦੈ ਕਰ ਲਓ!'' ਤਕਰੀਬਨ ਸਾਰਿਆਂ ਨੇ ਹਾਂਮੀ ਭਰ ਦਿੱਤੀ।

''ਬੰਨ੍ਹ ਦਿਓ ਕੰਜਰ ਦੇ ਸਿਹਰੇ...!'' ਚਰਨਾ ਦਾਰੂ ਦੇ ਨਸ਼ੇ ਵਿੱਚ ਅੱਡੀ ਤੇ ਘੁਕਿਆ। ਬਾਘੀ ਪਾਈ।

''ਨੰਦ ਕਾਰਜ ਕਿੱਥੇ ਕਰਾਂਗੇ...?'' ਬਾਪੂ ਅੱਗੇ ਇਕ ਵੱਡੀ ਸਮੱਸਿਆ ਸੀ।

''ਗੁਰਦੁਆਰੇ ਹੀ ਕਰਵਾ ਦਿੰਨੇ ਐਂ।'' ਨਾਹਰ ਸਿੰਘ ਜਿਵੇਂ ਪਹਿਲਾਂ ਹੀ ਸੋਚੀ ਬੈਠਾ ਸੀ।

ਅਗਲੇ ਦਿਨ ਹੀ ਗੁਰਦੁਆਰਾ ਸਾਹਿਬ ਜਾ ਕੇ ਬਿੱਲੂ ਅਤੇ ਮੀਤੀ ਦਾ ਆਨੰਦ ਕਾਰਜ ਕਰਵਾ ਦਿੱਤਾ ਗਿਆ। ਭਟਕੀ ਹੋਈ ਜ਼ਿੰਦਗੀ ਦੀ ਭਟਕਣਾ ਗੁਰੂ ਘਰ ਆ ਕੇ ਖ਼ਤਮ ਹੋ ਗਈ। ਦਸੌਂਟਾ ਮੁੱਕ ਗਿਆ ਸੀ। ਜੀਵਨ ਵਿੱਚ ਗੁਲਜ਼ਾਰ ਆ ਗਈ ਸੀ।

ਸਾਰੀਆਂ ਰਸਮਾਂ ਪੂਰੀਆਂ ਹੋਣ ਉਪਰੰਤ ਅਰਦਾਸ ਕੀਤੀ ਗਈ। ਸੁਭਾਗੀ ਜੋੜੀ ਦੀ ਲੰਬੀ ਉਮਰ, ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਲਈ ਕਾਮਨਾਵਾਂ ਕੀਤੀਆਂ ਗਈਆਂ।

ਦੇਗ ਵਰਤ ਗਈ।

ਸ਼ਗਨ ਪੈ ਗਏ।

''ਬੋਲੋ ਸੋ ਨਿਹਾਲ.....!'' ਚਰਨੇ ਨੇ ਜੈਕਾਰਾ ਛੱਡਿਆ।

''ਸਤਿ ਸ੍ਰੀ ਅਕਾਲ......!!''

ਗੁਰਦੁਆਰਾ ਸਾਹਿਬ ਦੀ ਇਮਾਰਤ ਗੂੰਜ ਉੱਠੀ।

(ਸਮਾਪਤ)